Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



Gurjatinder S. Randhawa
REALTOR CA DRE licence # 01490567
916-320-9444

Vol. 18, Issue- 811, 18 to 24 July, 2024, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ 'ਤੇ ਦੁਬਾਰਾ ਹਮਲੇ ਦੀ ਸਾਜ਼ਿਸ਼?



**■ ਕਨਵੈਨਸ਼ਨ ਸੈਂਟਰ ਦੇ ਬਾਹਰ ਪੁਲਿਸ ਨੇ ਚਾਕੂ ਲਹਿਰਾਉਂਦਾ ਵਿਅਕਤੀ ਕੀਤਾ ਢੇਰ**

**ਮਿਲਵਾਕੀ, (ਪੰਜਾਬ ਮੇਲ)-** ਹਾਲ ਹੀ ਵਿਚ ਅਮਰੀਕਾ 'ਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਗੋਲੀ ਚਲਾਈ ਗਈ ਸੀ। ਇਸ ਤੋਂ ਬਾਅਦ ਟਰੰਪ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਹਿੱਸਾ ਲੈਣ ਲਈ ਮਿਲਵਾਕੀ ਗਏ ਹਨ। ਹੁਣ ਨੈਸ਼ਨਲ ਕਨਵੈਨਸ਼ਨ 'ਚ ਪੰਜ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

ਘਟਨਾ ਬਾਰੇ ਜਾਣਕਾਰੀ ਦਿੰਦਿਆਂ ਮਿਲਵਾਕੀ ਪੁਲਿਸ ਮੁਖੀ ਨੇ ਦੱਸਿਆ ਕਿ ਵਿਸਕਾਨਸਿਨ ਵਿਚ ਓਹਾਇਓ ਦੇ ਪੰਜ ਪੁਲਿਸ ਅਧਿਕਾਰੀਆਂ ਨੇ ਸੰਮੇਲਨ ਦੇ ਨੇੜੇ ਦੋਵੇਂ ਹੱਥਾਂ ਨਾਲ ਚਾਕੂ ਲਹਿਰਾਉਣ ਵਾਲੇ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਮਿਲਵਾਕੀ ਦੇ ਮੁਖੀ ਜੈਫਰੀ ਨੌਰਮਨ ਨੇ ਇੱਕ ਕਾਨਫਰੰਸ 'ਚ ਕਿਹਾ ਕਿ ਕੋਲੰਬਸ, ਓਹਾਇਓ ਪੁਲਿਸ ਵਿਭਾਗ ਦੇ ਮੈਂਬਰਾਂ ਦੁਆਰਾ ਗੋਲੀ ਮਾਰਨ ਵਾਲੇ ਵਿਅਕਤੀ ਦੇ ਦੋਵੇਂ ਹੱਥਾਂ ਵਿਚ ਚਾਕੂ ਸੀ ਅਤੇ ਉਸਨੇ ਪੁਲਿਸ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵਿਅਕਤੀ ਦੇ ਪਿੱਠ 'ਤੇ ਗੋਲੀ ਵੱਜੀ। ਚਸ਼ਮਦੀਦਾਂ ਨੇ ਦੱਸਿਆ ਕਿ ਇਹ ਵਿਅਕਤੀ ਬੇਘਰ ਸੀ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਕੁੱਲ 8 ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਗਈ।

ਤੁਹਾਨੂੰ ਦੱਸ ਦੇਈਏ ਕਿ ਸੰਮੇਲਨ ਵਿਚ ਹੀ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੇ ਨਾਮ ਨੂੰ ਅਧਿਕਾਰਤ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਸੀ। ਸੋਮਵਾਰ ਤੋਂ ਸ਼ੁਰੂ ਹੋਣ ਵਾਲੇ ਅਤੇ ਵੀਰਵਾਰ ਨੂੰ ਖਤਮ ਹੋਣ ਵਾਲੇ ਸੰਮੇਲਨ ਲਈ ਵਾਧੂ ਸੁਰੱਖਿਆ ਪ੍ਰਦਾਨ ਕਰਨ ਲਈ ਮਿਲਵਾਕੀ ਵਿਚ ਕਈ ਅਧਿਕਾਰ ਖੇਤਰਾਂ ਦੇ ਹਜ਼ਾਰਾਂ ਅਧਿਕਾਰੀ ਹਨ। ਗੋਲੀਬਾਰੀ ਨੇ ਵਸਨੀਕਾਂ ਵਿਚ ਗੁੱਸਾ ਪੈਦਾ ਕਰ ਦਿੱਤਾ ਹੈ, ਨਿਵਾਸੀਆਂ ਨੇ ਸਵਾਲ ਕੀਤਾ ਹੈ ਕਿ ਰਾਜ ਤੋਂ ਬਾਹਰ ਦੇ ਅਧਿਕਾਰੀ ਸੰਮੇਲਨ ਵਾਲੀ ਥਾਂ ਤੋਂ ਲਗਭਗ ਇੱਕ ਮੀਲ ਦੀ ਦੂਰੀ 'ਤੇ ਸਥਿਤ ਉਨ੍ਹਾਂ ਦੇ ਗੁਆਂਢ ਵਿਚ ਕਿਉਂ ਸਨ।

ਮਿਲਵਾਕੀ ਦੇ ਵਸਨੀਕ ਅਤੇ ਕਾਰਕੁਨ ਗੋਲੀਬਾਰੀ ਵਾਲੀ ਥਾਂ 'ਤੇ

■ ਬਾਕੀ ਖਬਰ ਸਫਾ 22 'ਤੇ

## ਰਿਪਬਲੀਕਨ ਪਾਰਟੀ ਵੱਲੋਂ ਰਸਮੀ ਤੌਰ 'ਤੇ ਡੋਨਲਡ ਟਰੰਪ ਚੋਣਾਂ ਲਈ ਉਮੀਦਵਾਰ ਨਾਮਜ਼ਦ

**■ ਜੇ.ਡੀ. ਵੈਂਸ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਹੋਣਗੇ ਉਮੀਦਵਾਰ**



**ਮਿਲਵਾਕੀ, (ਹੁਸਨ ਲੜੋਆ ਬੰਗਾ/ਰਾਜ ਗੋਗਨਾ/ਪੰਜਾਬ ਮੇਲ)-** ਰਿਪਬਲੀਕਨ ਪਾਰਟੀ ਨੇ ਨਵੰਬਰ 2024 ਵਿਚ ਹੋ ਰਹੀਆਂ ਆਮ ਚੋਣਾਂ ਲਈ ਰਸਮੀ ਤੌਰ 'ਤੇ ਆਪਣੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੀ ਮਿਲਵਾਕੀ (ਵਿਸਕਾਨਸਿਨ) ਵਿਚ ਹੋਈ ਰਾਸ਼ਟਰੀ ਕਨਵੈਨਸ਼ਨ 'ਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਸਮੀ ਤੌਰ 'ਤੇ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਨਾਮਜ਼ਦ ਕਰ ਦਿੱਤਾ ਗਿਆ ਹੈ। ਜਦਕਿ ਓਹਾਇਓ ਰਾਜ ਦੇ ਸੈਨੇਟਰ ਜੇ.ਡੀ. ਵੈਂਸ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ।

ਡੋਨਾਲਡ ਟਰੰਪ ਉਪਰ ਪੈਨਸਿਲਵੇਨੀਆ ਰਾਜ ਵਿਖੇ ਰੈਲੀ ਦੌਰਾਨ ਹੋਏ ਹਮਲੇ ਦੇ ਦੋ ਦਿਨਾਂ ਬਾਅਦ ਪਾਰਟੀ ਵੱਲੋਂ ਉਨ੍ਹਾਂ ਦੀ ਰਸਮੀ ਤੌਰ 'ਤੇ ਉਮੀਦਵਾਰ ਵਜੋਂ ਚੋਣ ਕੀਤੀ ਗਈ ਹੈ।

ਇਸ ਕਾਨਫਰੰਸ ਦੌਰਾਨ ਜੇ.ਡੀ. ਵੈਂਸ ਦਾ ਨਾਂ ਉਪ ਰਾਸ਼ਟਰਪਤੀ ਵਜੋਂ ਨਾਮਜ਼ਦ ਕੀਤਾ ਗਿਆ। ਸਮੁੱਚੇ ਡੈਲੀਗੇਟਾਂ ਨੇ ਇਕਸੁਰ ਹੋ ਕੇ ਜੇ.ਡੀ. ਵੈਂਸ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਹਾਮੀ ਭਰ ਦਿੱਤੀ। ਜੇ.ਡੀ. ਵੈਂਸ ਓਹਾਇਓ ਤੋਂ 2022 'ਚ ਸੈਨੇਟਰ ਚੁਣਿਆ ਗਿਆ ਸੀ ਅਤੇ ਉਸ ਨੇ 3 ਜਨਵਰੀ 2023 ਨੂੰ ਆਪਣੇ ਅਹੁਦੇ ਦੀ ਸਹੁੰ ਚੁੱਕੀ ਸੀ।

39 ਸਾਲਾ ਜੇ.ਡੀ. ਵੈਂਸ ਦੀ ਪਤਨੀ ਊਸ਼ਾ ਚਿਲੂਕੁਰੀ ਭਾਰਤ ਦੇ ਆਂਧਰਾ ਪ੍ਰਦੇਸ਼ ਪ੍ਰਾਂਤ ਨਾਲ ਸੰਬੰਧ ਰੱਖਦੀ ਹੈ, ਜਿਸ ਦੇ ਮਾਂ-ਬਾਪ ਲੰਮਾ ਸਮਾਂ ਪਹਿਲਾਂ ਅਮਰੀਕਾ ਆਏ ਸਨ। ਊਸ਼ਾ ਦਾ ਜਨਮ ਅਮਰੀਕਾ ਵਿਚ ਹੀ ਹੋਇਆ ਸੀ। ਉਸ ਨੇ ਯੂਨੀਵਰਸਿਟੀ ਵਿਚ ਅਮਰੀਕੀ ਇਤਿਹਾਸ ਪੜ੍ਹਾਇਆ ਹੈ। ਇਸ ਜੋੜੀ ਦਾ ਵਿਆਹ 2014 'ਚ ਹਿੰਦੂ ਰੀਤੀ-ਰਿਵਾਜ਼ਾਂ ਨਾਲ ਹੋਇਆ ਸੀ ਅਤੇ ਇਨ੍ਹਾਂ ਦੇ ਤਿੰਨ ਬੱਚੇ ਹਨ। ਊਸ਼ਾ ਦਾ ਕਹਿਣਾ ਹੈ ਕਿ ਮੇਰਾ ਪਤੀ ਕਾਫੀ ਮਿਹਨਤੀ ਹੈ। ਊਸ਼ਾ ਰਾਜਨੀਤੀ 'ਚ ਵੀ ਜੇ.ਡੀ. ਵੈਂਸ ਨਾਲ ਦੇਖੀ ਜਾਂਦੀ ਰਹੀ ਹੈ।

## ਪੰਜਾਬ 'ਚ ਜਲਦ ਹੋ ਸਕਦੀਆਂ ਨੇ ਨਿਗਮ ਚੋਣਾਂ

**■ ਸਤੰਬਰ ਦੇ ਅੱਧ ਜਾਂ ਅੰਤ ਤੱਕ ਚੋਣਾਂ ਹੋ ਸਕਦੀਆਂ ਹਨ**

**■ ਚੋਣ ਕਮਿਸ਼ਨ ਨੂੰ ਸੂਬਾ ਸਰਕਾਰ ਤੋਂ ਹਰੀ ਝੰਡੀ ਦੀ ਉਡੀਕ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਜਲਦੀ ਹੀ ਨਗਰ ਨਿਗਮ, ਨਗਰ ਕੌਂਸਲ ਅਤੇ ਪੰਚਾਇਤਾਂ ਦੀਆਂ ਚੋਣਾਂ ਹੋ ਸਕਦੀਆਂ ਹਨ। ਇਸ ਸਬੰਧੀ ਪੰਜਾਬ ਸਰਕਾਰ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਨਿਗਮ ਚੋਣਾਂ ਦੇ ਸੱਦੇ ਦਰਮਿਆਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੀ ਸਰਗਰਮ ਨਜ਼ਰ ਆ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਸਤੰਬਰ ਦੇ ਅੱਧ ਜਾਂ ਅੰਤ ਤੱਕ ਚੋਣਾਂ ਹੋ ਸਕਦੀਆਂ ਹਨ। ਇਸ ਦੇ ਨਾਲ ਹੀ ਰਾਜ ਚੋਣ ਕਮਿਸ਼ਨ ਵੀ ਚੋਣਾਂ ਲਈ ਤਿਆਰ ਹੈ। ਕਮਿਸ਼ਨ ਸਿਰਫ਼ ਸੂਬਾ ਸਰਕਾਰ ਤੋਂ ਹਰੀ ਝੰਡੀ ਦੀ ਉਡੀਕ ਕਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਚਾਰ ਵਿਧਾਨ ਸਭਾਵਾਂ ਦੀਆਂ ਉਪ ਚੋਣਾਂ ਤੋਂ ਪਹਿਲਾਂ ਹੀ ਨਗਰ ਨਿਗਮ ਅਤੇ ਪੰਚਾਇਤੀ ਚੋਣਾਂ ਵੀ ਕਰਵਾ ਸਕਦੀ ਹੈ। ਦੱਸ ਦੇਈਏ ਕਿ ਸੂਬੇ ਵਿਚ ਅੰਮ੍ਰਿਤਸਰ, ਜਲੰਧਰ, ਪਟਿਆਲਾ, ਫਗਵਾੜਾ ਅਤੇ ਲੁਧਿਆਣਾ ਨਗਰ ਨਿਗਮ ਦੀਆਂ ਚੋਣਾਂ ਪਿਛਲੇ ਸਾਲ ਤੋਂ ਲਟਕ ਰਹੀਆਂ ਹਨ। ਇਸ ਦੇ ਨਾਲ ਹੀ 42 ਨਗਰ ਕੌਂਸਲਾਂ ਅਤੇ 7 ਨਗਰ ਕੌਂਸਲਾਂ ਦੀਆਂ ਉਪ ਚੋਣਾਂ ਪੈਂਡਿੰਗ ਹਨ। ਫਗਵਾੜਾ ਨਗਰ ਨਿਗਮ ਦਾ ਕਾਰਜਕਾਲ ਕਾਫੀ ਸਮਾਂ ਪਹਿਲਾਂ ਖਤਮ ਹੋ ਗਿਆ ਸੀ। ਜਦੋਂਕਿ ਬਾਕੀ ਚਾਰ ਨਗਰ ਨਿਗਮਾਂ ਦਾ ਕਾਰਜਕਾਲ ਪਿਛਲੇ ਸਾਲ ਹੀ ਖਤਮ ਹੋ ਗਿਆ ਸੀ। ਇਸ ਦੇ ਨਾਲ ਹੀ ਰਾਜ ਦੀਆਂ 13,241 ਪੰਚਾਇਤਾਂ ਦਾ ਕਾਰਜਕਾਲ ਜਨਵਰੀ ਮਹੀਨੇ ਖਤਮ ਹੋ ਗਿਆ ਸੀ। ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਵਿਭਾਗ ਦੀ ਹੈ। ਜਦੋਂਕਿ ਪੰਚਾਇਤੀ ਚੋਣਾਂ ਲਈ ਹਰੀ ਝੰਡੀ ਦਿਹਾਤੀ ਵਿਭਾਗ ਵੱਲੋਂ ਦਿੱਤੀ ਗਈ ਹੈ।

■ ਬਾਕੀ ਖਬਰ ਸਫਾ 22 'ਤੇ

## ਰਿਪਬਲਿਕਨ ਪਾਰਟੀ ਦੀ ਆਗੂ ਹਰਮੀਤ ਢਿੱਲੋਂ ਨੇ ਕਨਵੈਨਸ਼ਨ ਦੌਰਾਨ ਕੀਤੀ 'ਅਰਦਾਸ'



**ਨਵੀਂ ਦਿੱਲੀ, (ਪੰਜਾਬ ਮੇਲ)-** ਰਿਪਬਲਿਕਨ ਪਾਰਟੀ ਦੀ ਆਗੂ ਤੇ ਸਿਵਲ ਰਾਈਟਸ ਬਾਰੇ ਅਟਾਰਨੀ ਹਰਮੀਤ ਢਿੱਲੋਂ ਨੇ ਮਿਲਵਾਕੀ ਵਿਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਮੌਜੂਦਗੀ ਵਿਚ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਵਿਚ 'ਅਰਦਾਸ' ਕੀਤੀ। ਉਨ੍ਹਾਂ ਸਿੱਖਾਂ ਦੀ ਧਾਰਮਿਕ ਰਸਮ ਅਦਾ ਕਰਦਿਆਂ ਕਿਹਾ ਕਿ ਇੱਕ ਸਿੱਖ ਪ੍ਰਵਾਸੀ ਪਰਿਵਾਰ ਦੀ ਮੈਂਬਰ ਹੋਣ ਦੇ ਨਾਤੇ ਉਸ ਨੂੰ ਸਤਿਕਾਰ ਦੀ ਨਿਸ਼ਾਨੀ ਵਜੋਂ ਅਰਦਾਸ ਕਰਨ ਸਮੇਂ ਸਿਰ ਢਕਣ ਦੀ ਪ੍ਰਥਾ ਦੀ ਪਾਲਣਾ ਕਰਨੀ ਚਾਹੀਦੀ ਹੈ। ਦੱਸਣਾ ਬਣਦਾ ਹੈ ਕਿ ਉਹ ਪਹਿਲਾਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਵਾਈਸ ਚੇਅਰ ਵਿਮੈਨ ਵਜੋਂ ਕੰਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਅਰਦਾਸ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ, ਜੋ ਆਮ ਤੌਰ 'ਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਵੱਲੋਂ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਜਾਂਦੀ ਹੈ। ਇਹ ਪ੍ਰਮਾਤਮਾ ਦਾ ਧੰਨਵਾਦ ਕਰਨ ਅਤੇ ਸਾਰਿਆਂ ਲਈ ਨਿਮਰਤਾ, ਸੱਚਾਈ ਅਤੇ ਨਿਆਂ ਵਰਗੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਵਿਚ ਮਦਦ ਕਰਨ ਦੀ ਮੰਗ ਕਰਨ ਲਈ ਕੀਤੀ ਜਾਂਦੀ ਹੈ।

## ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਦਲਜੀਤ ਦੋਸਾਂਝ ਦੇ ਸ਼ੋਅ 'ਚ ਪਹੁੰਚੇ



**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਲਜੀਤ ਦੋਸਾਂਝ ਦੇ ਸ਼ੋਅ ਵਿਚ ਅਚਾਨਕ ਹਾਜ਼ਰੀ ਭਰ ਕੇ ਆਮ ਲੋਕਾਂ ਨੂੰ ਹੈਰਾਨ ਕਰ ਦਿੱਤਾ। ਸਟੇਜ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਦਲਜੀਤ ਦੋਸਾਂਝ ਨੇ ਗਲਵਕੜੀ ਪਾ ਕੇ ਮੁਲਾਕਾਤ ਕੀਤੀ। ਰੋਜਰਸ ਸੈਂਟਰ ਵਿਖੇ ਹੋਇਆ ਦਲਜੀਤ ਦੋਸਾਂਝ ਦਾ ਇਹ ਸ਼ੋਅ ਨੱਕੋ-ਨੱਕ ਭਰਿਆ ਹੋਇਆ ਸੀ। 50 ਹਜ਼ਾਰ ਦੇ ਕਰੀਬ ਲੋਕ ਇਸ ਹਾਲ ਵਿਚ ਹਾਜ਼ਰ ਸਨ। ਜਸਟਿਨ ਟਰੂਡੋ ਨੇ ਆਪਣੇ ਐਕਸ ਅਕਾਊਂਟ 'ਤੇ ਵੀ ਇਸ ਮੁਲਾਕਾਤ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ। ਸਿੱਖ ਭਾਈਚਾਰੇ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਇਕ ਵਿਕਸਿਤ ਦੇਸ਼ ਦਾ ਪ੍ਰਧਾਨ ਮੰਤਰੀ ਦਸਤਾਰਧਾਰੀ ਪੰਜਾਬੀ ਕਲਾਕਾਰ ਨੂੰ ਸ਼ੁੱਭ ਕਾਮਨਾਵਾਂ ਦੇਣ ਲਈ ਜਾਂਦਾ ਹੈ।

## ਕੈਨੇਡਾ 'ਚ ਨਵੇਂ ਪ੍ਰਵਾਸੀਆਂ ਨੂੰ ਬੇਰੁਜ਼ਗਾਰੀ ਤੋਂ ਬਾਅਦ ਇੱਕ ਹੋਰ ਚੁਣੌਤੀ ਦਾ ਸਾਹਮਣਾ

**■ ਲਗਾਤਾਰ ਵੱਧਦਾ ਜਾ ਰਿਹੈ ਰਿਹਾਇਸ਼ੀ ਸੰਕਟ ਦਾ ਮੁੱਦਾ**



**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਵਿਚ ਭਾਰਤੀਆਂ ਵਿਰੁੱਧ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਾ ਮੁੱਦਾ ਲਗਾਤਾਰ ਵਧਦਾ ਜਾ ਰਿਹਾ ਹੈ। ਤੀਜੀ ਵੱਡੀ ਚੁਣੌਤੀ ਰਿਹਾਇਸ਼ੀ ਸੰਕਟ ਹੈ। ਜਿਵੇਂ-ਜਿਵੇਂ ਇੱਥੇ ਨਵੇਂ ਪ੍ਰਵਾਸੀਆਂ ਦੀ ਗਿਣਤੀ ਵਧ ਰਹੀ ਹੈ, ਉੱਥੇ ਲੋਕਾਂ ਨੂੰ ਨੌਕਰੀਆਂ ਵੀ ਨਹੀਂ ਮਿਲ ਰਹੀਆਂ ਹਨ। ਕੈਨੇਡਾ ਵਿਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਰਮਿਆਨ ਪਿਛਲੇ ਪੰਜ ਸਾਲਾਂ ਤੋਂ ਇੱਥੇ ਬੇਰੁਜ਼ਗਾਰੀ ਦੀ ਦਰ ਵਧਦੀ ਜਾ ਰਹੀ ਹੈ ਅਤੇ ਹੁਣ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਜੇਕਰ ਕੋਈ ਨਵਾਂ ਪ੍ਰਵਾਸੀ ਆਇਆ ਅਤੇ ਉੱਥੇ ਸੈਟਲ ਹੋ ਜਾਂਦਾ ਹੈ। ਜੇਕਰ ਅਜਿਹਾ ਕੀਤਾ ਜਾਂਦਾ ਹੈ, ਤਾਂ ਉਸ ਲਈ ਨੌਕਰੀ ਲੱਭਣਾ ਔਖਾ ਹੋ ਜਾਵੇਗਾ। ਇੰਨਾ ਹੀ ਨਹੀਂ, ਉਸ ਨੂੰ ਇੱਥੇ ਸੈਟਲ ਹੋਣ ਦੀ ਗੱਲ ਵੀ ਟਾਲਣੀ ਪਵੇਗੀ ਕਿਉਂਕਿ ਇਕ ਪਾਸੇ ਕਰਜ਼ਾ ਚੁਕਾਉਣ ਦੀ ਟੈਨਸ਼ਨ ਅਤੇ ਦੂਜੇ ਪਾਸੇ ਜੇਕਰ ਸਟੱਡੀ ਵੀਜ਼ਾ ਖਤਮ ਹੋ ਜਾਂਦਾ ਹੈ ਅਤੇ ਇੱਥੇ ਨੌਕਰੀ ਨਹੀਂ ਮਿਲਦੀ, ਤਾਂ ਕੈਨੇਡਾ ਵਿਚ ਉਸ ਦਾ ਅਗਲਾ ਭਵਿੱਖ ਕਿ ਹੋਵੇਗਾ। ਕੈਨੇਡਾ ਦੀ ਸਰਕਾਰੀ ਡਾਟਾ ਏਜੰਸੀ ਨੇ ਨੋਟ ਕੀਤਾ ਹੈ ਕਿ ਪ੍ਰਵਾਸੀਆਂ ਵਿਚ ਬੇਰੁਜ਼ਗਾਰੀ ਦੀ ਦਰ 12.6 ਪ੍ਰਤੀਸ਼ਤ ਤੋਂ ਵੱਧ ਗਈ ਹੈ ਅਤੇ

■ ਬਾਕੀ ਖਬਰ ਸਫਾ 22 'ਤੇ

# ਸ਼੍ਰੋਮਣੀ ਲੋਕ ਗਾਇਕ ਸਵ. ਸੁਰਿੰਦਰ ਸ਼ਿੰਦਾ ਦੀ ਪਹਿਲੀ ਬਰਸੀ ਮੌਕੇ ਸੰਗੀਤ ਪ੍ਰੇਮੀਆਂ ਵੱਲੋਂ ਸ਼ਰਧਾਂਜ਼ਲੀਆਂ ਭੇਟ

**ਲੁਧਿਆਣਾ, (ਸਰਬਜੀਤ ਵਿਰਦੀ/ਪੰਜਾਬ ਮੇਲ)**- ਪੰਜਾਬੀ ਦੇ ਵਿਸ਼ਵ ਪ੍ਰਸਿੱਧ ਲੋਕ ਗਾਇਕ ਸਵ. ਸੁਰਿੰਦਰ ਸ਼ਿੰਦਾ ਜੀ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ 14 ਜੁਲਾਈ, 2024 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸੰਗੀਤ ਦੇ ਖੇਤਰ ਨਾਲ ਜੁੜੀਆਂ ਸ਼ਖਸੀਅਤਾਂ ਨੇ ਪਹੁੰਚ ਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਭਾਈ ਦਿਲਬਾਗ ਸਿੰਘ ਜੀ ਗੁਰੂ ਕੀ ਕਾਸ਼ੀ ਵਾਲਿਆਂ ਦੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਵ. ਸੁਰਿੰਦਰ ਸ਼ਿੰਦਾ ਜੀ ਦੇ ਬੇਟੇ ਮਨਿੰਦਰ ਸ਼ਿੰਦਾ, ਸਿਮਰਨ ਸ਼ਿੰਦਾ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਜੋਗਿੰਦਰ ਕੌਰ ਨੂੰ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਸਟੇਜ ਦਾ ਸੰਚਾਲਨ ਕਰਦੇ ਹੋਏ ਪ੍ਰਸਿੱਧ ਲੇਖਕ ਸਰਬਜੀਤ ਸਿੰਘ ਵਿਰਦੀ ਨੇ ਸਵ. ਸੁਰਿੰਦਰ ਸ਼ਿੰਦਾ ਜੀ



ਦੇ ਜੀਵਨ ਅਤੇ ਸੰਗੀਤਕ ਸਫ਼ਰ ’ਤੇ ਵਿਸਥਾਰਪੂਰਵਕ ਢੰਗ ਨਾਲ ਚਾਨਣਾ ਪਾਇਆ। ਇਸ ਮੌਕੇ ਸਵ. ਸੁਰਿੰਦਰ ਸ਼ਿੰਦਾ ਜੀ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਵਾਲੀਆਂ ਸ਼ਖਸੀਅਤਾਂ ਵਿਚ ਜਨਾਬ ਮੁਹੰਮਦ ਸਦੀਕ (ਸਾਬਕਾ ਮੈਂਬਰ ਪਾਰਲੀਮੈਂਟ) ਨੇ ਕਿਹਾ ਕਿ ਸਵ. ਸੁਰਿੰਦਰ ਸ਼ਿੰਦਾ ਪੰਜਾਬੀ ਦੇ ਨਾਮਵਰ ਲੋਕ ਗਾਇਕ ਅਤੇ ਅਦਾਕਾਰ ਹੋਣ ਦੇ ਨਾਲ-ਨਾਲ ਇਕ ਚੱਲਦੀ-ਫਿਰਦੀ ਸੰਗੀਤਕ ਯੂਨੀਵਰਸਿਟੀ ਸਨ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਭੇਜੇ ਸ਼ੋਕ ਸੰਦੇਸ਼ ਰਾਹੀਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਮਾਗਮ ਦੌਰਾਨ ਜਨਾਬ ਹੰਸ ਰਾਜ ਹੰਸ (ਸਾਬਕਾ ਮੈਂਬਰ ਪਾਰਲੀਮੈਂਟ), ਫਿਲਮੀ ਅਦਾਕਾਰ ਹੌਬੀ ਧਾਲੀਵਾਲ, ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ, ਹਰਦੇਵ ਮਾਹੀਨੰਗਲ, ਗੀਤਕਾਰ ਬਚਨ ਬੇਦਿਲ, ਭਿੰਦਰ ਡੱਬਵਾਲੀ, ਤੇਜਵੰਤ ਕਿੱਟੂ, ਯੁੱਧਵੀਰ ਮਾਣਕ, ਭੱਟੀ ਭੜੀ ਵਾਲਾ, ਅਮਰੀਕ ਸਿੰਘ ਤਲਵੰਡੀ, ਜਸਮੇਰ ਸਿੰਘ ਢੱਟ, ਵਰਿੰਦਰ ਸਿੰਘ ਨਿਰਮਾਣ, ਅਸ਼ਵਨੀ ਵਰਮਾ, ਰਜਿੰਦਰ ਮਲਹਾਰ, ਇੰਦੀ ਬਿਲਿੰਗ, ਗੋਲਡੀ ਚੌਹਾਨ, ਕਰਮਜੀਤ ਭੁੱਟਾ, ਅਮਰਜੀਤ ਸ਼ੇਰਪੁਰੀ, ਬਲਵੀਰ ਮਾਨ, ਬੌਬੀ ਬਾਜਵਾ, ਮਨਜਿੰਦਰ ਤਨੇਜਾ, ਹਰਦੀਪ ਕੌਸ਼ਲ ਮੱਲਾ, ਮਹਿੰਦਰ ਸਿੰਘ ਸੇਠੀ, ਜਗਦੇਵ ਸਿੰਘ ਸਰਾਂ, ਬੀ.ਐੱਸ. ਪਰਵਾਨਾ, ਦਿਲਬਾਗ ਹੁੰਦਲ, ਨਰਿੰਦਰ ਨੂਰ, ਪ੍ਰਿੰਸ ਵਰਮਾ, ਗੁਰਮੀਤ ਬੜੂੰਦੀ, ਕੌਰ ਬਿੱਲੋ, ਮਨੀ ਸੰਧੂ, ਮੰਗਾ ਜੀ, ਕਾਲਾ ਜੀ, ਸੁਖਬੀਰ ਸੰਧੇ, ਜੱਗਾ ਸੂਰਤੀਆਂ, ਸੁਰਜੀਤ ਜੱਗਾ ਸਮੇਤ ਕਈ ਕਲਾਕਾਰਾਂ, ਗੀਤਕਾਰਾਂ ਅਤੇ ਕਲਾ ਪ੍ਰੇਮੀਆਂ ਨੇ ਹਾਜ਼ਰੀ ਭਰਕੇ ਆਪਣੇ ਮਹਿਬੂਬ ਗਾਇਕ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਅਖੀਰ ਵਿਚ ਪਰਿਵਾਰ ਵੱਲੋਂ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਗਿਆ।

## ਟਰੰਪ ’ਤੇ ਹਮਲਾ ‘ਲੋਨ ਵੁਲਫ ਅਟੈਕ’: ਐੱਫ.ਬੀ.ਆਈ.


**ਮਿਲਵਾਕੀ, (ਪੰਜਾਬ ਮੇਲ)** - ਅਮਰੀਕਾ ’ਚ ਸੰਘੀ ਜਾਂਚ ਬਿਊਰੋ (ਐੱਫ.ਬੀ.ਆਈ.) ਨੇ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੈਨਸਿਲਵੇਨੀਆ ਵਿਚ ਇਕ ਚੋਣ ਰੈਲੀ ਦੌਰਾਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਗੋਲੀ ਚਲਾਉਣ ਵਾਲੇ ਨੌਜਵਾਨ ਨੇ ਇਕੱਲੇ ਹੀ ਇਸ ਘਟਨਾ ਨੂੰ ਅੰਜਾਮ ਦਿੱਤਾ।

ਐੱਫ.ਬੀ.ਆਈ. ਇਸ ਘਟਨਾ ਦੀ ਜਾਂਚ ‘ਘਰੇਲੂ ਅੱਤਵਾਦ’ ਦੇ ਪਹਿਲੂ ਵਜੋਂ ਵੀ ਕਰ ਰਹੀ ਹੈ। ਬੰਦੂਕਧਾਰੀ ਦੀ ਪਛਾਣ ਥਾਮਸ ਮੈਥਿਊ ਕਰੂਕਸ (20) ਵਜੋਂ ਹੋਈ ਹੈ। ਐੱਫ.ਬੀ.ਆਈ. ਦਾ ਕਹਿਣਾ ਹੈ ਕਿ ਇਹ ‘ਲੋਨ ਵੁਲਫ ਅਟੈਕ’ (ਲੁੱਕ ਕੇ ਵਾਰ ਕਰਨ) ਵਾਂਗ ਹੈ।

ਐੱਫ.ਬੀ.ਆਈ. ਦੀ ਰਾਸ਼ਟਰੀ ਸੁਰੱਖਿਆ ਡਿਵੀਜ਼ਨ ਦੇ ਕਾਰਜਕਾਰੀ ਸਹਾਇਕ ਨਿਰਦੇਸ਼ਕ ਰਾਬਰਟ ਵੇਲਜ਼ ਨੇ ਕਿਹਾ ਕਿ ਜਾਂਚ ’ਚ ਇਸ ਪੜਾਅ ਨਾਲ ਇਹ ਜਾਪਦਾ ਹੈ ਕਿ ਉਸਨੇ ਇਕੱਲੇ ਘਟਨਾ ਨੂੰ ਅੰਜਾਮ ਦਿੱਤਾ। ਪੈਨਸਿਲਵੇਨੀਆ ’ਚ ਇਕ ਰੈਲੀ ਦੌਰਾਨ ਸ਼ਨੀਵਾਰ ਨੂੰ ਟਰੰਪ ਦੇ ਸੱਜੇ ਕੰਨ ਉੱਪਰ ਗੋਲੀ ਲੱਗੀ ਸੀ। ਉਹ ਹੁਣ ਠੀਕ ਹੈ ਅਤੇ ਉਨ੍ਹਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਐੱਫ.ਬੀ.ਆਈ. ਡਾਇਰੈਕਟਰ ਕ੍ਰਿਸਟੋਫਰ ਵੇਅ ਨੇ ਕਿਹਾ ਕਿ ਹਮਲਾਵਰ ਬੇਸ਼ੱਕ ਮਾਰਿਆ ਗਿਆ ਹੈ ਪਰ ਜਾਂਚ ਜਾਰੀ ਹੈ। ਐੱਫ.ਬੀ.ਆਈ. ਰਿਪੋਰਟ ਮੁਤਾਬਕ ਹਮਲਾਵਰ ਨੇ 5.56 ਐੱਮ.ਐੱਮ. ਦੀ ਏ.ਆਰ.-ਸ਼ੈਲੀ ਦੀ ਰਾਈਫਲ ਦੀ ਵਰਤੋਂ ਕੀਤੀ। ਕਰੂਕਸ ਨੇ 2 ਮਹੀਨੇ ਪਹਿਲਾਂ ਐਲੀਗਨੀ ਕਾਊਂਟੀ ਦੇ ਕਮਿਊਨਿਟੀ ਕਾਲਜ ਤੋਂ ਇੰਜੀਨੀਅਰਿੰਗ ਵਿਗਿਆਨ ਵਿਚ ਐਸੋਸੀਏਟ ਦੀ ਡਿਗਰੀ ਦੇ ਨਾਲ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ ਸੀ।

## ਟਰੰਪ ਰੈਲੀ ਦੇ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਲਈ 4 ਮਿਲੀਅਨ ਡਾਲਰ ਦੀ ਰਾਸ਼ੀ ਇਕੱਠੀ ਹੋਈ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਨਸਿਲਵੇਨੀਆ ਸੂਬੇ ਦੀ ਇੱਕ ਰੈਲੀ ਵਿਚ ਹੋਏ ਦਰਦਨਾਕ ਹੱਤਿਆ ਦੀ ਕੋਸ਼ਿਸ਼ ਤੋਂ ਪ੍ਰਭਾਵਿਤ ਸਮਰਥਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਦਾਨ ਇਕੱਠਾ ਕਰਨ ਲਈ ਇੱਕ ਖਾਤੇ ਨੂੰ ਮਨਜ਼ੂਰੀ ਦੇ ਦਿੱਤੀ ਸੀ। ਜਿਨ੍ਹਾਂ ਵਿਚ ਇਸ ਸਮਾਗਮ ’ਚ ਜ਼ਖਮੀ ਅਤੇ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਅਤੇ ਠੀਕ ਹੋਣ ਵਾਲਿਆਂ ਨੂੰ ਫੰਡ ਦਿੱਤੇ ਜਾਣਗੇ। ਇਸ ਹਾਈ-ਪ੍ਰੋਫਾਈਲ ਫੰਡਰੇਜ਼ਰ ਨੇ ਹਮਲੇ ਦੇ ਪੀੜਤਾਂ ਲਈ ਪਹਿਲਾਂ ਹੀ ਲਗਭਗ 4 ਮਿਲੀਅਨ ਡਾਲਰ ਦੇ ਕਰੀਬ ਇਕੱਠੇ ਕੀਤੇ ਹਨ, ਜਿਨ੍ਹਾਂ ਵਿਚ ਪ੍ਰਸਿੱਧ ਦਾਨੀਆਂ ਵਿਚ ਡਾਨਾ ਵ੍ਹਾਈਟ ਅਤੇ ਕਿਡ ਰੌਕ ਦੇ ਨਾਂ ਵਿਸ਼ੇਸ਼ ਤੌਰ ’ਤੇ ਸ਼ਾਮਲ ਹਨ। ਇਸ ਫੰਡਰੇਜ਼ਰ ਦਾ ਆਯੋਜਨ ਟਰੰਪ ਦੇ ਚੋਟੀ ਦੇ ਵਿੱਤ ਵਿਅਕਤੀ ਮੈਰੀਡੀਥ ਓ. ਰੂਰਕੇ ਦੁਆਰਾ ਕੀਤਾ ਗਿਆ ਸੀ ਅਤੇ ਇਸ ਦਾ ਉਦੇਸ਼ ਘਟਨਾ ਵਿਚ “ਜ਼ਖਮੀ ਜਾਂ ਮਾਰੇ ਗਏ” ਲੋਕਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨਾ ਹੈ, ਜਿਸ ਵਿਚ ਅਸਲ ਟੀਚਾ 1 ਮਿਲੀਅਨ ਡਾਲਰ ਦਾ ਸੀ, ਪਰ 52,000 ਤੋਂ ਵੱਧ ਦਾਨੀਆਂ ਤੋਂ ਇਲਾਵਾ ਕੁੱਲ 4 ਮਿਲੀਅਨ ਡਾਲਰ ਤੋਂ ਵੱਧ ਇਕੱਠੇ ਕੀਤੇ ਗਏ ਹਨ। ਇਸ ਰੈਲੀ ਵਿਚ ਇੱਕ ਵਿਅਕਤੀ, ਕੋਰੀ ਕੰਪੇਰੇਟੋਰ, ਇੱਕ ਫਾਇਰਫਾਈਟਰ ਅਤੇ ਟਰੰਪ ਸਮਰਥਕ ਦੀ ਮੌਤ ਹੋ ਗਈ ਸੀ ਅਤੇ



ਦੋ ਹੋਰ ਲੋਕ ਗੰਭੀਰ ਰੂਪ ’ਚ ਜ਼ਖਮੀ ਹੋ ਗਏ ਸਨ, ਜਿਨ੍ਹਾਂ ਦੀ ਉਮਰ ਕਰੀਬ 57 ਅਤੇ 74 ਸਾਲ ਦੇ ਕਰੀਬ ਹੈ। ਇਹ ਦੋ ਜ਼ਖਮੀ ਵਿਅਕਤੀਆਂ ਦੀ ਹਾਲਤ ਹੁਣ ਸਥਿਰ ਹੈ ਅਤੇ ਖ਼ਤਰੇ ਤੋਂ ਬਾਹਰ ਹੈ। ਦੱਸਣਯੋਗ ਹੈ ਕਿ ਬੀਤੇ ਦਿਨੀਂ ਇੱਕ ਬੰਦੂਕਧਾਰੀ ਨੇ ਛੱਤ ਤੋਂ ਏ.ਆਰ.-15 ਸਟਾਈਲ ਰਾਈਫਲ ਦੇ ਨਾਲ ਗੋਲੀਬਾਰੀ ਕੀਤੀ ਸੀ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਜੇ ਕੰਨ ’ਤੇ ਗੋਲੀ ਲੱਗਣ ਕਾਰਨ ਉਹ ਜ਼ਖਮੀ ਹੋਣ ਤੋਂ ਬਾਅਦ ਠੀਕ ਹੋ ਰਹੇ ਹਨ।

ਇਸ ਚੋਟੀ ਦੇ ਦਾਨ ਕਰਨ ਵਾਲਿਆਂ ਵਿਚ ਹੈਰੀਟੇਜ ਫਾਊਂਡੇਸ਼ਨ, ਅਮਰੀਕਨ ਹਾਰਟਫੋਰਡ ਗੋਲਡ, ਯੂ.ਐੱਫ.ਸੀ. ਸੀ.ਈ.ਓ. ਡਾਨਾ ਵ੍ਹਾਈਟ, ਅਤੇ ਗਾਇਕ ਕਿਡ ਰੌਕ ਸਮੇਤ ਹਰੇਕ ਤੋਂ 50,000 ਡਾਲਰ ਦੀ ਰਾਸ਼ੀ ਸ਼ਾਮਲ ਹੈ। ਹੋਰ ਮਹੱਤਵਪੂਰਨ ਯੋਗਦਾਨਾਂ ਵਿਚ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਤੋਂ 30,000 ਹਜ਼ਾਰ ਸਕਾਰਮੁਚੀ ਪਰਿਵਾਰ ਤੋਂ 25,000 ਹਜ਼ਾਰ ਅਤੇ ਬੇਨ ਸ਼ਾਪੀਰੋ ਤੋਂ 15,000 ਹਜ਼ਾਰ ਡਾਲਰ ਦੀ ਰਾਸ਼ੀ ਵੀ ਸ਼ਾਮਲ ਹੈ।

## ਅਲਾਬਾਮਾ ’ਚ ਇਕ ਨਾਈਟ ਕਲੱਬ ’ਚ ਹੋਈ ਗੋਲੀਬਾਰੀ ਦੌਰਾਨ 4 ਮੌਤਾਂ; 9 ਹੋਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ’ਚ ਬੰਦੂਕ ਸੱਭਿਆਚਾਰ ਨੇ ਸਮਾਜਿਕ ਤਾਣੇ-ਬਾਣੇ ਉਪਰ ਬਹੁਤ ਮਾੜਾ ਪ੍ਰਭਾਵ ਪਾਇਆ ਹੈ। ਆਏ ਦਿਨ ਗੋਲੀਬਾਰੀ ਹੋਣ ਤੇ ਲੋਕਾਂ ਦੇ ਮਾਰੇ ਜਾਣ ਜਾਂ ਜ਼ਖਮੀ ਹੋਣ ਦੀਆਂ ਘਟਨਾਵਾਂ ਤੋਂ ਆਮ ਵਿਅਕਤੀ ਦੁੱਖੀ ਹੈ ਪਰ ਉਸ ਕੋਲ ਇਸ ਮਸਲੇ ਦਾ ਹੱਲ ਨਹੀਂ ਹੈ। “ਗੰਨ ਵਾਇਲੈਂਸ ਆਰਕੀਵ” ਦੇ ਅੰਕੜਿਆਂ ਅਨੁਸਾਰ 2024 ’ਚ ਹੁਣ ਤੱਕ ਅਮਰੀਕਾ ਵਿਚ ਸਮੂਹਿਕ ਗੋਲੀਬਾਰੀ ਦੀਆਂ 293 ਘਟਨਾਵਾਂ ਹੋ ਚੁੱਕੀਆਂ ਹਨ।

**ਅਲਾਬਾਮਾ ਵਿਚ ਗੋਲੀਬਾਰੀ:-** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਉਪਰ ਹੋਏ ਹਮਲੇ ਦੇ ਕੁਝ ਘੰਟਿਆਂ ਬਾਅਦ ਹੀ ਰਾਤ 11 ਵਜੇ ਦੇ ਕਰੀਬ ਅਲਾਬਾਮਾ ਰਾਜ ’ਚ ਬਰਮਿੰਘਮ ਵਿਖੇ ਇਕ ਨਾਈਟ ਕਲੱਬ ’ਚ ਹੋਈ ਅੰਧਾਧੁੰਦ ਗੋਲੀਬਾਰੀ ’ਚ ਘੱਟੋ-ਘੱਟ 4 ਲੋਕਾਂ ਦੇ ਮਾਰੇ ਜਾਣ ’ਤੇ 9 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜਾਂਚਕਾਰਾਂ ਦਾ ਵਿਸ਼ਵਾਸ

■ **ਨਿੱਤ ਦਿਨ ਹੋ ਰਹੀ ਗੋਲੀਬਾਰੀ ਤੋਂ ਆਮ ਵਿਅਕਤੀ ਹੋਇਆ ਦੁਖੀ**



ਅਲਾਬਾਮਾ ਰਾਜ ’ਚ ਇਕ ਨਾਈਟ ਕਲੱਬ ’ਚ ਹੋਈ ਗੋਲਬਾਰੀ ਉਪਰੰਤ ਮੌਕੇ ’ਤੇ ਪੁੱਜੀ ਪੁਲਿਸ।

ਹੈ ਕਿ ਗੋਲੀਬਾਰੀ ਵਿਚ ਇਕ ਵਿਅਕਤੀ ਸ਼ਾਮਲ ਹੈ, ਜਿਸ ਨੇ 27ਵੀਂ ਸਟਰੀਟ ਨਾਰਥ ’ਤੇ ਸਥਿਤ ਨਾਈਟ ਕਲੱਬ ਵਿਚ ਬਾਹਰੋਂ ਸੜਕ ਤੋਂ ਗੋਲੀਬਾਰੀ ਕੀਤੀ। ਬਰਮਿੰਘਮ ਪੁਲਿਸ ਅਫਸਰ ਟਰਮੈਨ ਫਿਟਜ਼ਗੇਰਾਲਡ ਨੇ ਇਕ ਵੀਡੀਓ ਬਿਆਨ ’ਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਨ੍ਹਾਂ ਨੂੰ ਬਹੁਤ ਸਾਰੇ ਲੋਕ ਜ਼ਖਮੀ ਹਾਲਤ ਵਿਚ ਮਿਲੇ। ਪੁਲਿਸ ਅਨੁਸਾਰ 2 ਔਰਤਾਂ ਨਾਈਟ ਕਲੱਬ ਦੇ ਅੰਦਰ ਤੇ ਇਕ ਵਿਅਕਤੀ ਘਟਨਾ ਸਥਾਨ ਦੇ ਨਾਲ ਬਾਹਰਵਾਰ ਜ਼ਖਮੀ ਹਾਲਤ ਵਿਚ ਮਿਲੇ, ਜਿਨ੍ਹਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦਕਿ ਇਕ ਹੋਰ ਵਿਅਕਤੀ ਹਸਪਤਾਲ ਜਾ ਕੇ ਦਮ ਤੋੜ ਗਿਆ। ਪੁਲਿਸ ਅਨੁਸਾਰ ਗੋਲੀਬਾਰੀ ’ਚ ਜ਼ਖਮੀ ਹੋਏ 9 ਵਿਅਕਤੀਆਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਅਜੇ ਤੱਕ ਇਸ ਘਟਨਾ ਸਬੰਧੀ ਕਿਸੇ ਨੂੰ ਹਿਰਾਸਤ ’ਚ ਨਹੀਂ ਲਿਆ ਗਿਆ ਹੈ ਤੇ ਨਾ ਹੀ ਕਿਸੇ ਸ਼ੱਕੀ ਦੋਸ਼ੀ ਦੀ ਪਛਾਣ ਹੋਈ ਹੈ। ਫਿਟਜ਼ਗੇਰਾਲਡ ਨੇ ਕਿਹਾ ਹੈ ਕਿ ਜਾਂਚਕਾਰ ਇਹ ਪਤਾ ਲਾਉਣ ਦਾ ਯਤਨ ਕਰ ਰਹੇ ਹਨ ਕਿ ਗੋਲੀ ਚੱਲਣ ਪਿੱਛੇ ਕਾਰਨ ਕੀ ਸੀ? ਉਨ੍ਹਾਂ ਕਿਹਾ ਕਿ ਇਸ ਸਬੰਧੀ ਮੌਕੇ ਦੇ ਗਵਾਹਾਂ ਤੇ ਆਸ-ਪਾਸ ਦੇ ਲੋਕਾਂ ਕੋਲੋਂ ਮਦਦ ਲਈ ਜਾ ਰਹੀ ਹੈ ਤੇ ਸੰਘੀ ਅਧਿਕਾਰੀ ਮੌਕੇ ਉਪਰ ਤਾਇਨਾਤ ਹਨ, ਜੋ ਜਾਂਚ ਵਿਚ ਬਰਮਿੰਘਮ ਪੁਲਿਸ ਅਫਸਰਾਂ ਦੀ ਮਦਦ ਕਰ ਰਹੇ ਹਨ।

## ਫਲੋਰਿਡਾ ਅਦਾਲਤ ਵੱਲੋਂ ਟਰੰਪ ਖਿਲਾਫ ਗੁਪਤ ਦਸਤਾਵੇਜ਼ਾਂ ਦਾ ਮਾਮਲਾ ਰੱਦ

**ਫਲੋਰਿਡਾ, (ਪੰਜਾਬ ਮੇਲ)** - ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਗੁਪਤ ਦਸਤਾਵੇਜ਼ ਰੱਖਣ ਦੇ ਮਾਮਲੇ ’ਚ ਵੱਡੀ ਰਾਹਤ ਮਿਲੀ ਹੈ। ਤੁਹਾਨੂੰ ਦੱਸ ਦੇਈਏ ਕਿ ਫਲੋਰਿਡਾ ਦੀ ਇਕ ਅਦਾਲਤ ਨੇ ਸੋਮਵਾਰ ਨੂੰ ਡੋਨਾਲਡ ਟਰੰਪ ਦੇ ਖਿਲਾਫ ਅਪਰਾਧਿਕ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ।

■ **ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਟਰੰਪ ਦੀ ਵੱਡੀ ਕਾਨੂੰਨੀ ਜਿੱਤ**

■ **ਟਰੰਪ ਦੇ ਵਕੀਲਾਂ ਨੇ ਅਟਾਰਨੀ ਜਨਰਲ ਦੇ ਫੈਸਲੇ ਨੂੰ ਦਿੱਤੀ ਸੀ ਚੁਣੌਤੀ**

ਇਸ ਕੇਸ ਵਿਚ ਜੱਜ ਆਇਲੀਨ ਕੈਨਨ ਨੇ ਫੈਸਲਾ ਸੁਣਾਇਆ ਕਿ ਵਿਸ਼ੇਸ਼ ਵਕੀਲ ਜੈਕ ਸਮਿਥ, ਜੋ ਕਿ ਇਸਤਗਾਸਾ ਦੀ ਅਗਵਾਈ ਕਰ ਰਿਹਾ ਸੀ, ਨੂੰ ਗੈਰਕਾਨੂੰਨੀ ਢੰਗ ਨਾਲ ਨਿਯੁਕਤ ਕੀਤਾ ਗਿਆ ਸੀ। ਵਿਸ਼ੇਸ਼ ਵਕੀਲ ਜੈਕ ਸਮਿਥ ਕੋਲ ਕੇਸ ਨੂੰ ਅਦਾਲਤ ਵਿਚ ਲਿਜਾਣ ਦਾ ਅਧਿਕਾਰ ਨਹੀਂ ਸੀ। ਤੁਹਾਨੂੰ ਦੱਸ ਦੇਈਏ ਕਿ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੇ ਵਕੀਲਾਂ ਨੇ ਜਾਂਚ ਦੀ ਅਗਵਾਈ ਕਰਨ ਲਈ ਜੈਕ ਸਮਿਥ ਨੂੰ ਨਿਯੁਕਤ ਕਰਨ ਦੇ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਦੇ 2022 ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਹਾਲਾਂਕਿ, ਸਰਕਾਰੀ ਵਕੀਲ ਇਸ ਫੈਸਲੇ ’ਤੇ ਅਪੀਲ ਕਰ ਸਕਦੇ ਹਨ।

ਦਰਅਸਲ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਅਹੁਦੇ ’ਤੇ ਰਹਿੰਦਿਆਂ ਆਪਣੀ ਨਿੱਜੀ ਰਿਹਾਇਸ਼ ਮਾਰ ਏ ਲਾਗੋ ’ਚ ਗੈਰ-ਕਾਨੂੰਨੀ ਤਰੀਕੇ ਨਾਲ ਕਈ ਗੁਪਤ ਦਸਤਾਵੇਜ਼ ਰੱਖੇ ਸਨ। ਜਦੋਂ ਐੱਫ.ਬੀ.ਆਈ. ਏਜੰਟ ਉਨ੍ਹਾਂ ਗੁਪਤ ਦਸਤਾਵੇਜ਼ਾਂ ਨੂੰ ਵਾਪਸ ਲੈਣ ਗਏ, ਤਾਂ ਉਨ੍ਹਾਂ ਨੇ ਉਸ ’ਤੇ ਸਰਕਾਰੀ ਕੰਮ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਗਾਇਆ। ਇਸ ਤੋਂ ਬਾਅਦ ਡੋਨਾਲਡ ਟਰੰਪ ਨੇ ਇਹ ਦਸਤਾਵੇਜ਼ ਵਾਪਸ ਕਰ ਦਿੱਤੇ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਊਂਟੀ ਵਿਚ 783 ਏਕੜ ਖੇਤੀਬਾੜੀ ਦੀ ਜ਼ਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:


Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com


VALLEJO TEEYAN
VALLEJO TEEYAN
MELA 2024
Sunday, July 21st, 2024 from 12-6pm
Hosted By
Asha Sharma
Organizer
Sunita Verma
Only for Ladies and Children
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.
Come and enjoy a day filled with entertainment and festiveties, including Punjabi Folk songs and dances, Gidha, Boliyan and much more...
Copyright@Punjab Mail USA
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com


"Let us make your event a dream come true"
Flamingo
Banquet Hall & Catering
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
"Let us make your event a dream come true"
Pardeep - Paul
(510) 325-8433


Din D Sharma
REAL ESTATE
D D Sharma
Real Estate Consultant
DRE #01744678
707-365-9385(cell)
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
Residential, Loan Mod, Short Sale & Commercial Real Estate


GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823

# ਐੱਫ.ਬੀ.ਆਈ. ਵੱਲੋਂ ਸਾਬਕਾ ਰਾਸ਼ਟਰਪਤੀ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੀ ਪੁਸ਼ਟੀ

**ਵਾਸ਼ਿੰਗਟਨ, (ਪੰਜਾਬ ਮੇਲ)-** ਐੱਫ.ਬੀ.ਆਈ. ਅਧਿਕਾਰੀਆਂ ਦਾ ਕਹਿਣਾ ਹੈ ਕਿ ਬਟਲਰ, ਪੈਨਸਿਲਵੇਨੀਆ 'ਚ ਡੋਨਾਲਡ ਟਰੰਪ ਦੀ ਰੈਲੀ 'ਚ ਹੋਈ ਗੋਲੀਬਾਰੀ ਦੀ ਸਾਬਕਾ ਰਾਸ਼ਟਰਪਤੀ ਅਤੇ ਸੰਭਾਵੀ ਰਿਪਬਲਿਕਨ ਉਮੀਦਵਾਰ ਦੀ ਹੱਤਿਆ ਦੀ ਕੋਸ਼ਿਸ਼ ਵਜੋਂ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਐੱਫ.ਬੀ.ਆਈ. ਨੇ ਵੀ ਗੋਲੀ ਚਲਾਉਣ ਵਾਲੇ ਬਾਰੇ ਜਾਣਕਾਰੀ ਦਿੱਤੀ ਹੈ। ਐੱਫ.ਬੀ.ਆਈ. ਨੇ ਸਾਬਕਾ ਰਾਸ਼ਟਰਪਤੀ 'ਤੇ ਹਮਲਾ ਕਰਨ ਵਾਲੇ ਹਮਲਾਵਰ ਦੀ ਪਛਾਣ ਪੈਨਸਿਲਵੇਨੀਆ ਦੇ 20 ਸਾਲਾ ਥਾਮਸ ਮੈਥਿਊ ਕਰੂਕ ਵਜੋਂ ਕੀਤੀ ਹੈ। ਇੱਕ ਸ਼ੂਟਰ ਮਾਰਿਆ ਗਿਆ ਅਤੇ

### ▪ ਸ਼ੂਟਰ ਦੀ ਕੀਤੀ ਪਛਾਣ

ਇੱਕ ਹੋਰ ਹਾਜ਼ਰ ਵਿਅਕਤੀ ਮਾਰਿਆ ਗਿਆ। ਇਸ ਦੇ ਨਾਲ ਹੀ ਰੈਲੀ ਵਿਚ ਮੌਜੂਦ ਦੋ ਹਾਜ਼ਰ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਟਰੰਪ ਦਾ ਕਹਿਣਾ ਹੈ ਕਿ ਉਹ ਸਟੇਜ ਤੋਂ ਹਟਣ ਤੋਂ ਬਾਅਦ "ਠੀਕ" ਹੈ ਅਤੇ ਇੱਕ ਸਥਾਨਕ ਮੈਡੀਕਲ ਹਸਪਤਾਲ ਵਿਚ ਉਸਦੀ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਇਸ ਸਾਲ ਦੇ ਅੰਤ 'ਚ ਰਾਸ਼ਟਰਪਤੀ ਚੋਣਾਂ ਹੋਣ ਵਾਲੀਆਂ ਹਨ। ਰਿਪਬਲਿਕਨ ਅਤੇ ਡੈਮੋਕਰੇਟ ਕੈਂਪਾਂ ਦੇ ਆਗੂ ਆਪਣੀ ਪੂਰੀ ਤਾਕਤ ਇਸ ਮੁਹਿੰਮ ਵਿਚ ਲਗਾ ਰਹੇ ਹਨ। ਇਸ ਦੌਰਾਨ ਰਿਪਬਲਿਕਨ ਨੇਤਾ ਡੋਨਾਲਡ ਟਰੰਪ 'ਤੇ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਇਸ ਹਮਲੇ 'ਚ ਗੋਲੀ ਟਰੰਪ ਦੇ ਕੰਨ ਨੂੰ ਛੂਹ ਕੇ ਬਾਹਰ ਨਿਕਲ ਗਈ। ਫਿਲਹਾਲ ਟਰੰਪ ਸੁਰੱਖਿਅਤ ਹਨ। ਇੱਕ ਨਿਸ਼ਾਨੇਬਾਜ਼ ਜਿਸ ਨੇ ਕਥਿਤ ਤੌਰ 'ਤੇ ਹਮਲਾ ਕੀਤਾ ਸੀ, ਨੂੰ ਸੀਕਰੇਟ ਸਰਵਿਸ ਨੇ ਮੌਕੇ 'ਤੇ ਹੀ ਮਾਰ ਦਿੱਤਾ ਸੀ। ਰੈਲੀ ਵਿਚ ਮੌਜੂਦ ਇੱਕ ਹੋਰ ਵਿਅਕਤੀ ਦੀ ਵੀ ਮੌਤ ਹੋ ਗਈ ਹੈ। ਇਸ ਦੌਰਾਨ, ਜੋਅ ਬਾਇਡਨ ਨੇ ਟਰੰਪ ਨਾਲ ਗੱਲ ਕੀਤੀ ਹੈ। ਇਸ ਦੇ ਨਾਲ ਹੀ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

# ਟਰੰਪ 'ਤੇ ਜਾਨਲੇਵਾ ਹਮਲੇ ਦੀ ਬਾਇਡਨ, ਓਬਾਮਾ, ਕਲਿੰਟਨ, ਜਾਰਜ ਡਬਲਯੂ ਬੁਸ਼ ਵੱਲੋਂ ਨਿੰਦਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀਆਂ ਬਰਾਕ ਓਬਾਮਾ, ਜਾਰਜ ਡਬਲਯੂ ਬੁਸ਼ ਅਤੇ ਬਿਲ ਕਲਿੰਟਨ ਨੇ ਪੈਨਸਿਲਵੇਨੀਆ ਵਿਚ ਇੱਕ ਚੋਣ ਰੈਲੀ ਵਿਚ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਅਮਰੀਕਾ ਵਿਚ ਹਿੰਸਾ ਦੀ ਕੋਈ ਲੋੜ ਨਹੀਂ ਹੈ। ਟਰੰਪ 'ਤੇ ਹਮਲੇ ਦੀ ਘਟਨਾ ਤੋਂ ਲਗਭਗ ਦੋ ਘੰਟੇ ਬਾਅਦ ਬਾਇਡਨ ਨੇ ਰਾਸ਼ਟਰ ਨੂੰ ਸੰਬੋਧਿਤ ਕੀਤਾ ਅਤੇ ਕਿਹਾ, "ਅਸੀਂ ਅਜਿਹਾ ਨਹੀਂ ਹੋਣ ਦੇ ਸਕਦੇ।" ਅਮਰੀਕਾ ਵਿਚ ਇਸ ਤਰ੍ਹਾਂ ਦੀ ਹਿੰਸਾ ਪਹਿਲਾਂ ਕਦੇ ਨਹੀਂ ਸੁਣੀ ਗਈ ਸੀ। ਰਿਪਬਲਿਕਨ ਅਤੇ ਡੈਮੋਕ੍ਰੇਟਿਕ ਨੇਤਾਵਾਂ ਨੇ ਟਰੰਪ 'ਤੇ ਹਮਲੇ ਦੀ ਨਿੰਦਾ ਕੀਤੀ ਹੈ। ਘਟਨਾ ਤੋਂ ਬਾਅਦ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ, ਬਾਇਡਨ ਨੇ ਡੇਲਾਵੇਅਰ ਵਿਚ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨੂੰ ਕਿਹਾ, "ਦੇਖੋ, ਅਮਰੀਕਾ ਵਿਚ ਇਸ ਤਰ੍ਹਾਂ ਦੀ ਹਿੰਸਾ ਦੀ ਕੋਈ ਥਾਂ ਨਹੀਂ ਹੈ। ਇਹ ਘਿਣਾਉਣੀ ਹੈ। ਇਹ ਦਰਸਾਉਂਦਾ ਹੈ ਕਿ ਸਾਨੂੰ ਇਸ ਦੇਸ਼ ਨੂੰ ਇਕਜੁੱਟ ਰੱਖਣ ਦੀ ਕਿਉਂ ਲੋੜ ਹੈ। ਅਸੀਂ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।" ਸਾਬਕਾ ਰਾਸ਼ਟਰਪਤੀ ਓਬਾਮਾ ਨੇ ਵੀ ਹਮਲੇ ਦੀ ਨਿੰਦਾ ਕੀਤੀ ਅਤੇ ਟਰੰਪ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਓਬਾਮਾ ਨੇ ਕਿਹਾ, "ਸਾਡੇ ਲੋਕਤੰਤਰ ਵਿਚ ਸਿਆਸੀ ਹਿੰਸਾ ਦੀ ਕੋਈ ਥਾਂ ਨਹੀਂ ਹੈ। ਹਾਲਾਂਕਿ ਸਾਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਅਸਲ ਵਿਚ ਕੀ ਹੋਇਆ ਸੀ, ਪਰ ਸਾਨੂੰ ਰਾਹਤ ਮਿਲੀ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਗੰਭੀਰ ਰੂਪ ਵਿਚ ਜ਼ਖਮੀ ਨਹੀਂ ਹੋਏ ਸਨ। ਮਿਸ਼ੇਲ ਅਤੇ ਮੈਂ ਉਨਾਂ ਦੇ ਜਲਦੀ ਠੀਕ ਹੋਣ ਲਈ ਪ੍ਰਾਰਥਨਾ ਕਰ ਰਹੇ ਹਾਂ।

## ਟਰੰਪ ਨੂੰ 8 ਮਹੀਨਿਆਂ 'ਚ ਦੋ ਵਾਰ ਮਾਰਨ ਦੀ ਕੀਤੀ ਗਈ ਕੋਸ਼ਿਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਐਲੋਨ ਮਸਕ ਨੇ ਐਤਵਾਰ ਨੂੰ ਕਿਹਾ ਕਿ ਪਿਛਲੇ ਅੱਠ ਮਹੀਨਿਆਂ 'ਚ ਉਨ੍ਹਾਂ 'ਤੇ ਦੋ ਵਾਰ ਹਮਲੇ ਹੋਏ ਹਨ। ਮਸਕ ਨੇ ਆਪਣੇ ਸੋਸ਼ਲ ਮੀਡੀਆ 'ਤੇ ਕਿਹਾ ਕਿ "ਆਉਣ ਵਾਲਾ ਸਮਾਂ ਖ਼ਤਰਨਾਕ ਹੈ।" ਦੋ ਲੋਕ (ਵੱਖ-ਵੱਖ ਮੌਕਿਆਂ 'ਤੇ) ਪਹਿਲਾਂ ਹੀ ਮੈਨੂੰ ਮਾਰਨ ਦੀ ਕੋਸ਼ਿਸ਼ ਕਰ ਚੁੱਕੇ ਹਨ। ਉਨ੍ਹਾਂ ਨੂੰ ਟੈਕਸਾਸ ਵਿਚ ਟੇਸਲਾ ਹੈੱਡਕੁਆਰਟਰ ਤੋਂ 20 ਮਿੰਟ ਦੀ ਦੂਰੀ 'ਤੇ ਬੰਦੂਕਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਐਲੋਨ ਮਸਕ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹੋਏ ਕਤਲ ਦੀ ਕੋਸ਼ਿਸ਼ ਦੀ ਸਖਤ ਨਿੰਦਾ ਕੀਤੀ ਅਤੇ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ।

# ਰਿਪਬਲਿਕਨ ਪਾਰਟੀ ਦਾ ਰਜਿਸਟਰਡ ਵੋਟਰ ਸੀ ਟਰੰਪ 'ਤੇ ਹਮਲਾ ਕਰਨ ਵਾਲਾ ਸ਼ੂਟਰ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਕਰਨ ਵਾਲਾ ਸ਼ੂਟਰ ਥੌਮਸ ਮੈਥਿਊ ਕਰੁਕਸ ਰਿਪਬਲਿਕਨ ਪਾਰਟੀ ਦਾ ਰਜਿਸਟਰਡ ਵੋਟਰ ਸੀ, ਜਿਸ ਨੇ ਨਵੰਬਰ ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਪਹਿਲੀ ਵਾਰ ਵੋਟ ਪਾਉਣੀ ਸੀ। ਉਹ ਪਿਟਸਬਰਗ ਦੇ ਨੀਮ ਸ਼ਹਿਰੀ ਬੈਥਲ ਪਾਰਕ ਵਿਚ ਰਹਿੰਦਾ ਸੀ, ਜੋ ਟਰੰਪ ਦੀ ਚੋਣ ਰੈਲੀ ਵਾਲੀ ਥਾਂ ਤੋਂ ਦੱਖਣ ਵੱਲ 56 ਕਿਲੋਮੀਟਰ ਦੀ ਦੂਰੀ 'ਤੇ ਹੈ। ਸੀ.ਐੱਨ.ਐੱਨ. ਨੇ ਆਪਣੀ ਇਕ ਰਿਪੋਰਟ ਵਿਚ ਕਈ ਕਾਨੂੰਨ




ਏਜੰਸੀਆਂ ਵਿਚਲੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਸ਼ੂਟਰ ਦੀ ਕਾਰ ਤੇ ਉਸ ਦੀ ਰਿਹਾਇਸ਼ 'ਚੋਂ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ ਹੈ। ਉਸ ਨੇ 2022 'ਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ। ਸਥਾਨਕ ਸੁਰੱਖਿਆ ਕਰਮੀਆਂ ਨੇ ਕਰੁਕਸ ਨੂੰ ਰੈਲੀ ਦੇ ਬਾਹਰ ਦੇਖਿਆ ਸੀ।

# ਟਰੰਪ 'ਤੇ ਹਮਲਾ: ਸਮਰਥਕਾਂ ਨੇ ਜੋਅ ਬਾਇਡਨ 'ਤੇ ਲਾਏ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਪੈਨਸਿਲਵੇਨੀਆ ਵਿਖੇ ਹੋਈ ਇਕ ਚੋਣ ਰੈਲੀ 'ਚ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਕਰਨ ਵਾਲੇ ਹਮਲਾਵਰ ਥਾਮਸ ਮੈਥਿਊ ਕਰੂਕਸ ਦੀ ਗੱਡੀ ਅਤੇ ਘਰ 'ਚੋਂ ਬੰਬ ਬਣਾਉਣ ਵਾਲੀ ਸਮੱਗਰੀ ਮਿਲੀ ਹੈ।

ਇਸ ਦੌਰਾਨ ਰਿਪਬਲਿਕਨ ਨੇਤਾਵਾਂ ਨੇ ਟਰੰਪ 'ਤੇ ਹੋਈ ਹੱਤਿਆ ਦੀ ਕੋਸ਼ਿਸ਼ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ 'ਤੇ ਦੋਸ਼ ਲਾਏ। ਰਿਪਬਲਿਕਨ ਸੀਨੇਟਰ ਜੇ.ਡੀ. ਵੇਂਸ ਨੇ 'ਐਕਸ' 'ਤੇ ਕਿਹਾ, "ਬਾਇਡਨ ਦੀ ਪ੍ਰਚਾਰ ਮੁਹਿੰਮ ਦਾ ਮੁੱਖ ਆਧਾਰ ਇਹ ਹੈ ਕਿ ਸਾਬਕਾ

### ▪ ਕਿਹਾ: ਇਹ ਸਿੱਧੇ ਤੌਰ 'ਤੇ ਕਤਲ ਦੀ ਕੋਸ਼ਿਸ਼




ਰਾਸ਼ਟਰਪਤੀ ਡੋਨਾਲਡ ਟਰੰਪ ਇਕ ਤਾਨਾਸ਼ਾਹੀ ਫਾਸੀਵਾਦੀ ਹਨ, ਜਿਨ੍ਹਾਂ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਇਸ ਬਿਆਨਬਾਜ਼ੀ ਦੇ ਕਾਰਨ ਸਿੱਧੇ ਤੌਰ 'ਤੇ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਕੀਤੀ ਗਈ।"

ਇਸ ਤੋਂ ਇਲਾਵਾ ਰਿਪਬਲਿਕਨ ਨੇਤਾ ਅਤੇ ਸੰਸਦ ਮੈਂਬਰ ਮਾਰਜੋਰੀ ਟੇਲਰ ਗ੍ਰੀਨ ਨੇ ਦੋਸ਼ ਲਾਇਆ ਕਿ ਡੈਮੋਕ੍ਰਟਸ ਚਾਹੁੰਦੇ ਹਨ ਕਿ ਟਰੰਪ ਅਤੇ ਉਨ੍ਹਾਂ ਦੇ ਸਮਰਥਕ ਮਰ ਜਾਣ। ਉਨ੍ਹਾਂ ਕਿਹਾ ਕਿ ਜੋਅ ਬਾਇਡਨ ਨੇ ਦਾਨੀਆਂ ਨੂੰ ਕਿਹਾ ਸੀ ਕਿ ਟਰੰਪ ਨੂੰ ਨਿਸ਼ਾਨਾ ਬਣਾਉਣ ਦਾ ਸਮਾਂ ਆ ਗਿਆ ਹੈ ਅਤੇ ਬਿਲਕੁਲ ਅਜਿਹਾ ਹੀ ਹੋਇਆ।

**ਟਰੰਪ 'ਤੇ ਖੁਦ 'ਤੇ ਹਮਲਾ ਕਰਵਾਉਣ ਦਾ ਵੀ ਦੋਸ਼ :** ਇਕ ਪਾਸੇ ਟਰੰਪ ਦੀ ਪਾਰਟੀ ਬਾਇਡਨ ਅਤੇ ਡੈਮੋਕ੍ਰੇਟਸ 'ਤੇ ਹਮਲਾ ਕਰਵਾਉਣ ਦਾ ਦੋਸ਼ ਲਾ ਰਹੀ ਹੈ ਤੇ ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਕਈ ਲੋਕਾਂ ਦਾ ਕਹਿਣਾ ਹੈ ਕਿ ਇਹ ਹਮਲਾ ਖੁਦ ਟਰੰਪ ਨੇ ਕਰਵਾਇਆ ਹੈ, ਤਾਂ ਕਿ ਉਹ ਰਾਸ਼ਟਰਪਤੀ ਚੋਣਾਂ 'ਚ ਜਿੱਤ ਜਾਣ।



# ਕੈਨੇਡਾ 'ਚ ਹਾਦਸੇ ਦਾ ਕਾਰਨ ਬਣੇ ਭਾਰਤੀ ਟਰੱਕ ਡਰਾਈਵਰ ਵੱਲੋਂ ਪੀ.ਆਰ. ਦਰਜੇ ਦੀ ਵਾਪਸੀ ਲਈ ਅਰਜ਼ੀ

ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)- 2018 'ਚ ਇੱਕ ਭਾਰਤੀ ਟਰੱਕ ਡਰਾਈਵਰ ਵੱਲੋਂ ਕੈਨੇਡਾ 'ਚ ਇੱਕ ਗੰਭੀਰ ਹਾਦਸਾ ਵਾਪਰਿਆ ਸੀ, ਜਿਸ ਵਿਚ ਜਸਕੀਰਤ ਸਿੰਘ ਸਿੱਧੂ ਨਾਂ ਦੇ ਡਰਾਈਵਰ ਨੇ ਆਪਣੇ ਟਰੱਕ ਨੂੰ ਬੱਸ ਨਾਲ ਟਕਰਾ ਦਿੱਤਾ, ਜਿਸ ਵਿਚ 16 ਲੋਕਾਂ ਦੀ ਮੌਤ ਹੋ ਗਈ, ਜਦਕਿ 13 ਜ਼ਖ਼ਮੀ ਹੋ ਗਏ। ਇਸ ਬੱਸ ਵਿਚ ਇੱਕ ਹਾਕੀ ਕਲੱਬ ਦੇ ਜ਼ਿਆਦਾਤਰ ਖਿਡਾਰੀ ਸਵਾਰ ਸਨ। ਬਾਅਦ ਵਿਚ ਸਿੱਧੂ ਨੂੰ ਅੱਠ ਸਾਲ ਦੀ ਸਜ਼ਾ ਸੁਣਾਈ ਗਈ ਸੀ। ਹੁਣ ਹਾਦਸਾਗ੍ਰਸਤ ਟਰੱਕ ਡਰਾਈਵਰ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨ ਲਈ ਅਰਜ਼ੀ ਦਿੱਤੀ ਹੈ। ਇੰਮੀਗ੍ਰੇਸ਼ਨ ਅਤੇ ਰਫਿਊਜ਼ੀ ਬੋਰਡ ਨੇ ਮਈ ਵਿਚ ਜਸਕੀਰਤ ਸਿੰਘ ਸਿੱਧੂ ਲਈ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਸਨ



ਅਤੇ ਉਨ੍ਹਾਂ ਦਾ ਸਥਾਈ ਨਿਵਾਸੀ ਦਰਜਾ ਰੱਦ ਕਰ ਦਿੱਤਾ ਸੀ। ਟਰੱਕ ਡਰਾਈਵਰ ਸਿੱਧੂ ਭਾਰਤੀ ਹੈ, ਜੋ 2014 'ਚ ਕੈਨੇਡਾ ਆਇਆ ਸੀ। ਕੈਲਗਰੀ, ਕੈਨੇਡਾ 'ਚ ਰਹਿਣ ਵਾਲਾ ਜਸਕੀਰਤ ਸਿੱਧੂ ਕੈਨੇਡਾ 'ਚ ਟਰੱਕ ਚਲਾਉਂਦਾ ਸੀ। 2018 ਵਿਚ ਸਿੱਧੂ ਨੇ ਇੱਕ ਸਟਾਪ ਸਾਈਨ ਤੋਂ ਲੰਘਦੇ ਹੋਏ ਜੂਨੀਅਰ ਹਾਕੀ ਟੀਮ ਦੀ ਬੱਸ ਦੇ ਨਾਲ ਦੁਰਘਟਨਾ ਕੀਤੀ ਸੀ। ਉਸ ਨੂੰ ਪਿਛਲੇ ਸਾਲ ਪੂਰੀ ਪੈਰੋਲ ਮਿਲੀ ਸੀ। ਸਿੱਧੂ ਦੇ ਵਕੀਲ ਮਾਈਕਲ ਗ੍ਰੀਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੁਵੱਕਿਲ ਨੇ ਮਨੁੱਖੀ ਆਧਾਰ 'ਤੇ ਸਥਾਈ ਨਿਵਾਸੀ ਦੇ ਦਰਜੇ ਲਈ ਅਰਜ਼ੀ ਦਿੱਤੀ ਹੈ ਅਤੇ ਅਰਜ਼ੀ ਦੀ ਪ੍ਰਕਿਰਿਆ ਵਿਚ ਦੋ ਸਾਲ ਲੱਗ ਸਕਦੇ ਹਨ। ਉਹ ਕੈਨੇਡਾ ਵਿਚ ਆਪਣੇ ਪਰਿਵਾਰ ਦੇ ਨਾਲ ਸਹੀ ਢੰਗ ਨਾਲ ਸਥਾਪਿਤ ਹੈ। ਉਸ ਦਾ ਪਰਿਵਾਰ ਅਤੇ ਸਮਾਜ ਨਾਲ ਇੱਥੇ ਮਜ਼ਬੂਤ ਰਿਸ਼ਤਾ ਹੈ। ਸਿੱਧੂ ਅਤੇ ਉਨ੍ਹਾਂ ਦੀ ਪਤਨੀ ਦਾ ਇੱਕ ਸਾਲ ਦਾ ਬੱਚਾ ਹੈ, ਜੋ ਦਿਲ ਅਤੇ ਫੇਫੜਿਆਂ ਦੀਆਂ ਗੰਭੀਰ ਸਮੱਸਿਆਵਾਂ ਤੋਂ ਪੀੜਤ ਹੈ। ਉਨ੍ਹਾਂ ਦੇ ਬੱਚੇ ਦੀ ਗੰਭੀਰ ਸਮੱਸਿਆ ਦੇ ਮੱਦੇਨਜ਼ਰ ਉਨ੍ਹਾਂ ਲਈ ਭਾਰਤ ਵਿਚ ਰਹਿਣਾ ਬਹੁਤ ਮੁਸ਼ਕਲ ਹੋਵੇਗਾ। ਸਿੱਧੂ ਕਾਰਨ ਵਾਪਰੇ ਗੰਭੀਰ ਹਾਦਸਿਆਂ ਵਿਚ ਮਾਰੇ ਗਏ ਲੋਕਾਂ ਦੇ ਕੈਲਗਰੀ ਦੇ ਸੰਸਦ ਮੈਂਬਰ ਜਾਰਜ ਚਾਹਲ ਨੇ ਵੀ ਸਿੱਧੂ ਨੂੰ ਡਿਪੋਰਟ ਨਾ ਕਰਨ ਦੀ ਵਕਾਲਤ ਕਰ ਰਹੇ ਹਨ।

## ਓਹਾਇਓ 'ਚ ਪੈਨ ਅਮਰੀਕਨ ਮਾਸਟਰ ਗੇਮਜ਼ 'ਚ ਫਰਿਜ਼ਨੋ ਦੇ ਗੁਰਬਖ਼ਸ਼ ਸਿੱਧੂ ਨੇ ਜਿੱਤਿਆ ਗੋਲਡ ਮੈਡਲ

ਫਰਿਜ਼ਨੋ, (ਪੰਜਾਬ ਮੇਲ)-ਫਰਿਜ਼ਨੋ ਨਿਵਾਸੀ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਅਕਸਰ ਦੁਨੀਆਂ ਭਰ ਵਿਚ ਸੀਨੀਅਰ ਖੇਡਾਂ ਵਿਚ ਹਿੱਸਾ ਲੈ ਕੇ ਨਾਮਣਾ ਖੱਟਦੇ ਰਹਿੰਦੇ ਨੇ। ਇਸ ਵਾਰ ਉਹ ਅਮਰੀਕਾ ਦੇ ਕਲੀਵਲੈਂਡ, ਓਹਾਇਓ ਵਿਚ ਪੈਨ ਅਮਰੀਕਨ ਮਾਸਟਰ ਗੇਮਜ਼ 2024 ਵਿਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਹ ਖੇਡਾਂ 12 ਜੁਲਾਈ ਤੋਂ 21 ਜੁਲਾਈ ਤੱਕ ਕਲੀਵਲੈਂਡ, ਓਹਾਇਓ ਵਿਚ ਹੋ ਰਹੀਆਂ ਹਨ। ਗੁਰਬਖ਼ਸ਼ ਸਿੰਘ ਸਿੱਧੂ ਨੇ 15 ਜੁਲਾਈ ਨੂੰ ਹੋਏ ਹੈਮਰ ਥਰੋ ਈਵੈਂਟ ਵਿਚ ਹਿੱਸਾ ਲਿਆ ਅਤੇ 35.62 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਇਨ੍ਹਾਂ ਖੇਡਾਂ ਵਿਚ 70 ਦੇਸ਼ਾਂ ਦੇ ਐਥਲੀਟ 24 ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਨ੍ਹਾਂ ਖੇਡਾਂ ਲਈ ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ, ਫਿਨਲੈਂਡ,



ਮੈਕਸੀਕੋ, ਪੇਰੂ, ਹੌਂਡੂਰਾਸ, ਭਾਰਤ ਅਤੇ ਹੋਰ ਦੇਸ਼ਾਂ ਤੋਂ ਲਗਭਗ 4000 ਐਥਲੀਟ ਪਹੁੰਚੇ ਹੋਏ ਹਨ। ਗੁਰਬਖ਼ਸ਼ ਸਿੰਘ ਸਿੱਧੂ ਦੀ ਇਸ ਪ੍ਰਾਪਤੀ ਤੇ ਪੰਜਾਬੀ ਭਾਈਚਾਰੇ ਦੇ ਨਾਲ-ਨਾਲ ਫਰਿਜ਼ਨੋ ਦੇ ਗੋਰੇ ਵੀ ਮਾਣ ਕਰ ਰਹੇ ਹਨ।

# ਬਰਕਲੇ ਵਿਖੇ ਸੁਨਿਆਰੇ ਦੀ ਦੁਕਾਨ 'ਚ ਦਿਨ ਦਿਹਾੜੇ ਡਾਕਾ

**■ ਲੁਟੇਰੇ 5 ਲੱਖ ਡਾਲਰ ਦਾ ਸੋਨਾ ਤੇ ਗਹਿਣੇ ਲੈ ਕੇ ਹੋਏ ਫਰਾਰ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਰਾਜ ਗੋਗਨਾ/ਪੰਜਾਬ ਮੇਲ)- ਸੰਯੁਕਤ ਰਾਜ ਵਿਚ ਭਾਰਤੀ ਗਹਿਣਿਆਂ ਦੇ ਸਟੋਰ ਅਤੇ ਕਾਰੋਬਾਰੀ ਡਕੈਤੀ ਲਈ ਮੁੱਖ ਨਿਸ਼ਾਨੇ 'ਤੇ ਆ ਗਏ ਹਨ। ਹਾਈ-ਪ੍ਰੋਫਾਈਲ ਲੁੱਟਾਂ-ਖੋਹਾਂ ਦਾ ਹਾਲੀਆ ਵਿਚ ਵੱਡਾ ਵਾਧਾ ਹੋਇਆ ਹੈ। ਕੈਲੀਫੋਰਨੀਆ ਦੇ ਸ਼ਹਿਰ ਬਰਕਲੇ ਵਿਖੇ ਇਕ ਸੁਨਿਆਰੇ ਦੀ ਦੁਕਾਨ 'ਤੇ ਦਿਨ ਦਿਹਾੜੇ ਪਏ ਡਾਕੇ ਵਿਚ ਲੁਟੇਰੇ 5 ਲੱਖ ਮੁੱਲ ਦੇ ਗਹਿਣੇ ਲੈ ਕੇ ਫਰਾਰ ਹੋ ਗਏ। ਬਰਕਲੇ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਬੰਦੂਕਾਂ ਤੇ ਹਥੌੜਿਆਂ ਨਾਲ ਲੈਸ ਲੁਟੇਰੇ ਬੰਬੇ ਜਿਊਲਰੀ ਕੰਪਨੀ ਦੇ ਸਟੋਰ 'ਚ ਦੁਪਹਿਰ 2.10 ਵਜੇ ਦੇ ਕਰੀਬ ਦਾਖਲ ਹੋਏ। ਲੁਟੇਰਿਆਂ ਦੀ ਗਿਣਤੀ 7 ਤੋਂ 8 ਸੀ, ਜਿਨ੍ਹਾਂ ਨੇ ਹਥਿਆਰਾਂ ਦੀ ਨੋਕ 'ਤੇ ਸਟਾਫ ਤੇ ਗਾਹਕਾਂ ਨੂੰ ਇਕ ਪਾਸੇ ਕਰ ਦਿੱਤਾ। ਹਾਲਾਂਕਿ ਕੰਪਨੀ ਦੇ ਸਟਾਫ ਨੇ ਤੁਰੰਤ ਪੁਲਿਸ ਨੂੰ ਸੂਚਿਤ ਕਰ ਦਿੱਤਾ ਸੀ, ਜਿਸ ਉਪਰੰਤ ਪੁਲਿਸ




ਬੰਬੇ ਜਿਊਲਰੀ ਸਟੋਰ ਦਾ ਬਾਹਰੀ ਦ੍ਰਿਸ਼।

ਅਫਸਰ ਤੁਰੰਤ ਘਟਨਾ ਸਥਾਨ 'ਤੇ ਪੁੱਜੇ। ਪੁਲਿਸ ਅਨੁਸਾਰ ਲੁਟੇਰੇ ਇਕ ਮਿੰਟ ਵਿਚ ਹੀ ਗਹਿਣੇ ਲੁੱਟ ਕੇ ਫਰਾਰ ਹੋਣ ਵਿਚ ਸਫਲ ਹੋ ਗਏ। ਪੁਲਿਸ ਅਨੁਸਾਰ ਘੱਟੋ ਘੱਟ 5 ਲੱਖ ਡਾਲਰ ਦੇ ਗਹਿਣੇ ਲੁੱਟੇ ਗਏ ਹਨ। ਲੁਟੇਰੇ ਦੋ ਗੱਡੀਆਂ ਵਿਚ ਸਟੋਰ 'ਤੇ ਆਏ ਸਨ, ਜਿਨ੍ਹਾਂ ਵਿਚ ਇਕ ਕਾਲੇ ਰੰਗ ਦੀ ਹਾਂਡਾ ਸਿਵਿਕ ਤੇ ਦੂਸਰੀ ਸਲੇਟੀ ਰੰਗ ਦੀ ਡੌਜ ਚਾਰਜ਼ਰ ਗੱਡੀ ਸ਼ਾਮਲ ਹੈ। ਘਟਨਾ ਦੀ ਬਰਕਲੇ ਪੁਲਿਸ ਵਿਭਾਗ ਤੇਜ਼ੀ ਨਾਲ ਜਾਂਚ ਕਰ ਰਿਹਾ ਹੈ।

ਉੱਤਰੀ ਕੈਲੀਫੋਰਨੀਆ ਵਿਚ ਇਸ ਸਾਲ ਭਾਰਤੀ ਗਹਿਣਿਆਂ ਦੇ ਸਟੋਰਾਂ 'ਤੇ ਇਹ ਤੀਜੀ ਵੱਡੀ ਲੁੱਟ ਹੈ। ਪਿਛਲੇ ਮਹੀਨੇ ਲਗਭਗ 20 ਨਕਾਬਪੋਸ਼ ਲੁਟੇਰਿਆਂ ਦੇ ਇੱਕ ਸਮੂਹ ਨੇ ਦੁਪਹਿਰ ਨੂੰ ਸਨੀਵੇਲ ਵਿਚ ਪੀ.ਐੱਨ.ਜੀ. ਜਵੈਲਰਜ਼ ਵਿਚ ਭੰਨ-ਤੋੜ ਕੀਤੀ। ਉਹ ਸ਼ੀਸ਼ੇ ਦੇ ਦਰਵਾਜ਼ੇ ਅਤੇ ਡਿਸਪਲੇ ਕੇਸਾਂ ਨੂੰ ਤੋੜਨ ਲਈ ਹਥੌੜੇ ਦੀ ਵਰਤੋਂ ਕਰਦੇ ਸਨ ਅਤੇ ਤੇਜ਼ੀ ਨਾਲ ਗਹਿਣੇ ਚੋਰੀ ਕਰਦੇ ਸਨ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਲੁਟੇਰੇ ਕਈ ਕਾਰਾਂ ਵਿਚ ਫ਼ਰਾਰ ਹੋ ਗਏ, ਪਰ ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕਰਕੇ ਪੰਜ ਸ਼ੱਕੀਆਂ ਨੂੰ ਕਾਬੂ ਕਰ ਲਿਆ। ਇਸ ਸਾਲ ਦੇ ਸ਼ੁਰੂ ਵਿਚ, ਫਰੀਮਾਂਟ ਵਿਚ ਭਿੰਡੀ ਜਵੈਲਰਜ਼ ਨੂੰ ਵੀ ਦੁਪਹਿਰ ਨੂੰ 17 ਵਿਅਕਤੀਆਂ ਨੇ ਲੁੱਟ ਲਿਆ ਸੀ।

## ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

ਨਿਊਯਾਰਕ/ਟਾਂਡਾ ਉੜਮੁੜ, (ਪੰਜਾਬ ਮੇਲ)- ਅਮਰੀਕਾ ਵਿਚ ਵਾਪਰੇ ਭਿਆਨਕ ਸੜਕ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਕੁਲਵਿੰਦਰ ਸਿੰਘ ਕਿੰਦਰ ਪੁੱਤਰ ਸਰਪੰਚ ਗੁਰਬਖਸ਼ ਸਿੰਘ, ਪਿੰਡ ਤਲਵੰਡੀ ਡੱਡੀਆਂ (ਪੱਤੀ ਮੀਰਾਂਪੁਰ) ਦੇ ਰੂਪ ਵਿਚ ਹੋਈ ਹੈ। ਉਹ ਕਾਫ਼ੀ ਲੰਬੇ ਸਮੇਂ ਤੋਂ ਅਮਰੀਕਾ ਦੇ ਨਿਊਯਾਰਕ ਵਿਚ ਰਹਿ ਰਿਹਾ ਸੀ। ਇਹ ਹਾਦਸਾ 12 ਜੁਲਾਈ ਨੂੰ ਉਸ ਸਮੇਂ ਵਾਪਰਿਆ, ਜਦੋਂ ਉਹ ਅਮਰੀਕਾ ਦੇ ਸਮੇਂ ਅਨੁਸਾਰ ਸਵੇਰੇ 11:30 ਵਜੇ ਆਪਣੇ ਸਟੋਰ ਤੋਂ ਵਾਪਸ ਆ ਰਿਹਾ ਸੀ। ਇਸ ਦੌਰਾਨ ਉਸ ਦੀ ਕਾਰ ਵਿਚ ਪਿੱਛੋਂ ਆ ਰਹੇ ਟਰੱਕ ਨੇ ਜ਼ੋਰਦਾਰ ਟੱਕਰ ਮਾਰ



ਦਿੱਤੀ, ਜਿਸ ਕਾਰਨ ਉਸ ਦੀ ਕਾਰ ਅੱਗੇ ਜਾ ਰਹੇ ਟਰੱਕ ਵਿਚ ਜਾ ਵੱਜੀ। ਹਾਦਸਾ ਇੰਨਾ ਭਿਆਨਕ ਸੀ ਕਿ ਕੁਲਵਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਮ੍ਰਿਤਕ ਨੌਜਵਾਨ ਦੇ ਮਾਪੇ ਪਿਤਾ ਗੁਰਬਖਸ਼ ਸਿੰਘ ਤੇ ਮਾਤਾ ਚਰਨ ਕੌਰ ਅਮਰੀਕਾ ਪਰਿਵਾਰ ਨੂੰ ਮਿਲਣ ਵਾਸਤੇ ਆਏ ਹੋਏ ਸਨ। ਬਦਕਿਸਮਤੀ ਨਾਲ ਇਸ ਭਿਆਨਕ ਸੜਕ ਹਾਦਸੇ ਨੇ ਉਨ੍ਹਾਂ ਦੀ ਦੁਨੀਆਂ ਉਜਾੜ ਦਿੱਤੀ ਹੈ। ਕਿੰਦਰ ਦੀ ਬੇਵਕਤੀ ਹੋਈ ਮੌਤ ਕਾਰਨ ਉਸ ਦੇ ਦੋ ਬੱਚਿਆਂ ਦੇ ਸਿਰੋਂ ਪਿਓ ਦਾ ਸਾਇਆ ਉੱਠ ਗਿਆ ਹੈ। ਕੁਲਵਿੰਦਰ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਹੈ।

Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

International Punjabi Culture Academy (Non Profit)

(Non Profit Tax Deductive (IRC) section 501 (c) (3) # 82-1268411)



Tiyaan Teej Diyan

16th Annual Women Festival

August 11th, Sunday, 2024

(2.30pm to 6.30 pm)

Free Entry






ਤੀਆਂ ਤੀਜ਼ ਦੀਆਂ

ਐਲਕ ਗਰੋਵ ਪਾਰਕ ਵਿਚ

Only For Ladies

11 ਅਗਸਤ 2024, ਦਿਨ ਐਤਵਾਰ

(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)

ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.

Team Enter and Information

916-240-6969, 916-753-5933, 916-897-4414

TV Coverage by PUNJAB MAIL USA TV Channel

Elk Grove Regional Park, 9950 Elk Grove Florin Rd, Elk Grove CA 95624

Copyright @ Punjab Mail USA

# ਬਾਇਡਨ ਤੇ ਟਰੰਪ ਦੋਵਾਂ ਤੋਂ ਨਿਰਾਸ਼ ਹਨ ਜ਼ਿਆਦਾਤਰ ਅਮਰੀਕੀ ਵੋਟਰ; ਰਿਸਰਚ 'ਚ ਹੋਇਆ ਖੁਲਾਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਪਿਊ ਰਿਸਰਚ ਸੈਂਟਰ ਦੀ ਰਿਪੋਰਟ ਦੇ ਅਨੁਸਾਰ, 44 ਫੀਸਦੀ ਰਜਿਸਟਰਡ ਵੋਟਰਾਂ ਦਾ ਕਹਿਣਾ ਹੈ ਕਿ ਜੇਕਰ ਚੋਣਾਂ ਅੱਜ ਹੁੰਦੀਆਂ ਹਨ, ਤਾਂ ਉਹ ਟਰੰਪ ਨੂੰ ਵੋਟ ਦੇਣਗੇ। ਸਿਰਫ 40 ਪ੍ਰਤੀਸ਼ਤ ਨੇ ਕਿਹਾ ਕਿ ਉਹ ਬਾਇਡਨ ਨੂੰ ਵੋਟ ਪਾਉਣਗੇ।

ਪਿਊ ਰਿਸਰਚ ਸੈਂਟਰ ਦਾ ਦਾਅਵਾ ਹੈ ਕਿ ਬਾਇਡਨ ਦੇ ਮੁਕਾਬਲੇ ਟਰੰਪ ਵੱਲ ਵੋਟਰਾਂ ਦਾ ਝੁਕਾਅ ਵਧਿਆ ਹੈ।

ਰਜਿਸਟਰਡ ਵੋਟਰ ਅਮਰੀਕੀ ਰਾਸ਼ਟਰਪਤੀ ਚੋਣ ਦੀ ਪਹਿਲੀ ਰਾਸ਼ਟਰਪਤੀ ਬਹਿਸ ਵਿਚ ਰਾਸ਼ਟਰਪਤੀ ਜੋਅ ਬਾਇਡਨ ਦੇ ਮਾੜੇ ਪ੍ਰਦਰਸ਼ਨ ਤੋਂ ਨਿਰਾਸ਼ ਹਨ। ਪਿਊ ਰਿਸਰਚ ਸੈਂਟਰ ਦੀ ਇੱਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਬਾਇਡਨ ਦੇ ਮੁਕਾਬਲੇ ਡੋਨਾਲਡ ਟਰੰਪ ਪ੍ਰਤੀ ਰਜਿਸਟਰਡ ਵੋਟਰਾਂ ਦਾ ਝੁਕਾਅ ਵਧਿਆ ਹੈ। ਪਿਊ ਰਿਸਰਚ ਸੈਂਟਰ ਦੀ ਰਿਪੋਰਟ ਮੁਤਾਬਕ ਸਾਬਕਾ ਰਾਸ਼ਟਰਪਤੀ ਟਰੰਪ ਨੇ ਬਾਇਡਨ ਦੇ ਮੁਕਾਬਲੇ ਰਜਿਸਟਰਡ ਵੋਟਰਾਂ 'ਚ 4 ਫੀਸਦੀ ਅੰਕਾਂ ਦੀ ਬੜ੍ਹਤ ਹਾਸਲ ਕੀਤੀ ਹੈ। 44 ਫੀਸਦੀ ਵੋਟਰਾਂ ਦਾ ਕਹਿਣਾ ਹੈ ਕਿ ਜੇਕਰ ਚੋਣਾਂ ਅੱਜ ਹੁੰਦੀਆਂ ਹਨ, ਤਾਂ ਉਹ ਟਰੰਪ ਨੂੰ ਵੋਟ ਦੇਣਗੇ। ਸਿਰਫ 40 ਪ੍ਰਤੀਸ਼ਤ ਨੇ ਕਿਹਾ ਕਿ ਉਹ ਬਾਇਡਨ ਨੂੰ ਵੋਟ ਪਾਉਣਗੇ। 15 ਪ੍ਰਤੀਸ਼ਤ ਅਜਿਹੇ ਸਨ, ਜਿਨ੍ਹਾਂ ਨੇ ਤੀਜੀ ਧਿਰ ਦੇ ਉਮੀਦਵਾਰ ਰੌਬਰਟ ਐਫ਼ ਕੈਨੇਡੀ ਜੂਨੀਅਰ ਦਾ ਸਮਰਥਨ ਕਰਨ ਦਾ ਸੰਕੇਤ ਦਿੱਤਾ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜ਼ਿਆਦਾਤਰ ਵੋਟਰ ਬਾਇਡਨ ਅਤੇ



ਟਰੰਪ ਦੋਵਾਂ ਨੂੰ 'ਨਿਰਾਸ਼ਾਜਨਕ' ਮੰਨਦੇ ਹਨ। 63-63 ਫੀਸਦੀ ਵੋਟਰਾਂ ਨੇ ਬਾਇਡਨ ਅਤੇ ਟਰੰਪ ਲਈ ਅਜਿਹੇ ਵਿਚਾਰ ਪ੍ਰਗਟ ਕੀਤੇ। ਉਮੀਦਵਾਰਾਂ ਦੇ ਸਮਰਥਕ ਵੀ ਇਸੇ ਤਰ੍ਹਾਂ ਦੇ ਵਿਚਾਰ ਰੱਖਦੇ ਹਨ। 37 ਫੀਸਦੀ ਬਾਇਡਨ ਸਮਰਥਕ ਅਤੇ 33 ਫੀਸਦੀ ਟਰੰਪ ਸਮਰਥਕ ਆਪੋ-ਆਪਣੇ ਉਮੀਦਵਾਰਾਂ ਨੂੰ ਨਿਰਾਸ਼ਾਜਨਕ ਮੰਨਦੇ ਹਨ।

ਬਾਇਡਨ ਦੀ ਮਾਨਸਿਕ ਸਥਿਤੀ ਨੂੰ ਲੈ ਕੇ ਵੋਟਰਾਂ ਦਾ ਸ਼ੱਕ ਪਹਿਲੀ ਬਹਿਸ ਤੋਂ ਬਾਅਦ ਚਿੰਤਾ ਦਾ ਕਾਰਨ ਬਣ ਗਿਆ ਹੈ। ਸਿਰਫ ਇੱਕ ਚੌਥਾਈ ਵੋਟਰ (24 ਪ੍ਰਤੀਸ਼ਤ) ਬਾਇਡਨ ਨੂੰ ਮੈਂਟਲੀ ਸ਼ਾਰਪ ਮੰਨਦੇ ਹਨ। ਦੁੱਗਣੇ ਤੋਂ ਵੱਧ (58 ਪ੍ਰਤੀਸ਼ਤ) ਟਰੰਪ ਲਈ ਅਜਿਹੀ ਰਾਏ ਰੱਖਦੇ ਹਨ। ਇਮਾਨਦਾਰੀ ਅਤੇ ਹਮਦਰਦੀ ਦੇ ਮਾਮਲੇ ਵਿਚ ਟਰੰਪ ਬਾਇਡਨ ਤੋਂ ਥੋੜ੍ਹਾ ਪਿੱਛੇ ਹਨ। ਲਗਭਗ ਦੁੱਗਣੇ ਵੋਟਰਾਂ (64 ਪ੍ਰਤੀਸ਼ਤ) ਨੇ ਟਰੰਪ ਨੂੰ ਮਤਲਬੀ ਦੱਸਿਆ, ਜਦੋਂਕਿ 31 ਪ੍ਰਤੀਸ਼ਤ ਵੋਟਰਾਂ ਨੇ ਬਾਇਡਨ ਬਾਰੇ ਵੀ ਅਜਿਹਾ ਹੀ ਮਹਿਸੂਸ ਕੀਤਾ।

ਪਿਛਲੇ ਸਾਲ ਦੇ ਪਿਊ ਰਿਸਰਚ ਸੈਂਟਰ ਦੇ ਸਰਵੇਖਣਾਂ ਨੇ ਅਮਰੀਕੀ ਰਾਜਨੀਤੀ ਦੀ ਸਥਿਤੀ ਅਤੇ ਰਾਸ਼ਟਰਪਤੀ ਚੋਣਾਂ ਦੇ ਨਾਲ ਵਿਆਪਕ ਅਸੰਤੁਸ਼ਟੀ ਪ੍ਰਗਟ ਕੀਤੀ ਹੈ। ਨਵੇਂ ਸਰਵੇਖਣ ਵਿਚ, ਵੋਟਰਾਂ ਕੋਲ 2024 ਦੀ ਮੁਹਿੰਮ ਬਾਰੇ ਕਠੋਰ ਗੱਲਾਂ ਹਨ -

87 ਪ੍ਰਤੀਸ਼ਤ ਲੋਕਾਂ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਮੁਹਿੰਮ ਉਨ੍ਹਾਂ ਨੂੰ ਆਪਣੇ ਦੇਸ਼ 'ਤੇ ਮਾਣ ਮਹਿਸੂਸ ਨਹੀਂ ਕਰਾਉਂਦੀ ਹੈ।

76 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਇਹ ਚੋਣ ਮਹੱਤਵਪੂਰਨ ਨੀਤੀਗਤ ਬਹਿਸ 'ਤੇ ਕੇਂਦਰਿਤ ਨਹੀਂ ਹੈ। 68 ਫੀਸਦੀ ਵੋਟਰਾਂ ਨੇ ਉਮੀਦਵਾਰਾਂ ਦੀ ਮੁਹਿੰਮ ਨੂੰ ਬਹੁਤ ਨਕਾਰਾਤਮਕ ਦੱਸਿਆ ਹੈ।

ਟਰੰਪ ਦੇ ਲਗਭਗ ਅੱਧੇ ਸਮਰਥਕ (51 ਪ੍ਰਤੀਸ਼ਤ) ਕਹਿੰਦੇ ਹਨ ਕਿ ਉਹ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਤੋਂ ਬਹੁਤ ਜਾਂ ਕਾਫ਼ੀ ਸੰਤੁਸ਼ਟ ਹਨ, ਜਦੋਂਕਿ ਲਗਭਗ 48 ਪ੍ਰਤੀਸ਼ਤ ਕਹਿੰਦੇ ਹਨ ਕਿ ਉਹ ਬਹੁਤ ਜ਼ਿਆਦਾ ਜਾਂ ਬਿਲਕੁਲ ਵੀ ਸੰਤੁਸ਼ਟ ਨਹੀਂ ਹਨ।

ਅਪ੍ਰੈਲ ਤੋਂ, ਅਜਿਹੇ ਵੋਟਰਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਜੋ ਚਾਹੁੰਦੇ ਹਨ ਕਿ ਬਾਇਡਨ ਅਤੇ ਟਰੰਪ ਦੋਵਾਂ ਦੀ ਥਾਂ ਕੋਈ ਹੋਰ ਚੋਣ ਲੜੇ। ਫਿਲਹਾਲ 53 ਫੀਸਦੀ ਵੋਟਰ ਬਾਇਡਨ ਅਤੇ ਟਰੰਪ ਨੂੰ ਬਦਲਣ ਦੇ ਪੱਖ 'ਚ ਹਨ, ਜਦੋਂਕਿ ਅਪ੍ਰੈਲ 'ਚ ਅਜਿਹੀ ਇੱਛਾ ਰੱਖਣ ਵਾਲਿਆਂ ਦੀ ਗਿਣਤੀ 49 ਫੀਸਦੀ ਸੀ, ਫਿਲਹਾਲ 2024 'ਚ 71 ਫੀਸਦੀ ਬਾਇਡਨ ਦੇ ਸਮਰਥਕ ਦੋਹਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਬਦਲਣ ਦੀ ਇੱਛਾ ਰੱਖਦੇ ਹਨ। ਹਾਲਾਂਕਿ ਦੋਵਾਂ ਉਮੀਦਵਾਰਾਂ ਵਿਚ ਬਦਲਾਅ ਦੀ ਉਮੀਦ ਹੈ। ਪਰ ਦਿਲਚਸਪੀ ਰੱਖਣ ਵਾਲੇ ਟਰੰਪ ਸਮਰਥਕਾਂ ਦੀ ਗਿਣਤੀ ਅਪ੍ਰੈਲ ਦੇ ਮੁਕਾਬਲੇ ਘਟੀ ਹੈ।

## ਭਾਰਤੀ-ਅਮਰੀਕੀਆਂ ਵੱਲੋਂ ਟਰੰਪ 'ਤੇ ਹਮਲੇ ਦੀ ਨਿੰਦਾ

### ਕਿਹਾ: ਟਰੰਪ 'ਤੇ ਹਮਲਾ ਅਮਰੀਕੀ ਲੋਕਤੰਤਰ ਦੇ ਇਤਿਹਾਸ ਦਾ 'ਕਾਲਾ ਅਧਿਆਏ'

**ਸ਼ਿਕਾਗੋ, (ਪੰਜਾਬ ਮੇਲ):** ਭਾਰਤੀ ਮੂਲ ਦੇ ਅਮਰੀਕੀਆਂ ਨੇ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ 'ਤੇ ਹੋਏ ਹਮਲੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਅਮਰੀਕੀ ਲੋਕਤੰਤਰ ਦੇ ਇਤਿਹਾਸ ਦਾ 'ਕਾਲਾ ਅਧਿਆਏ' ਕਰਾਰ ਦਿੱਤਾ ਹੈ। ਸਾਬਕਾ ਰਾਸ਼ਟਰਪਤੀ ਟਰੰਪ (78) ਨੂੰ ਪੈਨਸਿਲਵੇਨੀਆ ਦੇ ਬਟਲਰ 'ਚ ਇਕ ਚੋਣ ਰੈਲੀ ਦੌਰਾਨ ਇਕ ਸ਼ੱਕੀ ਵਿਅਕਤੀ ਨੇ ਗੋਲੀ ਮਾਰ ਦਿੱਤੀ, ਜੋ ਉਸ ਦੇ ਸੱਜੇ ਕੰਨ ਦੇ ਉਪਰਲੇ ਹਿੱਸੇ ਵਿਚ ਲੱਗੀ।

ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਨੇਤਾ ਡਾਕਟਰ ਭਰਤ ਬਰਾਈ ਨੇ ਦੱਸਿਆ, "ਸਾਨੂੰ ਸਾਬਕਾ ਰਾਸ਼ਟਰਪਤੀ ਟਰੰਪ 'ਤੇ ਹਮਲੇ ਦੀ ਸੂਚਨਾ ਮਿਲੀ। ਇਹ ਬਹੁਤ ਦੁਖਦਾਈ ਹੈ ਅਤੇ ਲੋਕਤੰਤਰ ਵਿਚ ਅਜਿਹੀ ਹਿੰਸਾ ਦੀ ਉਮੀਦ ਨਹੀਂ ਕੀਤੀ ਜਾਂਦੀ।" ਬਰਾਈ ਨੇ ਕਿਹਾ, "ਲੋਕਾਂ ਦੇ ਵਿਚਾਰ ਵੱਖ-ਵੱਖ ਹੁੰਦੇ ਹਨ, ਉਨ੍ਹਾਂ ਦੇ ਸਿਆਸੀ ਅਤੇ ਆਰਥਿਕ ਵਿਚਾਰ ਵੀ ਵੱਖਰੇ ਹਨ। ਉਨ੍ਹਾਂ ਨੂੰ ਵੋਟਿੰਗ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੀਦੇ ਹਨ।"

'ਸਿੱਖ ਅਮਰੀਕਨ ਫਾਰ ਟਰੰਪ' ਦੇ ਪ੍ਰਧਾਨ ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਇਹ ਅਮਰੀਕਾ ਦੇ ਲੋਕਤੰਤਰ ਦਾ ਕਾਲਾ ਅਧਿਆਏ ਹੈ। ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਦੀ ਸੁਰੱਖਿਆ ਅਤੇ ਰਿਕਵਰੀ ਦੀ ਕਾਮਨਾ ਕਰਦੇ ਹਾਂ।

## ਅਮਰੀਕਾ 'ਚ ਅੱਤ ਦੀ ਗਰਮੀ 'ਚ ਕਾਰ ਵਿਚ ਛੱਡੀ 2 ਸਾਲਾ ਬੱਚੀ ਦੀ ਹੋਈ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਐਰੀਜ਼ੋਨਾ ਵਿਚ ਬੀਤੇ ਦਿਨੀਂ ਇਕ ਪਿਤਾ ਵੱਲੋਂ ਆਪਣੀ ਸੁੱਤੀ ਪਈ 2 ਸਾਲਾਂ ਦੀ ਧੀ ਨੂੰ ਅੱਤ ਦੀ ਗਰਮੀ ਵਿਚ ਕਾਰ ਵਿਚ ਛੱਡਣ ਉਪਰੰਤ ਉਸ ਦੀ ਮੌਤ ਹੋਣ ਦੀ ਖਬਰ ਹੈ। ਮਰਾਨਾ ਪੁਲਿਸ ਅਨੁਸਾਰ ਮੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਟਕਸਨ ਦੇ ਬਾਹਰਵਾਰ ਜਿਸ ਸਮੇਂ ਬੱਚੀ ਦਾ ਪਿਤਾ ਘਰ ਪੁੱਜਾ, ਤਾਂ ਬੱਚੀ ਕਾਰ ਵਿਚ ਸੁੱਤੀ ਪਈ ਸੀ। ਉਹ ਸੁੱਤੀ ਪਈ ਬੱਚੀ ਨੂੰ ਚੱਲਦੀ ਕਾਰ ਤੇ ਏਅਰਕੰਡੀਸ਼ਨ ਵਿਚ ਛੱਡ ਕੇ ਘਰ ਦੇ ਅੰਦਰ ਚਲਾ ਗਿਆ। ਪੁਲਿਸ ਅਨੁਸਾਰ ਅਚਾਨਕ ਮਾਂ ਘਰ ਆਈ, ਤਾਂ ਉਸ ਨੂੰ ਬੇਸੁੱਧ ਬੱਚੀ ਕਾਰ ਵਿਚ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਉਸ ਸਮੇਂ ਕਾਰ ਤੇ ਏਅਰਕੰਡੀਸ਼ਨ ਬੰਦ ਸੀ। ਕਿਸੇ ਵੱਲੋਂ ਸੂਚਨਾ ਦੇਣ 'ਤੇ ਪੁਲਿਸ ਸ਼ਾਮ 4 ਵਜੇ ਬਾਅਦ ਘਟਨਾ ਸਥਾਨ 'ਤੇ ਪੁੱਜੀ। ਪੁਲਿਸ ਅਨੁਸਾਰ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੂੰ

**ਪੁਲਿਸ ਮਾਮਲੇ ਦੀ ਕਰੇਗੀ ਜਾਂਚ**



**ਪੁਲਿਸ ਵੱਲੋਂ ਕੀਤੀ ਨਿਸ਼ਾਨਦੇਹੀ ਜਿਥੇ ਬੱਚੀ ਦੀ ਕਾਰ ਵਿਚ ਮੌਤ ਹੋਈ।**

ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਪੁਲਿਸ ਦਾ ਕਹਿਣਾ ਹੈ ਕਿ ਬੱਚੀ 30 ਮਿੰਟਾਂ ਤੋਂ 60 ਮਿੰਟ ਤੱਕ ਕਾਰ ਵਿਚ ਰਹੀ। ਮਰਾਨਾ ਪੁਲਿਸ ਕੈਪਟਨ ਟਿਮ ਬਰੂਨੇਨਕੰਤ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿਚ ਬੱਚੀ ਦੇ ਪਿਤਾ, ਮੌਕੇ ਦੇ ਗਵਾਹਾਂ ਤੇ ਆਸ-ਪਾਸ ਦੇ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ। ਜਾਂਚ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

## ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ 'ਚ ਬਦਲਣਾ ਚਾਹੁੰਦੈ : ਹੈਰਿਸ



**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਸੰਭਾਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਅਮਰੀਕੀ ਲੋਕਤੰਤਰ ਨੂੰ ਤਾਨਾਸ਼ਾਹੀ ਵਿਚ ਬਦਲ ਦੇਣਗੇ। ਹੈਰਿਸ ਨੇ ਲਾਸ ਵੇਗਾਸ ਵਿਚ ਇਕ ਰਾਸ਼ਟਰੀ ਬਾਇਡਨ-ਹੈਰਿਸ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਕਿਹਾ, "ਡੋਨਾਲਡ ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ 'ਚ ਬਦਲਣਾ ਚਾਹੁੰਦੇ ਹਨ।" ਇਹ ਪ੍ਰੋਗਰਾਮ ਦੇਸ਼ ਭਰ ਵਿਚ ਏਸ਼ੀਆਈ ਅਮਰੀਕੀਆਂ, ਮੂਲ ਹਵਾਈ ਨਾਗਰਿਕਾਂ ਅਤੇ ਪੈਸੀਫਿਕ ਆਈਲੈਂਡਰਜ਼ ਦੇ ਵੋਟਰਾਂ, ਭਾਈਚਾਰਿਆਂ ਅਤੇ ਆਗੂਆਂ ਨੂੰ ਸੰਗਠਿਤ ਕਰੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇ ਸਲਾਹਕਾਰਾਂ ਨੇ 900 ਪੰਨਿਆਂ ਦਾ 'ਬਲੂਪ੍ਰਿੰਟ' ਤਿਆਰ ਕੀਤਾ ਹੈ, ਜਿਸ ਨੂੰ ਉਹ 'ਪ੍ਰੋਜੈਕਟ 2025' ਕਹਿ ਰਹੇ ਹਨ, ਜਿਸ ਵਿਚ ਟਰੰਪ ਦੇ ਦੂਜੇ ਕਾਰਜਕਾਲ ਵਿਚ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ।




# ਟਰੰਪ ’ਤੇ ਹਮਲੇ ਤੋਂ ਪਹਿਲਾਂ ਵੀ ਅਮਰੀਕਾ ਦੇ 4 ਰਾਸ਼ਟਰਪਤੀਆਂ ਦੀ ਹੋਈ ਸੀ ਹੱਤਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ 45ਵੇਂ ਰਾਸ਼ਟਰਪਤੀ ਰਹੇ ਡੋਨਾਲਡ ਟਰੰਪ ’ਤੇ ਸ਼ਨੀਵਾਰ ਨੂੰ ਹੋਏ ਜਾਨਲੇਵਾ ਹਮਲੇ ਤੋਂ ਪਹਿਲਾਂ ਵੀ ਇਸ ਦੇਸ਼ ’ਚ ਪ੍ਰਮੁੱਖ ਪਾਰਟੀਆਂ ਦੇ ਰਾਸ਼ਟਰਪਤੀਆਂ, ਸਾਬਕਾ ਰਾਸ਼ਟਰਪਤੀਆਂ ਅਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਸਾਲ 1776 ਤੋਂ ਲੈ ਕੇ ਹੁਣ ਤੱਕ ਦੇਸ਼ ਦੇ ਸਿਆਸੀ ਇਤਿਹਾਸ ਵਿਚ ਕਤਲ ਅਤੇ ਕਤਲ ਦੀ ਕੋਸ਼ਿਸ਼ ਦੀਆਂ ਕੁਝ ਅਜਿਹੀਆਂ ਘਟਨਾਵਾਂ ਇਸ ਪ੍ਰਕਾਰ ਹਨ:

**ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਮ ਲਿੰਕਨ:** ਅਬਰਾਹਮ ਲਿੰਕਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਸਨ, ਜਿਨ੍ਹਾਂ ਨੂੰ 14 ਅਪ੍ਰੈਲ, 1865 ਨੂੰ ਜੌਹਨ ਵਾਈਕਸ ਬੂਥ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਘਟਨਾ ਦੌਰਾਨ ਉਹ ਆਪਣੀ ਪਤਨੀ ਮੈਰੀ ਟੌਡ ਲਿੰਕਨ ਨਾਲ ਵਾਸ਼ਿੰਗਟਨ ਦੇ ਫੋਰਡ ਥੀਏਟਰ ਵਿਚ ਨਾਟਕ ‘ਸਾਡਾ ਅਮਰੀਕਨ ਕਜ਼ਨ’ ਦੇਖ ਰਿਹਾ ਸੀ। ਬੂਥ ਦੀ 26 ਅਪ੍ਰੈਲ 1865 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਵਰਜੀਨੀਆ ਦੇ ਬੌਲਿੰਗ ਗ੍ਰੀਨ ਨੇੜੇ ਇੱਕ ਖੇਤ ਵਿਚ ਲੁੱਕਿਆ ਹੋਇਆ ਪਾਇਆ ਗਿਆ ਸੀ।

**ਅਮਰੀਕਾ ਦੇ 20ਵੇਂ ਰਾਸ਼ਟਰਪਤੀ, ਜੈਮਸ ਗਾਰਫੀਲਡ:** ਗਾਰਫੀਲਡ ਦੇਸ਼ ਦੇ ਦੂਜੇ ਰਾਸ਼ਟਰਪਤੀ ਸਨ, ਜਿਨ੍ਹਾਂ ਦਾ ਅਹੁਦਾ ਸੰਭਾਲਣ ਤੋਂ ਛੇ ਮਹੀਨੇ ਬਾਅਦ ਹੀ ਕਤਲ ਕਰ ਦਿੱਤਾ ਗਿਆ ਸੀ। ਉਹ 2 ਜੁਲਾਈ, 1881 ਨੂੰ ਵਾਸ਼ਿੰਗਟਨ ਦੇ ਇੱਕ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ, ਜਦੋਂ ਉਸਨੂੰ ਚਾਰਲਸ ਗਿਟੋ ਨੇ ਗੋਲੀ ਮਾਰ ਦਿੱਤੀ ਸੀ। ਗੀਟੋ ਨੂੰ ਜੂਨ 1882 ਵਿਚ ਦੋਸ਼ੀ ਠਹਿਰਾਇਆ ਗਿਆ ਅਤੇ ਮੌਤ ਦੀ ਸਜ਼ਾ ਸੁਣਾਈ ਗਈ।

**ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਕਿਨਲੇ:** ਮੈਕਕਿਨਲੇ ਨੂੰ 6 ਸਤੰਬਰ, 1901 ਨੂੰ ਨਿਊਯਾਰਕ ਦੇ ਬਫੇਲੋ ਵਿਚ ਉਦੋਂ ਗੋਲੀ ਮਾਰ ਦਿੱਤੀ ਗਈ ਸੀ, ਜਦੋਂ ਉਹ ਭਾਸ਼ਣ ਦੇਣ ਤੋਂ ਬਾਅਦ ਲੋਕਾਂ ਨਾਲ ਹੱਥ ਮਿਲਾ ਰਿਹਾ ਸੀ। ਇਕ ਵਿਅਕਤੀ ਨੇ ਨੇੜੇ ਤੋਂ ਉਸ ਦੀ ਛਾਤੀ ਵਿਚ ਦੋ ਵਾਰ ਗੋਲੀ ਮਾਰੀ। ਮੈਕਕਿਨਲੇ ਦੀ ਮੌਤ 14 ਸਤੰਬਰ 1901 ਨੂੰ ਹੋਈ। ਉਸ ਤੋਂ ਬਾਅਦ ਉਪ ਰਾਸ਼ਟਰਪਤੀ ਥੀਓਡੋਰ ਰੂਜ਼ਵੈਲਟ ਦੇਸ਼ ਦਾ ਰਾਸ਼ਟਰਪਤੀ ਬਣਿਆ। ਡੇਟ੍ਰੋਇਟ ਦੇ 28 ਸਾਲਾ ਲਿਓਨ ਐਫ. ਨੇ ਗੋਲੀਬਾਰੀ ਕਰਨ ਦਾ ਅਪਰਾਧ ਕਬੂਲ ਕੀਤਾ। ਉਸਨੂੰ 29 ਅਕਤੂਬਰ, 1901 ਨੂੰ ਬਿਜਲੀ ਦੇ ਕਰੰਟ ਦੁਆਰਾ ਮੌਤ ਦੀ ਸਜ਼ਾ ਦਿੱਤੀ ਗਈ ਸੀ।

**ਅਮਰੀਕਾ ਦੇ 32ਵੇਂ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ:** ਰੂਜ਼ਵੈਲਟ ਨੇ ਮਿਆਮੀ ਵਿਚ ਇੱਕ ਖੁੱਲ੍ਹੀ ਕਾਰ ਵਿਚੋਂ ਭਾਸ਼ਣ ਦਿੱਤਾ ਹੀ ਸੀ, ਜਦੋਂ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਫਰਵਰੀ 1933 ਵਿਚ ਹੋਈ ਇਸ ਘਟਨਾ ਵਿਚ ਰੂਜ਼ਵੈਲਟ ਜ਼ਖ਼ਮੀ ਨਹੀਂ ਹੋਇਆ ਸੀ ਪਰ ਸ਼ਿਕਾਗੋ ਦੇ ਮੇਅਰ ਐਂਟਨ ਕਾਰਮੈਕ ਦੀ ਜਾਨ ਚਲੀ ਗਈ ਸੀ। ਇਸ ਹਮਲੇ ਦੇ ਦੋਸ਼ੀ ਗੁਈਸੇਪੇ ਜ਼ਾਂਗਾਰਾ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

**ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ ਐੱਸ. ਟਰੂਮੈਨ:** ਟਰੂਮੈਨ ਨਵੰਬਰ 1950 ਵਿਚ ਵਾਸ਼ਿੰਗਟਨ ਦੇ ਬਲੇਅਰ ਹਾਊਸ ਵਿਚ ਸੀ, ਜਦੋਂ ਦੋ ਬੰਦੂਕਧਾਰੀ ਇਸ ਵਿਚ ਦਾਖਲ ਹੋਏ। ਟਰੂਮੈਨ ਬੰਦੂਕਧਾਰੀਆਂ ਨਾਲ ਹੋਈ ਗੋਲੀਬਾਰੀ ਵਿਚ ਵਾਲ-ਵਾਲ ਬਚ ਗਿਆ ਪਰ ਵ੍ਹਾਈਟ ਹਾਊਸ ਦਾ ਇੱਕ ਪੁਲਿਸ ਮੁਲਾਜ਼ਮ ਅਤੇ ਇੱਕ ਹਮਲਾਵਰ ਮਾਰਿਆ ਗਿਆ। ਵ੍ਹਾਈਟ ਹਾਊਸ ਦੇ ਦੋ ਹੋਰ ਪੁਲਿਸ ਕਰਮਚਾਰੀ ਜ਼ਖਮੀ ਹੋ ਗਏ। ਇਸ ਹਮਲੇ ਵਿਚ ਆਸਕਰ ਕਾਲਾਜ਼ੋ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਸਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। 1952 ਵਿਚ ਟਰੂਮੈਨ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਰਾਸ਼ਟਰਪਤੀ ਜਿੰਮੀ ਕਾਰਟਰ ਨੇ ਉਸਨੂੰ 1979 ਵਿਚ ਜੇਲ੍ਹ ਤੋਂ ਰਿਹਾਅ ਕਰ ਦਿੱਤਾ।

**ਅਮਰੀਕਾ ਦੇ 35ਵੇਂ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ:** ਜਦੋਂ ਕੈਨੇਡੀ ਨਵੰਬਰ 1963 ਵਿਚ ਫਸਟ ਲੇਡੀ ਜੈਕਲੀਨ ਕੈਨੇਡੀ ਨਾਲ ਡੱਲਾਸ ਦਾ ਦੌਰਾ ਕੀਤਾ, ਤਾਂ ਉਸ ’ਤੇ ਇੱਕ ਬੰਦੂਕਧਾਰੀ ਨੇ ਹਮਲਾ ਕਰ ਦਿੱਤਾ। ਕੈਨੇਡੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ। ਪੁਲਿਸ ਨੇ ਕੁਝ ਘੰਟਿਆਂ ਬਾਅਦ ਲੀ ਹਾਰਵੇ ਓਸਵਾਲਡ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੋ ਦਿਨ ਬਾਅਦ, ਓਸਵਾਲਡ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ, ਜਦੋਂ ਉਸਨੂੰ ਪੁਲਿਸ ਹੈੱਡਕੁਆਰਟਰ ਤੋਂ ਜੇਲ੍ਹ ਲਿਜਾਇਆ ਜਾ ਰਿਹਾ ਸੀ।

ਸੰਯੁਕਤ ਰਾਜ ਦੇ 38ਵੇਂ ਰਾਸ਼ਟਰਪਤੀ ਗੇਰਾਲਡ ਫੋਰਡ ’ਤੇ 1975 ਵਿਚ ਕੁਝ ਹਫ਼ਤਿਆਂ ਵਿਚ ਦੋ ਘਾਤਕ ਹਮਲੇ ਹੋਏ ਅਤੇ ਦੋਵੇਂ ਘਟਨਾਵਾਂ ਵਿਚ ਬਚ ਗਏ।

**ਰੋਨਾਲਡ ਰੀਗਨ, ਅਮਰੀਕਾ ਦਾ 40ਵਾਂ ਰਾਸ਼ਟਰਪਤੀ:** ਰੀਗਨ ਮਾਰਚ 1981 ਵਿਚ ਵਾਸ਼ਿੰਗਟਨ ਵਿਚ ਇੱਕ ਭਾਸ਼ਣ ਦੇ ਕੇ ਨਿਕਲ ਰਿਹਾ ਸੀ, ਜਦੋਂ ਭੀੜ ਵਿਚ ਮੌਜੂਦ ਜੌਹਨ ਹਿਨਕਲੇ ਜੂਨੀਅਰ ਨੇ ਉਸਨੂੰ ਗੋਲੀ ਮਾਰ ਦਿੱਤੀ। ਇਲਾਜ ਤੋਂ ਬਾਅਦ ਉਹ ਠੀਕ ਹੋ ਗਿਆ।

## ■ ਕਈ ਹੋਰਾਂ ’ਤੇ ਵੀ ਹੋਏ ਹਮਲੇ

**ਸੰਯੁਕਤ ਰਾਜ ਦੇ 43ਵੇਂ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼:** ਬੁਸ਼ 2005 ਵਿਚ ਜਾਰਜੀਆ ਦੇ ਰਾਸ਼ਟਰਪਤੀ ਮਿਖਾਇਲ ਸਾਕਸ਼ਵਿਲੀ ਨਾਲ ਇੱਕ ਰੈਲੀ ਵਿਚ ਸ਼ਾਮਲ ਹੋ ਰਹੇ ਸਨ, ਜਦੋਂ ਇੱਕ ਹੈਂਡ ਗ੍ਰੇਨੇਡ ਉਨ੍ਹਾਂ ਵੱਲ ਸੁੱਟਿਆ ਗਿਆ ਸੀ। ਗ੍ਰੇਨੇਡ ਨਹੀਂ ਫਟਿਆ ਅਤੇ ਕੋਈ ਜ਼ਖਮੀ ਨਹੀਂ ਹੋਇਆ।


**ਰਾਸ਼ਟਰਪਤੀ ਉਮੀਦਵਾਰ ਥੀਓਡੋਰ ਰੂਜ਼ਵੈਲਟ:** ਸਾਬਕਾ ਰਾਸ਼ਟਰਪਤੀ ਰੂਜ਼ਵੈਲਟ ਨੂੰ 1912 ਵਿਚ ਮਿਲਵਾਕੀ ਵਿਚ ਚੋਣ ਪ੍ਰਚਾਰ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ। ਇਸ ਹਮਲੇ ’ਚ ਉਸ ਨੂੰ ਕੋਈ ਗੰਭੀਰ ਸੱਟ ਨਹੀਂ ਲੱਗੀ।

**ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰੌਬਰਟ ਐੱਫ. ਕੈਨੇਡੀ:** ਕੈਨੇਡੀ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਉਮੀਦਵਾਰ ਬਣਨ ਦੀ ਦੌੜ ਵਿਚ ਸਨ, ਜਦੋਂ 1968 ਵਿਚ ਲਾਸ ਏਂਜਲਸ ਵਿਚ ਉਨ੍ਹਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

**ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜਾਰਜ ਸੀ. ਵੈਲੇਸ:** ਵੈਲੇਸ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਲਈ ਦੌੜ ਰਿਹਾ ਸੀ, ਜਦੋਂ ਉਸਨੂੰ 1972 ਵਿਚ ਮੈਰੀਲੈਂਡ ਵਿਚ ਇੱਕ ਮੁਹਿੰਮ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ। ਇਸ ਘਟਨਾ ਕਾਰਨ ਉਸ ਨੂੰ ਕਮਰ ਤੋਂ ਹੇਠਾਂ ਤੱਕ ਅਧਰੰਗ ਹੋ ਗਿਆ।

# ਹਿਊਸਟਨ ਦੇ ਡਿਪਟੀ ਦੀ ਘਾਤ ਲਾ ਕੇ ਕੀਤੇ ਹਮਲੇ ਵਿਚ ਮੌਤ

## ■ ਸ਼ੱਕੀ ਦੋਸ਼ੀ ਵਿਰੁੱਧ “ਕੈਪੀਟਲ ਮਰਡਰ” ਦੇ ਦੋਸ਼ ਆਇਦ



ਡਿਪਟੀ ਫਰਨਾਂਡੋ ਐਸਕੂਏਡਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਰਾਜ ਟੈਕਸਾਸ ਦੇ ਹਿਊਸਟਨ ਖੇਤਰ ਦੇ ਇਕ ਡਿਪਟੀ ਦੀ ਉਸ ਉਪਰ ਘਾਤ ਲਾ ਕੇ ਕੀਤੇ ਹਮਲੇ ਵਿਚ ਮੌਤ ਹੋਣ ਦੀ ਖਬਰ ਹੈ। ਲਿਟਲ ਕੇਸਾਰਸ ਪੀਜ਼ਾ ਵਿਖੇ ਇਕ ਮੁਲਾਜ਼ਮ ਉਪਰ ਹਮਲਾ ਹੋਣ ਦੀ ਸੂਚਨਾ ਮਿਲਣ ’ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਚੀਫ ਡਿਪਟੀ ਮਾਈਕ ਲੀ ਨੇ ਜਾਰੀ ਇਕ ਬਿਆਨ ’ਚ ਕਿਹਾ ਹੈ ਕਿ ਸ਼ੱਕੀ ਦੋਸ਼ੀ ਜਿਸ ਦੀ ਬਾਅਦ ਵਿਚ ਪਛਾਣ 44 ਸਾਲਾ ਰੋਨਾਲਡ ਪਲਮਰ ਵਜੋਂ ਹੋਈ ਹੈ, ਖਾਣ-ਪੀਣ ਲਈ ਮੰਗਵਾਈ ਸਮੱਗਰੀ ਠੀਕ ਨਾ ਹੋਣ ਕਾਰਨ ਭੜਕ ਉਠਿਆ ਤੇ ਉਹ ਲਿਟਲ ਕੇਸਾਰਸ ਪੀਜ਼ਾ ਦੇ ਇਕ ਮੁਲਾਜ਼ਮ ਨੂੰ ਮੰਦਾ ਚੰਗਾ ਬੋਲ ਕੇ ਤੇ ਉਸ ਦੇ ਪਿਸਤੌਲ ਮਾਰ ਕੇ ਫਰਾਰ ਹੋ ਗਿਆ। ਮੁਲਾਜ਼ਮ ਵੱਲੋਂ ਸ਼ੱਕੀ ਦੇ ਵਾਹਣ ਬਾਰੇ ਦਿੱਤੀ ਜਾਣਕਾਰੀ ਅਨੁਸਾਰ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਇਲਾਕੇ ਦੀ ਘੇਰਾਬੰਦੀ ਕੀਤੀ। ਡਿਪਟੀ ਫਰਨਾਂਡੋ ਐਸਕੂਏਡਾ ਨੇ ਸ਼ੱਕੀ ਦੀ ਕਾਰ ਮਿਲਣ ’ਤੇ ਆਪਣੇ ਦੂਸਰੇ ਟੀਮ ਮੈਂਬਰਾਂ ਨੂੰ ਸੂਚਿਤ ਕੀਤਾ। ਲੀ ਅਨੁਸਾਰ ਜਦੋਂ ਡਿਪਟੀ ਫੋਨ ਉਪਰ ਦੂਸਰੇ ਪੁਲਿਸ ਅਫਸਰਾਂ ਨਾਲ ਗੱਲ ਕਰ ਰਿਹਾ ਸੀ, ਤਾਂ ਉਸ ਉਪਰ ਘਾਤ ਲਾ ਕੇ ਹਮਲਾ ਕੀਤਾ ਗਿਆ, ਜਿਸ ਹਮਲੇ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਦੇ ਕਈ ਗੋਲੀਆਂ ਵੱਜੀਆਂ। 28 ਸਾਲਾ ਐਸਕੂਏਡਾ ਨੂੰ ਇਕ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਐਸਕੂਏਡਾ ਪਿਛਲੇ 5 ਸਾਲਾਂ ਤੋਂ ਸ਼ੈਰਿਫ ਦਫਤਰ ਵਿਖੇ ਤਾਇਨਾਤ ਸੀ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਲਮਰ ਨੂੰ ਸਭ ਤੋਂ ਵਧ ਖਤਰਨਾਕ ਲੋੜੀਂਦੇ ਭਗੌੜਿਆਂ ਦੀ ਸੂਚੀ ’ਚ ਸ਼ਾਮਲ ਕਰਨ ਉਪਰੰਤ ਕੁਝ ਘੰਟਿਆਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ “ਕੈਪੀਟਲ ਮਰਡਰ” ਦੇ ਦੋਸ਼ ਆਇਦ ਕੀਤੇ ਗਏ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**



# ਜਲੰਧਰ ਵੈਸਟ ਦੀ ਜ਼ਿਮਨੀ ਚੋਣ ਦੀ ਜਿੱਤ ਮੁੱਖ ਮੰਤਰੀ ਲਈ 'ਬਿਗ ਬੂਸਟ' ਦਾ ਕਰੇਗੀ ਕੰਮ

**ਜਲੰਧਰ, (ਪੰਜਾਬ ਮੇਲ)-** ਪੰਜਾਬ ਦੇ ਜਲੰਧਰ ਵੈਸਟ ਵਿਧਾਨ ਸਭਾ ਹਲਕੇ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਪ-ਚੋਣਾਂ 'ਚ ਮਿਲੀ ਵੱਡੀ ਜਿੱਤ ਉਸ ਲਈ 'ਬਿਗ ਬੂਸਟ' ਦਾ ਕੰਮ ਕਰੇਗੀ।

ਲੋਕ ਸਭਾ ਚੋਣਾਂ 'ਚ ਕਾਂਗਰਸ ਵੱਲੋਂ 7 ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰਨ ਪਿੱਛੋਂ ਸੂਬੇ 'ਚ ਇਹ ਚਰਚਾ ਸ਼ੁਰੂ ਹੋ ਗਈ ਸੀ ਕਿ ਅਗਲੀ ਸਰਕਾਰ ਕਾਂਗਰਸ ਬਣਾਵੇਗੀ ਪਰ ਆਮ ਆਦਮੀ ਪਾਰਟੀ ਨੇ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਜਲੰਧਰ ਵੈਸਟ ਹਲਕੇ ਦੀ ਉਪ-ਚੋਣ 'ਚ ਵੱਡੀ ਜਿੱਤ ਹਾਸਲ ਕੀਤੀ ਹੈ, ਉਸ ਦੇ ਬਾਅਦ ਵਿਰੋਧੀਆਂ ਨੂੰ ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਹੁਣ ਆਪਣੇ ਵਿਰੋਧੀਆਂ ਨੂੰ ਇਹ ਕਹਿਣ ਦੀ ਸਥਿਤੀ 'ਚ ਆ ਗਏ ਹਨ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਤੁਲਨਾ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੇ ਨਾਲ ਨਹੀਂ ਕੀਤੀ ਜਾ ਸਕਦੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਲਈ ਵੀ ਬੂਸਟ ਮਿਲੇਗੀ ਕਿਉਂਕਿ ਇਕ ਤਾਂ ਪਾਰਟੀ ਦੇ ਅੰਦਰ ਉਨ੍ਹਾਂ ਦੀ ਪਕੜ ਫਿਰ ਤੋਂ ਮਜ਼ਬੂਤ ਹੋਵੇਗੀ ਅਤੇ ਨਾਲ ਹੀ ਹੁਣ ਕੋਈ ਭਗਵੰਤ ਮਾਨ ਦੀ ਲੀਡਰਸ਼ਿਪ 'ਤੇ ਸਵਾਲ ਨਹੀਂ ਉਠਾਏਗਾ।

ਮੁੱਖ ਮੰਤਰੀ ਨੇ ਜਿਸ ਤਰ੍ਹਾਂ ਜਲੰਧਰ ਵੈਸਟ ਹਲਕੇ 'ਚ ਉਪ-ਚੋਣਾਂ ਦੌਰਾਨ ਜਲੰਧਰ 'ਚ ਡੇਰਾ ਪਾਈ ਰੱਖਿਆ, ਉਸ ਨਾਲ ਵੀ ਵਰਕਰਾਂ ਦਾ ਹੌਸਲਾ ਉੱਚਾ ਹੋਇਆ ਸੀ ਅਤੇ ਮੁੱਖ ਮੰਤਰੀ ਨੇ ਇਹ ਪ੍ਰਭਾਵ ਵੀ ਦਿੱਤਾ ਸੀ ਕਿ ਹਰੇਕ ਮੰਤਰੀ, ਵਿਧਾਇਕ ਤੇ ਵਾਲੰਟੀਅਰਜ਼ ਨੂੰ ਪਾਰਟੀ ਲਈ ਸਖਤ ਮਿਹਨਤ ਕਰਨੀ ਹੋਵੇਗੀ। ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੀ ਲਗਾਤਾਰ ਜਲੰਧਰ 'ਚ ਅੜੀ ਰਹੀ। ਮੁੱਖ ਮੰਤਰੀ ਦੀ ਮਾਤਾ ਤੇ ਭੈਣ ਵੀ ਜਲੰਧਰ 'ਚ ਹੀ ਰਹੀ ਅਤੇ ਸਭ ਨੇ ਵੱਖ-ਵੱਖ ਮੋਰਚਿਆਂ 'ਤੇ ਕੰਮ ਕੀਤਾ।

ਹਾਲਾਂਕਿ ਉਪ-ਚੋਣਾਂ ਦੇ ਨਤੀਜੇ ਆਮ ਤੌਰ 'ਤੇ ਸਰਕਾਰ ਦੇ ਪੱਖ 'ਚ ਹੀ ਜਾਂਦੇ ਹਨ ਪਰ ਕਈ ਵਾਰ ਉਲਟ-ਫੇਰ ਹੁੰਦੇ ਹੋਏ ਵੀ ਦੇਖੇ ਗਏ ਹਨ। ਜਲੰਧਰ ਵੈਸਟ ਦੀ ਉਪ-ਚੋਣ ਇਸ ਲਈ ਵੀ ਅਹਿਮ ਹੈ ਕਿਉਂਕਿ ਲੋਕ ਸਭਾ ਚੋਣਾਂ ਦੇ ਦੌਰਾਨ ਜਲੰਧਰ ਵੈਸਟ 'ਚ ਕਾਂਗਰਸ ਨੂੰ ਸਭ ਤੋਂ ਵੱਧ ਲਗਭਗ 44394 ਵੋਟਾਂ ਮਿਲੀਆਂ ਸੀ ਅਤੇ ਦੂਜੇ ਸਥਾਨ 'ਤੇ ਭਾਜਪਾ ਰਹੀ ਸੀ, ਜਿਸ ਨੂੰ 42837 ਦੇ ਲਗਭਗ ਵੋਟਾਂ ਮਿਲੀਆਂ ਸੀ।

# ਕਮਲਾ ਹੈਰਿਸ ਰਾਸ਼ਟਰਪਤੀ ਬਣਨ ਦੇ ਯੋਗ : ਜੋਅ ਬਾਇਡਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇਸ਼ ਦੀ ਅਗਵਾਈ ਕਰਨ ਲਈ "ਯੋਗ" ਹਨ। ਬਾਇਡਨ ਨੇ ਵੀਰਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਵਿਚ ਕਿਹਾ, "ਸ਼ੁਰੂ ਤੋਂ ਹੀ, ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਰਿਹਾ ਹੈ। ਉਹ ਰਾਸ਼ਟਰਪਤੀ ਬਣਨ ਦੇ ਯੋਗ ਹਨ। ਇਸ ਲਈ ਮੈਂ ਉਸਨੂੰ ਚੁਣਿਆ ਹੈ।" ਇਸ ਟਿੱਪਣੀ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ, ਉਸਨੇ ਕਿਹਾ, "ਸਭ ਤੋਂ ਪਹਿਲਾਂ, ਜਿਸ ਤਰ੍ਹਾਂ ਉਸਨੇ ਔਰਤਾਂ ਦੀ ਆਜ਼ਾਦੀ ਦੇ ਮੁੱਦੇ ਨੂੰ ਸੰਭਾਲਿਆ ਅਤੇ ਦੂਜਾ, ਲਗਭਗ ਕਿਸੇ ਵੀ ਮੁੱਦੇ ਨੂੰ ਸੰਭਾਲਣ ਦੀ ਉਸਦੀ ਸ਼ਾਨਦਾਰ ਯੋਗਤਾ ਇਸ ਦਾ ਕਾਰਨ ਹੈ।" ਬਾਇਡਨ ਨੇ ਕਿਹਾ "ਜਦੋਂ ਤੱਕ ਮੈਨੂੰ ਨਹੀਂ ਲੱਗਦਾ ਕਿ ਉਹ ਰਾਸ਼ਟਰਪਤੀ ਬਣਨ ਦੇ ਯੋਗ ਹੈ, ਮੈਂ ਉਸਨੂੰ ਨਹੀਂ ਚੁਣਦਾ।"

ਸਾਲ 2020 ਵਿਚ ਅਮਰੀਕਾ ਦੇ ਉਪ ਰਾਸ਼ਟਰਪਤੀ ਵਜੋਂ ਚੁਣੀ ਜਾਣ ਵਾਲੀ 59 ਸਾਲਾ ਹੈਰਿਸ ਪਹਿਲੀ ਔਰਤ, ਪਹਿਲੀ ਕਾਲੀ ਅਮਰੀਕੀ ਅਤੇ ਪਹਿਲੀ ਦੱਖਣੀ ਏਸ਼ੀਆਈ ਅਮਰੀਕੀ ਹੈ। ਪਿਛਲੇ ਮਹੀਨੇ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਨਾਲ ਇੱਕ ਟੀ.ਵੀ. ਬਹਿਸ ਵਿਚ ਅਸਫਲ ਰਹਿਣ ਤੋਂ ਬਾਅਦ ਨਵੰਬਰ ਵਿਚ 81 ਸਾਲਾ ਬਾਇਡਨ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਲਈ ਕਿਹਾ ਗਿਆ ਸੀ। ਪ੍ਰੈੱਸ ਕਾਨਫਰੰਸ ਦੌਰਾਨ, ਬਾਇਡਨ ਦੀ ਜ਼ੁਬਾਨ ਫਿਸਲ ਗਈ ਅਤੇ ਗਲਤੀ ਨਾਲ ਕਮਲਾ ਹੈਰਿਸ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਕਹਿ ਦਿੱਤਾ। ਉਸਨੇ ਕਿਹਾ, "ਮੈਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਟਰੰਪ ਨੂੰ ਨਹੀਂ ਚੁਣਦਾ, ਜੇ ਮੈਂ ਸੋਚਦਾ ਸੀ ਕਿ ਉਹ (ਹੈਰਿਸ) ਰਾਸ਼ਟਰਪਤੀ ਬਣਨ ਦੇ ਯੋਗ ਨਹੀਂ ਹਨ..." ਬਾਇਡਨ ਅਮਰੀਕਾ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਉਨ੍ਹਾਂ ਕਿਹਾ, "ਮੈਂ ਚੋਣਾਂ ਲੜਨ ਲਈ ਵਚਨਬੱਧ ਹਾਂ। ਮੈਨੂੰ ਲੱਗਦਾ ਹੈ ਕਿ ਮੈਂ ਰਾਸ਼ਟਰਪਤੀ ਲਈ ਚੋਣ ਲੜਨ ਲਈ ਸਭ ਤੋਂ ਯੋਗ ਵਿਅਕਤੀ ਹਾਂ। ਮੈਂ ਉਨ੍ਹਾਂ (ਟਰੰਪ) ਨੂੰ ਇਕ ਵਾਰ ਹਰਾਇਆ ਸੀ ਅਤੇ ਹੁਣ ਮੈਂ ਉਨ੍ਹਾਂ ਨੂੰ ਦੁਬਾਰਾ ਹਰਾਵਾਂਗਾ।"

# ਅਸੈਂਬਲੀ ਜ਼ਿਮਨੀ ਚੋਣਾਂ: 13 'ਚੋਂ 10 ਸੀਟਾਂ ਉੱਤੇ 'ਇੰਡੀਆ' ਗੱਠਜੋੜ ਕਾਬਜ਼

- ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੇ ਚਾਰੋਂ ਸੀਟਾਂ ਜਿੱਤੀਆਂ
- ਕਾਂਗਰਸ ਵੱਲੋਂ ਹਿਮਾਚਲ ਤੇ ਉੱਤਰਾਖੰਡ 'ਚ ਦੋ-ਦੋ ਸੀਟਾਂ ਉੱਤੇ ਜਿੱਤ ਦਰਜ
- ਭਾਜਪਾ ਹਿੱਸੇ ਸਿਰਫ਼ ਦੋ ਸੀਟਾਂ ਆਈਆਂ



**ਜ਼ਿਮਨੀ ਚੋਣਾਂ 'ਚ ਪੱਛਮੀ ਬੰਗਾਲ ਦੀਆਂ ਚਾਰੋਂ ਵਿਧਾਨ ਸਭਾ ਸੀਟਾਂ 'ਤੇ ਹੋਈ ਤ੍ਰਿਣਮੂਲ ਕਾਂਗਰਸ ਦੀ ਜਿੱਤ ਤੋਂ ਬਾਅਦ ਕੋਲਾਕਾਤਾ ਵਿਚ ਖੁਸ਼ੀ ਮਨਾਉਂਦੇ ਹੋਏ ਪਾਰਟੀ ਵਰਕਰ ਤੇ ਸਮਰਥਕ।**

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ, ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ ਅਤੇ ਡੀ.ਐੱਮ.ਕੇ. ਦੀ ਸ਼ਮੂਲੀਅਤ ਵਾਲਾ 'ਇੰਡੀਆ' ਗੱਠਜੋੜ ਸੱਤ ਸੂਬਿਆਂ ਦੀਆਂ 13 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਲਈ ਪਈਆਂ ਵੋਟਾਂ 'ਚ ਪੰਜਾਬ ਦੀ ਜਲੰਧਰ ਪੱਛਮੀ, ਹਿਮਾਚਲ ਪ੍ਰਦੇਸ਼ ਦੀਆਂ ਦੇਹਰਾ ਤੇ ਨਾਲਾਗੜ੍ਹ ਸੀਟਾਂ, ਪੱਛਮੀ ਬੰਗਾਲ ਦੀਆਂ ਚਾਰੋਂ ਵਿਧਾਨ ਸਭਾ ਸੀਟਾਂ ਰਾਏਗੰਜ, ਰਾਨਾਘਾਟ ਦੱਖਣੀ, ਬਾਗਦਾ ਅਤੇ ਮਾਨਿਕਤਲਾ ਜਿੱਤਣ ਵਿਚ ਸਫ਼ਲ ਰਿਹਾ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਡੀ.ਐੱਮ.ਕੇ. ਨੇ ਵਿਕਰਵਾਂਡੀ ਸੀਟ 'ਤੇ ਜਿੱਤ ਦਰਜ ਕੀਤੀ। ਉੱਤਰਾਖੰਡ ਵਿਚ ਕਾਂਗਰਸ ਨੇ ਬਦਰੀਨਾਥ ਤੇ ਮੰਗਲੌਰ ਦੋਵੇਂ ਸੀਟਾਂ 'ਤੇ ਜਿੱਤ ਦਰਜ ਕੀਤੀ। ਦੂਜੇ ਪਾਸੇ ਤਰ੍ਹਾਂ ਭਾਜਪਾ ਨੇ ਹਿਮਾਚਲ ਪ੍ਰਦੇਸ਼ ਦੀ ਹਮੀਰਪੁਰ ਸੀਟ ਅਤੇ ਮੱਧ ਪ੍ਰਦੇਸ਼ ਦੀ ਅਮਰਵਾੜਾ ਸੀਟ 'ਤੇ ਜਿੱਤ ਦਰਜ ਕੀਤੀ। ਉੱਧਰ, ਬਿਹਾਰ ਦੀ ਰੂਪੌਲੀ ਵਿਧਾਨ ਸਭਾ ਸੀਟ ਇਕ ਆਜ਼ਾਦ ਉਮੀਦਵਾਰ ਨੇ ਜਿੱਤ ਲਈ ਹੈ।

ਪੰਜਾਬ ਦੀ ਜਲੰਧਰ ਪੱਛਮੀ ਦੀ ਸੀਟ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਨੇ 37,325 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਦੀ ਦੇਹਰਾ ਸੀਟ ਸੂਬੇ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ 9399 ਵੋਟਾਂ ਨਾਲ ਜਿੱਤ ਲਈ ਹੈ। ਉਨ੍ਹਾਂ ਦੋ ਵਾਰ ਵਿਧਾਇਕ ਰਹੇ ਭਾਜਪਾ ਉਮੀਦਵਾਰ ਹੁਸ਼ਿਆਰ ਸਿੰਘ ਨੂੰ ਹਰਾਇਆ ਹੈ। ਉੱਧਰ, ਹਿਮਾਚਲ ਪ੍ਰਦੇਸ਼ ਦੀ ਹੀ ਨਾਲਾਗੜ੍ਹ ਸੀਟ 'ਤੇ ਕਾਂਗਰਸ ਦੇ ਹਰਦੀਪ ਸਿੰਘ ਬਾਵਾ ਨੇ 8990 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਪੱਛਮੀ ਬੰਗਾਲ ਦੀਆਂ ਤਿੰਨ ਵਿਧਾਨ ਸਭਾ ਸੀਟਾਂ 'ਤੇ ਹੋਈ ਜ਼ਿਮਨੀ ਚੋਣ ਵਿਚ ਰਾਏਗੰਜ ਸੀਟ ਤੋਂ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਕ੍ਰਿਸ਼ਨਾ ਕਲਿਆਣੀ ਨੇ ਆਪਣੇ ਨੇੜਲੇ ਵਿਰੋਧੀ ਅਤੇ ਭਾਜਪਾ ਉਮੀਦਵਾਰ ਮਾਨਸ ਕੁਮਾਰ ਘੋਸ਼ ਨੂੰ 50,077 ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ ਹੈ। ਕਲਿਆਣੀ ਨੂੰ 86,479 ਵੋਟਾਂ ਮਿਲੀਆਂ, ਜਦਕਿ ਘੋਸ ਨੂੰ 36,402 ਵੋਟਾਂ ਮਿਲੀਆਂ। ਇਸੇ ਤਰ੍ਹਾਂ ਸੂਬੇ ਦੀ ਰਾਨਾਘਾਟ ਦੱਖਣੀ ਸੀਟ ਤੋਂ ਟੀ.ਐੱਮ.ਸੀ. ਦੇ ਮੁਕੁਟਮਨੀ ਅਧਿਕਾਰੀ ਨੇ ਭਾਜਪਾ ਦੇ ਮਨੋਜ ਕੁਮਾਰ ਬਿਸਵਾਸ ਨੂੰ 39048 ਵੋਟਾਂ ਨਾਲ ਹਰਾਇਆ। ਸੂਬੇ ਦੀ ਹੀ ਬਾਗਦਾ ਸੀਟ ਤੋਂ ਟੀ.ਐੱਮ.ਸੀ. ਦੇ ਮਧੂਪਰਨ ਠਾਕੁਰ ਨੇ ਭਾਜਪਾ ਦੇ ਵਿਨੈ ਕੁਮਾਰ ਬਿਸਵਾਸ ਨੂੰ 33455 ਵੋਟਾਂ ਨਾਲ ਹਰਾਇਆ। ਇਸ ਤੋਂ ਇਲਾਵਾ ਪੱਛਮੀ ਬੰਗਾਲ ਦੀ ਹੀ ਮਾਨਿਕਤਲਾ ਸੀਟ 'ਤੇ ਵੀ ਟੀ.ਐੱਮ.ਸੀ. ਦੀ ਸੁਪਤੀ ਪਾਂਡੇ ਨੇ ਭਾਜਪਾ ਉਮੀਦਵਾਰ ਕਲਿਆਣ ਚੌਬੇ ਨੂੰ 62312 ਵੋਟਾਂ ਦੇ ਫਰਕ ਨਾਲ ਹਰਾਇਆ। ਤਾਮਿਲਨਾਡੂ ਦੀ ਵਿਕਰਵਾਂਡੀ ਵਿਧਾਨ ਸਭਾ ਸੀਟ 'ਇੰਡੀਆ' ਗੱਠਜੋੜ ਦੀ ਭਾਈਵਾਲ ਡੀ.ਐੱਮ.ਕੇ. ਦੇ ਉਮੀਦਵਾਰ ਏ ਸ਼ਿਵਾ ਨੇ 67,757 ਵੋਟਾਂ ਨਾਲ ਜਿੱਤੀ। ਉੱਤਰਾਖੰਡ ਵਿਚ ਕਾਂਗਰਸ ਦੇ ਲਖਪਤ ਸਿੰਘ ਬੁਟੋਲਾ ਨੇ ਅੱਜ ਜ਼ਿਮਨੀ ਚੋਣਾਂ ਦੇ ਨਤੀਜਿਆਂ 'ਚ ਬਦਰੀਨਾਥ ਵਿਧਾਨ ਸਭਾ ਸੀਟ ਜਿੱਤ ਲਈ। ਉਨ੍ਹਾਂ ਭਾਜਪਾ ਦੇ ਰਾਜਿੰਦਰ ਸਿੰਘ ਭੰਡਾਰ ਨੂੰ 5224 ਵੋਟਾਂ ਨਾਲ ਹਰਾਇਆ। ਉੱਤਰਾਖੰਡ ਦੀ ਮੰਗਲੌਰ ਸੀਟ 'ਤੇ ਵੀ ਕਾਂਗਰਸ ਦੇ ਕਾਜ਼ੀ ਮੁਹੰਮਦ ਨਿਜ਼ਾਮੂਦੀਨ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਭਾਜਪਾ ਦੇ ਕਰਤਾਰ ਸਿੰਘ ਭੜਾਨਾ ਨੂੰ 422 ਵੋਟਾਂ ਦੇ ਫ਼ਰਕ ਨਾਲ ਹਰਾਇਆ।

ਇਸੇ ਦੌਰਾਨ ਬਿਹਾਰ ਦੀ ਰੂਪੌਲੀ ਵਿਧਾਨ ਸਭਾ ਸੀਟ 'ਤੇ ਆਜ਼ਾਦ ਉਮੀਦਵਾਰ ਸ਼ੰਕਰ ਸਿੰਘ ਨੇ ਜਨਤਾ ਦਲ (ਯੂਨਾਈਟਿਡ) ਦੇ ਕਲਾਧਰ ਪ੍ਰਸਾਦ ਮੰਡਲ ਨੂੰ 8000 ਤੋਂ ਵੱਧ ਵੋਟਾਂ ਨਾਲ ਹਰਾਇਆ।

ਉੱਧਰ, ਭਾਜਪਾ ਦੇ ਆਸ਼ੀਸ਼ ਸ਼ਰਮਾ ਨੇ ਹਿਮਾਚਲ ਪ੍ਰਦੇਸ਼ ਦੀ ਹਮੀਰਪੁਰ ਸੀਟ 1571 ਵੋਟਾਂ ਦੇ ਫਰਕ ਨਾਲ ਜਿੱਤੀ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੀ ਅਮਰਵਾੜਾ ਸੀਟਾ ਭਾਜਪਾ ਦੇ ਕਮਲੇਸ਼ ਸ਼ਾਹ ਨੇ 3200 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਲਈ।




# ਰਾਜਾ ਵੜਿੰਗ ਅਤੇ ਚਰਨਜੀਤ ਚੰਨੀ ਵਿਚਾਲੇ ਬਣੇ '36 ਦੇ ਅੰਕੜੇ' ਨੇ ਕਾਂਗਰਸ ਦੀ ਬੇੜੀ ਡੋਬੀ

**ਜਲੰਧਰ, (ਪੰਜਾਬ ਮੇਲ)-** ਪੱਛਮੀ ਵਿਧਾਨ ਸਭਾ ਹਲਕੇ ਦੀ ਉਪ-ਚੋਣ 'ਚ ਕਾਂਗਰਸ ਨੂੰ ਮਿਲੀ ਕਰਾਰੀ ਹਾਰ ਦਾ ਭਾਂਡਾ ਹੁਣ ਦੂਸਰਿਆਂ ਦੇ ਸਿਰ ਭੰਨ੍ਹਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ ਪਰ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਖੁਦ ਨੂੰ ਭਵਿੱਖ ਦੇ ਮੁੱਖ ਮੰਤਰੀ ਦੇ ਤੌਰ 'ਤੇ ਵੇਖ ਰਹੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵਿਚਾਲੇ ਬਣੇ '36 ਦੇ ਅੰਕੜੇ' ਅਤੇ ਗਲਬੇ ਦੀ ਲੜਾਈ ਨੇ ਕਾਂਗਰਸ ਦੀ ਬੇੜੀ ਡੁਬੋਣ 'ਚ ਵੱਡਾ ਰੋਲ ਅਦਾ ਕੀਤਾ ਹੈ।

ਹਾਲਾਂਕਿ ਇਹ ਲੜਾਈ ਕਿਸੇ ਜਨਤਕ ਪਲੇਟਫਾਰਮ 'ਤੇ ਸਾਹਮਣੇ ਨਹੀਂ ਆਈ ਪਰ ਲੋਕ ਸਭਾ ਚੋਣਾਂ ਦੇ 4 ਜੂਨ ਨੂੰ ਨਤੀਜੇ ਆਉਣ ਤੋਂ ਬਾਅਦ ਅਚਾਨਕ 10 ਜੂਨ ਨੂੰ ਪੰਜਾਬ 'ਚ ਸਿਰਫ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ-ਚੋਣ ਦੇ ਐਲਾਨ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਅਤੇ ਸਾਰੀਆਂ ਸਿਆਸੀ ਪਾਰਟੀਆਂ ਉਪ-ਚੋਣ ਨੂੰ ਲੈ ਕੇ ਜ਼ੋਰ-ਸ਼ੋਰ ਨਾਲ ਜੁੱਟ ਗਈਆਂ। ਕਾਂਗਰਸ ਨੇ 19 ਜੂਨ ਨੂੰ ਨਗਰ ਨਿਗਮ ਦੀ ਸਾਬਕਾ ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੌਰ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ, ਜਿਸ ਤੋਂ ਬਾਅਦ ਹਲਕੇ 'ਚ ਚੋਣ ਪ੍ਰਚਾਰ ਸ਼ੁਰੂ ਹੋ ਗਿਆ।

■ **2027 ਦੀਆਂ ਵਿਧਾਨ ਸਭਾ ਚੋਣਾਂ 'ਚ ਖੁਦ ਨੂੰ ਭਵਿੱਖ ਦੇ ਮੁੱਖ ਮੰਤਰੀ ਵਜੋਂ ਦੇਖ ਰਹੇ ਹਨ**



ਇਸ ਤੋਂ ਪਹਿਲਾਂ ਹੀ ਸੰਸਦ ਮੈਂਬਰ ਚਰਨਜੀਤ ਚੰਨੀ ਨੇ ਪੰਜਾਬ ਵਿਧਾਨ ਸਭਾ ਦੇ ਉਪ-ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਮੀਟਿੰਗ ਕਰਕੇ ਜਲੰਧਰ ਦੇ ਵਿਧਾਇਕਾਂ, ਸਾਬਕਾ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੀ ਹਾਜ਼ਰੀ 'ਚ ਉਨ੍ਹਾਂ ਦੀ ਇਸ ਉਪ-ਚੋਣ ਨੂੰ ਲੈ ਕੇ ਡਿਊਟੀ ਲਾ ਦਿੱਤੀ।

11 ਜੁਲਾਈ ਨੂੰ ਰਾਜਾ ਵੜਿੰਗ ਨੇ ਜਲੰਧਰ 'ਚ ਡੇਰਾ ਲਾਉਂਦੇ ਹੋਏ ਪੰਜਾਬ ਦੇ ਵਿਧਾਇਕਾਂ, ਸਾਬਕਾ ਵਿਧਾਇਕਾਂ, ਸੂਬਾ ਕਾਂਗਰਸ ਦੇ ਅਹੁਦੇਦਾਰਾਂ ਦੀ ਹਲਕੇ ਦੇ ਸਾਰੇ 181 ਬੂਥਾਂ 'ਤੇ ਉਨ੍ਹਾਂ ਦੀਆਂ ਡਿਊਟੀਆਂ ਲਾ ਦਿੱਤੀਆਂ।

ਇਸ 'ਤੇ ਚੰਨੀ ਨੇ ਆਪਣਾ ਇਤਰਾਜ ਜ਼ਾਹਿਰ ਕਰਦੇ ਹੋਏ ਕਿਹਾ ਕਿ ਮੇਰੇ ਸੰਸਦੀ ਹਲਕੇ 'ਚ ਮੈਂ ਜੇ ਪਹਿਲਾਂ ਹੀ ਚੋਣ ਪ੍ਰਚਾਰ ਨੂੰ ਲੈ ਕੇ ਡਿਊਟੀਆਂ ਨਿਰਧਾਰਤ ਕਰ ਦਿੱਤੀਆਂ ਹਨ, ਅਜਿਹੇ 'ਚ ਸੂਬਾ ਪ੍ਰਧਾਨ ਉਨ੍ਹਾਂ ਉੱਤੇ ਆਪਣੀ ਫੌਜ ਨੂੰ ਚੋਣ 'ਚ ਕਿਉਂ ਧੱਕ ਰਹੇ ਹਨ।

ਸੂਤਰਾਂ ਦੀ ਮੰਨੀਏ, ਤਾਂ ਰਾਜਾ ਵੜਿੰਗ ਦੇ ਦਖਲ ਨੂੰ ਵੇਖ ਕੇ ਸੰਸਦ ਮੈਂਬਰ ਚੰਨੀ ਨੇ ਇਕ ਵਾਰ ਤਾਂ ਚੋਣ ਪ੍ਰਚਾਰ ਤੋਂ ਕਦਮ ਪਿੱਛੇ ਖਿੱਚ ਲੈਣ ਤੱਕ ਦੀ ਧਮਕੀ ਦੇ ਦਿੱਤੀ ਸੀ। ਉੱਥੇ ਹੀ, ਰਾਜਾ ਵੜਿੰਗ ਨੇ 66 ਫੁੱਟ ਰੋਡ 'ਤੇ ਸਥਿਤ ਇਕ ਰਿਜ਼ਾਰਟ 'ਚ ਪ੍ਰਦੇਸ਼ ਕਾਂਗਰਸ ਦੀ ਮੀਟਿੰਗ ਬੁਲਾਈ, ਜਿਸ 'ਚ ਬਾਜਵਾ ਸਮੇਤ ਸਾਰੇ ਸੀਨੀਅਰ ਨੇਤਾ ਅਤੇ ਅਹੁਦੇਦਾਰ ਮੌਜੂਦ ਰਹੇ। ਸੰਸਦ ਮੈਂਬਰ ਚੰਨੀ ਇਸ ਮੀਟਿੰਗ ਦਾ ਬਾਈਕਾਟ ਕਰਨ ਦਾ ਮਨ ਬਣਾਏ ਹੋਏ ਸਨ ਕਿ ਉਨ੍ਹਾਂ ਦੇ ਕੁਝ ਕਰੀਬੀਆਂ ਦੀ ਅਜਿਹਾ ਨਾ ਕਰਨ ਦੀ ਸਲਾਹ 'ਤੇ ਉਹ ਮੀਟਿੰਗ 'ਚ ਸ਼ਾਮਲ ਹੋਏ।

ਕਾਂਗਰਸ ਦੇ ਸਿਆਸੀ ਗਲਿਆਰਾਂ 'ਚ ਜੱਗ-ਜ਼ਾਹਿਰ ਹੈ ਕਿ ਰਾਜਾ ਵੜਿੰਗ ਅਤੇ ਸੰਸਦ ਮੈਂਬਰ ਚੰਨੀ ਵਿਚਾਲੇ ਪੂਰੇ ਚੋਣ ਪ੍ਰਚਾਰ ਦੌਰਾਨ '36 ਦਾ ਅੰਕੜਾ' ਬਣਿਆ ਰਿਹਾ। ਹਾਲਾਤ ਅਜਿਹੇ ਬਣ ਗਏ ਕਿ ਹਲਕੇ 'ਚ ਚੋਣ ਪ੍ਰਚਾਰ ਦੌਰਾਨ ਦੋਵੇਂ ਨੇਤਾ ਇਕ-ਦੂਜੇ ਨੂੰ ਵੇਖਣਾ ਤੱਕ ਪਸੰਦ ਨਹੀਂ ਕਰਦੇ ਸਨ। ਦੋਵੇਂ ਇਕ-ਦੂਜੇ ਦੇ ਚੋਣ ਪ੍ਰਚਾਰ ਪ੍ਰੋਗਰਾਮਾਂ ਨੂੰ ਹਾਈਜੈਕ ਕਰਨ 'ਚ ਜੁਟੇ ਰਹੇ ਅਤੇ ਸਮਾਨੰਤਰ ਰੈਲੀਆਂ ਕਰ ਰਹੇ ਸਨ।

ਅਜਿਹੇ ਹਾਲਾਤਾਂ 'ਚ ਹਲਕੇ ਦੀ ਚੋਣ ਮੁਹਿੰਮ ਕਈਆਂ ਧੜਿਆਂ 'ਚ ਵੰਡੀ ਗਈ, ਕਾਂਗਰਸ ਦੀ ਅੰਦਰੂਨੀ ਧੜੇਬਾਜ਼ੀ ਇਸ ਸਿਖਰ 'ਤੇ ਪੁੱਜ ਗਈ ਕਿ ਜ਼ਿਲ੍ਹਾ ਅਤੇ ਸੂਬੇ ਭਰ ਤੋਂ ਆਏ ਅਨੇਕਾਂ ਨੇਤਾ ਆਪਣਾ ਬਚਾਅ ਕਰਦੇ ਰਹੇ। ਹਾਲਾਤ ਇੰਨੇ ਖਰਾਬ ਹੋ ਗਏ ਕਿ ਰਾਜਾ ਵੜਿੰਗ ਅਤੇ ਸੰਸਦ ਮੈਂਬਰ ਚੰਨੀ ਨੇ ਸ਼ਾਇਦ ਹੀ ਕੋਈ ਪ੍ਰੋਗਰਾਮ ਸਾਂਝਾ ਕੀਤਾ ਹੋਵੇ।

## ਇੰਗਲੈਂਡ ਦੇ ਗੁਰਦੁਆਰਾ ਸਾਹਿਬ 'ਚ ਹਮਲਾ ਕਰਨ ਦੀ ਘਟਨਾ ਦੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਨਿੰਦਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇੰਗਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਸੈਂਡ ਅੰਦਰ ਦਾਖ਼ਲ ਹੋ ਕੇ ਦੋ ਵਿਅਕਤੀਆਂ ਵਲੋਂ ਸੰਗਤ 'ਤੇ ਕਿਰਪਾਨਾਂ ਨਾਲ ਹਮਲਾ ਕਰਨ ਦੀ ਘਟਨਾ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨੇ ਦਸ ਗੁਰੂ ਸਾਹਿਬਾਨ ਦੁਆਰਾ ਬਖਸ਼ੇ ਅਕੀਦੇ 'ਤੇ ਪਹਿਰਾ ਦਿੰਦਿਆਂ ਆਪਣੀ ਮਿਹਨਤ, ਲਿਆਕਤ ਅਤੇ ਈਮਾਨਦਾਰੀ ਦੇ ਨਾਲ ਦੇਸ਼-ਵਿਦੇਸ਼ ਵਿਚ ਚੰਗਾ ਨਾਮਣਾ ਖੱਟਿਆ ਹੈ।

ਹੁਣੇ-ਹੁਣੇ ਇੰਗਲੈਂਡ ਵਿਚ ਹੋਈਆਂ ਪਾਰਲੀਮੈਂਟ ਚੋਣਾਂ ਵਿਚ ਕਈ ਪੰਜਾਬੀ, ਜਿਨ੍ਹਾਂ ਵਿਚੋਂ 4 ਦਸਤਾਰਧਾਰੀ ਸਿੱਖ ਹਨ, ਮੈਂਬਰ ਪਾਰਲੀਮੈਂਟ ਬਣੇ ਹਨ। ਉਨ੍ਹਾਂ ਕਿਹਾ ਕਿ ਇਸੇ ਦਰਮਿਆਨ ਇੰਗਲੈਂਡ ਦੇ ਇਕ ਗੁਰਦੁਆਰਾ ਸਾਹਿਬ ਦੇ ਅੰਦਰ ਜਾ ਕੇ ਦੋ ਹਮਲਾਵਰਾਂ ਵਲੋਂ ਕਿਰਪਾਨ ਨਾਲ ਸੰਗਤ 'ਤੇ ਹਮਲਾ ਕਰਨ ਦੀ ਘਟਨਾ ਵਾਪਰਨੀ ਬੇਹੱਦ ਚਿੰਤਾਜਨਕ ਅਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਤੋਂ ਰੋਜ਼ਾਨਾ ਸਰਬੱਤ ਦੇ ਭਲੇ ਦੀ ਅਰਦਾਸ ਹੁੰਦੀ ਹੈ ਅਤੇ ਜਦੋਂ ਕਦੇ ਕਿਸੇ ਵੀ ਦੇਸ਼, ਖਿੱਤੇ ਵਿਚ ਮਨੁੱਖਤਾ 'ਤੇ ਕੋਈ ਬਿਪਤਾ ਦੀ ਘੜੀ ਆਈ, ਤਾਂ ਇਹ ਗੁਰਦੁਆਰਾ ਸਾਹਿਬਾਨ ਧਰਮ, ਰੰਗ, ਨਸਲ ਅਤੇ ਖਿੱਤੇ ਦਾ ਵਿਤਕਰਾ ਕੀਤੇ ਬਗੈਰ ਲੋੜਵੰਦਾਂ ਲਈ ਸ਼ਰਨਗਾਹ ਬਣਦੇ ਹਨ।

## ਕੇਜਰੀਵਾਲ ਨੂੰ ਈ.ਡੀ. ਮਾਮਲੇ 'ਚ ਮਿਲੀ ਅੰਤਰਿਮ ਜ਼ਮਾਨਤ

■ **ਸੁਪਰੀਮ ਕੋਰਟ ਨੇ ਗ੍ਰਿਫ਼ਤਾਰੀ ਨਾਲ ਜੁੜੇ ਸਵਾਲ ਵੱਡੇ ਬੈਂਚ ਕੋਲ ਭੇਜ**

■ **'ਆਪ' ਸੁਪਰੀਮੋ ਨੂੰ ਆਬਕਾਰੀ ਮਾਮਲੇ 'ਚ ਜ਼ਮਾਨਤ ਦੇ ਬਾਵਜੂਦ ਹਾਲੇ ਜੇਲ੍ਹ ਵਿਚ ਹੀ ਰਹਿਣਾ ਪਵੇਗਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਅੱਜ ਅੰਤਰਿਮ ਜ਼ਮਾਨਤ ਦੇ ਦਿੱਤੀ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਦਰਜ ਇਸ ਮਾਮਲੇ 'ਚ ਜ਼ਮਾਨਤ ਮਿਲਣ ਤੋਂ ਬਾਅਦ ਵੀ ਕੇਜਰੀਵਾਲ ਹਾਲੇ ਜੇਲ੍ਹ 'ਚ ਹੀ ਰਹਿਣਗੇ ਕਿਉਂਕਿ ਸੀ.ਬੀ.ਆਈ. (ਕੇਂਦਰੀ ਜਾਂਚ ਬਿਊਰੋ) ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਸਬੰਧੀ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ 'ਚ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ ਇਹ ਫ਼ੈਸਲਾ ਕੇਜਰੀਵਾਲ ਨੇ ਕਰਨਾ ਹੈ ਕਿ ਉਹ ਮੁੱਖ ਮੰਤਰੀ ਦੇ ਅਹੁਦੇ ਬਣੇ ਰਹਿਣਗੇ ਜਾਂ ਨਹੀਂ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ, "ਅਸੀਂ ਇਸ ਤੱਥ ਤੋਂ ਜਾਣੂ ਹਾਂ ਕਿ ਅਰਵਿੰਦ ਕੇਜਰੀਵਾਲ ਚੁਣੇ ਹੋਏ ਆਗੂ ਹਨ।" ਬੈਂਚ ਨੇ ਇਹ ਵੀ ਆਖਿਆ ਕਿ ਕੇਜਰੀਵਾਲ 90 ਦਿਨਾਂ ਤੋਂ ਵੱਧ ਸਮੇਂ ਤੋਂ ਹਿਰਾਸਤ 'ਚ ਹਨ। ਬੈਂਚ ਨੇ ਈ.ਡੀ. ਦੇ ਮਾਮਲੇ 'ਚ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਵਾਜਬੀਅਤ ਨਾਲ ਸਬੰਧਤ ਸਵਾਲਾਂ ਨੂੰ ਵੀ ਵੱਡੇ ਬੈਂਚ ਕੋਲ ਭੇਜਿਆ ਹੈ। ਅਦਾਲਤ ਨੇ ਆਖਿਆ, "ਕਿਉਂਕਿ, ਮਾਮਲਾ ਜ਼ਿੰਦਗੀ ਦੇ ਅਧਿਕਾਰ ਨਾਲ ਸਬੰਧਤ ਹੈ ਅਤੇ ਗ੍ਰਿਫ਼ਤਾਰੀ ਦਾ ਮੁੱਦਾ ਵੱਡੇ ਬੈਂਚ ਨੂੰ ਸੌਂਪ ਦਿੱਤਾ ਗਿਆ ਹੈ ਇਸ ਕਰਕੇ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ।" ਸੁਪਰੀਮ ਕੋਰਟ ਨੇ ਈਡੀ ਦੀ ਸ਼ਕਤੀ, ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 19 ਤਹਿਤ ਗ੍ਰਿਫ਼ਤਾਰੀ ਦੀ ਲੋੜ ਅਤੇ ਈ.ਡੀ. ਵੱਲੋਂ ਗ੍ਰਿਫ਼ਤਾਰੀ ਦੀ ਨੀਤੀ ਨਾਲ ਸਬੰਧਤ ਤਿੰਨ ਸਵਾਲ ਤਿਆਰ ਕੀਤੇ ਹਨ। ਬੈਂਚ ਨੇ ਕਿਹਾ ਕਿ ਕੇਜਰੀਵਾਲ ਨੂੰ 10 ਮਈ ਦੇ ਹੁਕਮ ਦੀਆਂ ਸ਼ਰਤਾਂ ਮੁਤਾਬਕ ਅੰਤਰਿਮ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇਗਾ। ਸੁਪਰੀਮ ਕੋਰਟ ਨੇ ਹਾਲੀਆ ਲੋਕ ਸਭਾ ਚੋਣਾਂ ਦੌਰਾਨ ਚੋਣ ਪ੍ਰਚਾਰ ਲਈ 10 ਮਈ ਨੂੰ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ। ਅਦਾਲਤ ਨੇ ਨਾਲ ਹੀ ਕਿਹਾ ਸੀ ਕਿ ਕੇਜਰੀਵਾਲ ਆਪਣੀ ਅੰਤਰਿਮ ਜ਼ਮਾਨਤ ਦੀ ਮਿਆਦ ਦੌਰਾਨ ਆਪਣੇ ਦਫਤਰ ਜਾਂ ਦਿੱਲੀ ਸਕੱਤਰੇਤ ਨਹੀਂ ਜਾਣਗੇ। ਸਿਖਰਲੀ ਅਦਾਲਤ ਨੇ 21 ਮਾਰਚ ਨੂੰ ਈ.ਡੀ. ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦੀ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਆਪਣਾ ਫ਼ੈਸਲਾ 17 ਮਈ ਤੱਕ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਮਨੀ ਲਾਂਡਰਿੰਗ ਕੇਸ 'ਚ ਗ੍ਰਿਫ਼ਤਾਰੀ ਨੂੰ ਚੁਣੌਤੀ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ 15 ਅਪ੍ਰੈਲ ਨੂੰ ਈ.ਡੀ. ਤੋਂ ਜਵਾਬ ਮੰਗਿਆ ਸੀ। 'ਆਪ' ਮੁਖੀ ਨੇ ਦਿੱਲੀ ਹਾਈ ਕੋਰਟ ਦੇ 9 ਅਪ੍ਰੈਲ ਦੇ ਫ਼ੈਸਲੇ ਜਿਸ ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ ਗਿਆ ਹੈ, ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਸੀ.ਬੀ.ਆਈ. ਵੱਲੋਂ ਕੀਤੀ ਗ੍ਰਿਫ਼ਤਾਰੀ ਖ਼ਿਲਾਫ਼ ਵੀ ਕੇਜਰੀਵਾਲ ਦੀ ਪਟੀਸ਼ਨ ਸੁਪਰੀਮ ਕੋਰਟ 'ਚ ਜ਼ੇਰੇ-ਗ਼ੌਰ ਹੈ।



# ਅਮਰੀਕਾ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਵਿਅਕਤੀ ਵੱਲੋਂ ਆਪਣੀ ਲਾਸ਼ ਦਾ ਪੋਸਟ ਮਾਰਟਮ ਨਾ ਕਰਨ ਦੀ ਬੇਨਤੀ; ਪਟੀਸ਼ਨ ਦਾਇਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਅਲਾਬਾਮਾ ਰਾਜ ਵਿਚ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 64 ਸਾਲਾ ਕੀਥ ਐਡਮੁੰਡ ਗੈਵਿਨ ਨੇ ਸਜ਼ਾ ਵਿਰੁੱਧ ਅਪੀਲ ਨਾ ਕਰਨ ਦਾ ਫੈਸਲਾ ਕੀਤਾ ਹੈ ਤੇ ਬੇਨਤੀ ਕੀਤੀ ਹੈ ਕਿ ਮੁਸਲਮਾਨ ਹੋਣ ਕਾਰਨ ਮੌਤ ਤੋਂ ਬਾਅਦ ਉਸ ਦੀ ਲਾਸ਼ ਦਾ ਪੋਸਟ ਮਾਰਟਮ ਨਾ ਕੀਤਾ ਜਾਵੇ। ਗੈਵਿਨ ਨੇ ਆਪਣੇ ਵਕੀਲ ਰਾਹੀਂ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਹੈ। ਗੈਵਿਨ ਨੂੰ 1998 ਵਿਚ ਇਕ ਏ.ਟੀ.ਐੱਮ. 'ਤੇ ਹੋਈ ਗੋਲੀਬਾਰੀ ਵਿਚ ਡਲਵਿਰੀ ਡਰਾਈਵਰ ਦੀ ਹੋਈ ਮੌਤ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਹੈ ਤੇ ਉਸ ਨੂੰ 18 ਜੁਲਾਈ ਨੂੰ ਜ਼ਹਿਰ ਦਾ ਟੀਕਾ ਲਾਇਆ ਜਾਣਾ ਹੈ। ਉਸ ਦੇ ਵਕੀਲ ਵੱਲੋਂ ਮੌਂਟਗੋਮਰੀ ਦੀ ਸਟੇਟ ਅਦਾਲਤ ਵਿਚ ਦਾਇਰ ਪਟੀਸ਼ਨ ਵਿਚ ਕਿਹਾ ਹੈ ਕਿ "ਗੈਵਿਨ ਇਕ ਪੱਕਾ ਮੁਸਲਮਾਨ ਹੈ। ਉਸ ਦੇ ਧਰਮ ਅਨੁਸਾਰ ਮਨੁੱਖੀ ਸਰੀਰ ਇਕ ਪਵਿੱਤਰ ਮੰਦਿਰ ਹੈ, ਜਿਸ ਨੂੰ ਹਰ ਹਾਲਤ ਵਿਚ ਸਾਬਤ ਰੱਖਣਾ ਹੁੰਦਾ ਹੈ। ਗੈਵਿਨ ਦਾ ਪੂਰਾ ਵਿਸ਼ਵਾਸ ਹੈ ਕਿ ਜੇਕਰ ਪੋਸਟ ਮਾਰਟਮ ਹੋਇਆ ਤਾਂ ਇਹ ਉਸ ਦੀ ਲਾਸ਼ ਦਾ ਅਪਮਾਨ ਹੋਵੇਗਾ। ਇਸ ਲਈ ਗੈਵਿਨ ਦੇ ਵਿਸ਼ਵਾਸ ਨੂੰ ਨਾ ਤੋੜਿਆ ਜਾਵੇ।" ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੋਸਟ ਮਾਰਟਮ ਰੋਕਣ ਲਈ ਗੈਵਿਨ ਦੇ ਵਕੀਲਾਂ ਨੇ ਰਾਜ ਦੇ ਅਧਿਕਾਰੀਆਂ ਤੱਕ ਪਹੁੰਚ ਕਰਨ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਹੈ ਪਰੰਤੂ ਕੋਈ ਜਵਾਬ ਨਹੀਂ ਮਿਲਿਆ। ਅਲਾਬਾਮਾ ਦੇ ਕਾਨੂੰਨ ਅਨੁਸਾਰ ਮੌਤ ਦੇ ਕਾਰਨ ਦਾ ਪਤਾ ਲਾਉਣ ਲਈ ਹਰ ਲਾਸ਼ ਦਾ ਪੋਸਟ ਮਾਰਟਮ ਕਰਨਾ ਜ਼ਰੂਰੀ ਹੈ।



**ਕੀਥ ਐਡਮੁੰਡ ਗੈਵਿਨ।**

**■ 18 ਜੁਲਾਈ ਨੂੰ ਲਾਇਆ ਜਾਣਾ ਹੈ ਜ਼ਹਿਰ ਦਾ ਟੀਕਾ**

## ਪੰਜਾਬ 'ਚ ਪ੍ਰਸ਼ਾਸਨਿਕ ਤੇ ਪੁਲਿਸ ਫੇਰਬਦਲ ਬਾਰੇ ਜਲਦ ਲਿਆ ਜਾਵੇਗਾ ਫ਼ੈਸਲਾ

**ਜਲੰਧਰ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਵਿਚ ਪ੍ਰਸ਼ਾਸਨਿਕ ਤੇ ਪੁਲਸ ਫੇਰਬਦਲ ਬਾਰੇ ਜਲਦ ਫ਼ੈਸਲਾ ਲਿਆ ਜਾਵੇਗਾ। ਸੂਬੇ ਵਿਚ ਸਾਲਾਨਾ ਵਿਭਾਗੀ ਤਬਾਦਲੇ ਵੀ ਅਜੇ ਪੈਂਡਿੰਗ ਪਏ ਹੋਏ ਹਨ। ਇਨ੍ਹਾਂ ਤਬਾਦਲਿਆਂ ਵਿਚ ਲੋਕ ਸਭਾ ਚੋਣਾਂ ਕਾਰਨ ਦੇਰੀ ਹੋਈ ਹੈ। ਪਹਿਲਾਂ ਲੋਕ ਸਭਾ ਚੋਣਾਂ ਅਤੇ ਉਸ ਤੋਂ ਬਾਅਦ ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀ ਉਪ-ਚੋਣ ਕਾਰਨ ਸੂਬਾ ਸਰਕਾਰ ਤਬਾਦਲਿਆਂ ਬਾਰੇ ਫੈਸਲਾ ਨਹੀਂ ਲੈ ਸਕੇਗੀ। ਮੁੱਖ ਮੰਤਰੀ ਨੇ ਕੈਬਨਿਟ ਦੀ ਬੈਠਕ ਵੀ ਸੱਦਣੀ ਹੈ, ਜਿਸ ਵਿਚ ਸਾਲਾਨਾ ਤਬਾਦਲਿਆਂ ਸਬੰਧੀ ਨੀਤੀ ਬਣਾਈ ਜਾਵੇਗੀ ਅਤੇ ਵਿਭਾਗੀ ਤਬਾਦਲਿਆਂ ਦਾ ਸਮਾਂ ਤੈਅ ਕੀਤਾ ਜਾਵੇਗਾ।

## ਮਹਾਰਾਸ਼ਟਰ ਵਿਧਾਨ ਪਰਿਸ਼ਦ ਚੋਣਾਂ: ਐੱਨ.ਡੀ.ਏ. ਨੇ 11 ਵਿਚੋਂ 9 ਸੀਟਾਂ ਜਿੱਤੀਆਂ

**ਮੁੰਬਈ, (ਪੰਜਾਬ ਮੇਲ)-** ਮਹਾਰਾਸ਼ਟਰ ਵਿਧਾਨ ਪਰਿਸ਼ਦ ਦੀਆਂ 11 ਸੀਟਾਂ 'ਤੇ ਅੱਜ ਚੋਣ ਹੋਈ, ਜਿਸ ਵਿਚ ਐੱਨ.ਡੀ.ਏ. ਦੇ ਨੌਂ ਮੈਂਬਰਾਂ ਦੇ ਜਿੱਤਣ ਦੀ ਖਬਰ ਹੈ। ਇਸ ਤੋਂ ਇਲਾਵਾ ਇੰਡੀਆ ਗੱਠਜੋੜ ਦੇ ਦੋ ਮੈਂਬਰ ਚੋਣ ਜਿੱਤੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਕਾਂਗਰਸ ਦੇ ਕੁਝ ਮੈਂਬਰਾਂ ਨੇ ਕਰਾਸ ਵੋਟਿੰਗ ਕੀਤੀ ਹੈ। 11 ਸੀਟਾਂ ਵਿਚੋਂ ਭਾਜਪਾ ਨੂੰ 5, ਸ਼ਿਵ ਸੈਨਾ, ਐੱਨ.ਸੀ.ਪੀ. ਅਜਿਤ ਪਾਵਾਰ ਧੜੇ ਨੂੰ 2-2 ਸੀਟਾਂ 'ਤੇ ਜਿੱਤ ਮਿਲੀ ਹੈ। ਮੌਜੂਦਾ ਸਮੇਂ ਇਸ ਵਿਚ ਮੈਂਬਰਾਂ ਦੀ ਗਿਣਤੀ 274 ਹੈ। ਇੱਥੇ ਵਿਧਾਨ ਭਵਨ ਕੰਪਲੈਕਸ ਵਿਚ ਸਵੇਰੇ 9 ਵਜੇ ਵੋਟਿੰਗ ਸ਼ੁਰੂ ਹੋਈ ਅਤੇ ਇਹ ਸ਼ਾਮ 4 ਵਜੇ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ ਸ਼ਾਮ ਨੂੰ 5 ਵਜੇ ਕੀਤੀ ਗਈ। ਵਿਧਾਨ ਪਰਿਸ਼ਦ ਦੇ 11 ਮੈਂਬਰਾਂ ਦਾ ਕਾਰਜਕਾਲ 27 ਜੁਲਾਈ ਨੂੰ ਖ਼ਤਮ ਹੋਣ ਜਾ ਰਿਹਾ ਹੈ। ਭਾਜਪਾ ਨੇ ਪੰਜ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ, ਜਦਕਿ ਉਸ ਦੇ ਮਹਾਯੁਤੀ ਸਹਿਯੋਗੀ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਦੋ-ਦੋ ਉਮੀਦਵਾਰ ਖੜ੍ਹੇ ਹੋਏ। ਕਾਂਗਰਸ ਅਤੇ ਸ਼ਿਵ ਸੈਨਾ (ਯੂ.ਬੀ.ਟੀ.) ਨੇ ਇਕ-ਇਕ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਿਆ, ਜਦਕਿ ਮਹਾਵਿਕਾਸ ਅਗਾੜੀ ਦੀ ਉਨ੍ਹਾਂ ਦੀ ਸਹਿਯੋਗੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਪੀਜੇਂਟਸ ਐਂਡ ਵਰਕਰਜ਼ ਪਾਰਟੀ (ਪੀ.ਡਬਲਯੂ.ਪੀ.) ਦੇ ਉਮੀਦਵਾਰ ਨੂੰ ਸਮਰਥਨ ਦਿੱਤਾ।

# ਭਗਵੰਤ ਮਾਨ ਸਰਕਾਰ ਤੋਂ ਨਵੇਂ ਫੌਜਦਾਰੀ ਕਾਨੂੰਨਾਂ ਖਿਲਾਫ਼ ਵਿਧਾਨ ਸਭਾ 'ਚ ਮਤਾ ਪਾਉਣ ਦੀ ਮੰਗ

**ਸੰਗਰੂਰ/ਲੁਧਿਆਣਾ, (ਦਲਜੀਤ ਕੌਰ/ਪੰਜਾਬ ਮੇਲ)-** ਕੇਂਦਰ ਦੀ ਭਾਜਪਾ ਗੱਠਜੋੜ ਸਰਕਾਰ ਵੱਲੋਂ ਇੱਕ ਜੁਲਾਈ ਨੂੰ ਦੇਸ਼ ਭਰ 'ਚ ਲਾਗੂ ਕੀਤੇ ਨਵੇਂ ਫ਼ੌਜਦਾਰੀ ਕਾਨੂੰਨਾਂ ਖਿਲਾਫ ਭਗਵੰਤ ਮਾਨ ਸਰਕਾਰ ਤੋਂ ਅਪਣਾ ਸਟੈਂਡ ਸਪੱਸ਼ਟ ਕਰਨ ਦੀ ਮੰਗ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਕੀਤੀ ਹੈ। ਇਸ ਸੰਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਅਤੇ ਜ਼ਿਲ੍ਹਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਜਲੰਧਰ ਵਿਧਾਨ ਸਭਾ ਸੀਟ ਦੀ ਜਿੱਤ 'ਤੇ ਖੁਸ਼ੀਆਂ 'ਚ ਖੀਵੇ ਹੋਣ ਦੀ ਥਾਂ ਅਸਲ ਲੋਕ ਮੁੱਦਿਆਂ 'ਤੇ ਆਪਣਾ ਧਿਆਣ ਕੇਂਦਰਿਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਪੁਲਿਸ ਰਾਜ 'ਚ ਬਦਲਣ ਵਾਲੇ, ਜਮਹੂਰੀ ਹੱਕਾਂ ਨੂੰ ਪੈਰਾਂ ਹੇਠ ਰੋਲਣ ਵਾਲੇ ਇਨ੍ਹਾਂ ਕਾਲੇ ਫ਼ੌਜਦਾਰੀ ਕਾਨੂੰਨਾਂ ਨੂੰ ਪੰਜਾਬ 'ਚ ਲਾਗੂ ਕਰਨ ਦੀ ਮਾਨ ਹਕੂਮਤ ਵੱਲੋਂ ਇਜਾਜ਼ਤ ਦੇਣਾ ਦਰਸਾਉਂਦਾ ਹੈ ਕਿ ਦੇਸ਼ ਨੂੰ ਖੁੱਲ੍ਹੀ ਜੇਲ੍ਹ 'ਚ ਬਦਲਣ ਦੇ ਮਾਮਲੇ 'ਚ ਮੋਦੀ ਤੇ ਮਾਨ ਸਰਕਾਰ ਦੀ ਇੱਕੋ ਸਮਝਦਾਰੀ ਹੈ। ਦੇਸ਼ ਦਾ ਫੈਡਰਲ ਢਾਂਚਾ ਤਬਾਹ ਕਰਕੇ ਸਾਰੀਆਂ ਤਾਕਤਾਂ ਦਾ ਕੇਂਦਰੀ ਕਰਨ ਇਸ ਲਈ ਕੀਤਾ ਜਾ ਰਿਹਾ ਹੈ, ਤਾਂ ਕਿ ਮਹਿੰਗਾਈ, ਬੇਰੁਜ਼ਗਾਰੀ ਜਿਹੇ ਆਮ ਮੁੱਦਿਆਂ 'ਤੇ ਬੋਲਣ ਵਾਲੇ ਲੋਕਾਂ 'ਤੇ ਦੇਸ਼ਧ੍ਰੋਹ ਦੇ ਪਰਚੇ ਦਰਜ ਕਰਕੇ ਹਰ ਤਰ੍ਹਾਂ ਦੇ ਲੋਕ ਵਿਰੋਧ ਨੂੰ ਥਾਂਏ ਹੀ ਨੱਪ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੁਲਿਸ ਪ੍ਰਬੰਧ ਰਾਜਾਂ ਦਾ ਵਿਸ਼ਾ ਹੈ, ਬਿਲਕੁਲ ਉਵੇਂ ਹੀ ਜਿਵੇਂ ਖੇਤੀ ਰਾਜਾਂ ਦਾ ਵਿਸ਼ਾ ਹੈ। ਪਰ ਕੇਂਦਰ ਦੀ ਮੋਦੀ ਹਕੂਮਤ ਨੇ ਲੋਕਾਂ 'ਚੋਂ ਕਾਫੀ ਹੱਦ ਤੱਕ ਨਿਖੜਣ ਦੇ ਬਾਵਜੂਦ ਦੇਸ਼ ਨੂੰ ਕਾਰਪੋਰੇਟ ਨੂੰ ਵੇਚਣ ਲਈ ਤੇ ਹਿੰਦੂ ਰਾਜ ਬਣਾਉਣ ਲਈ ਹੁਣ ਦੇਸ਼ ਨੂੰ ਪੂਰੀ ਤਰ੍ਹਾਂ ਕਸ਼ਮੀਰ ਵਾਂਗ ਆਪਣੇ ਕੰਟਰੋਲ 'ਚ ਕਰਨ ਅਤੇ ਹਰ ਵਿਰੋਧ ਨੂੰ ਕੁਚਲਣ ਲਈ ਮਨਮਾਨੀਆਂ ਕਰਨ ਦਾ ਇਹ ਰਸਤਾ ਅਖਤਿਆਰ ਕਰਕੇ ਦੇਸ਼ ਨੂੰ ਅਣਐਲਾਨੀ ਐਮਰਜੈਂਸੀ ਦੇ ਰਾਹ ਤੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਤਾਮਿਲਨਾਡੂ ਸਰਕਾਰ ਨੇ ਆਪਣੇ ਰਾਜ 'ਚ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਪਾਸਾ ਵੱਟ ਲਿਆ ਹੈ ਪਰ ਮਾਨ ਹਕੂਮਤ ਲਈ ਤਾਂ ਇਹ ਅਜੰਡਾ ਹੀ ਨਹੀਂ ਬਣਿਆ। ਉਨ੍ਹਾਂ ਕਿਹਾ ਕਿ ਕਾਂਗਰਸੀਆਂ ਤੇ ਅਕਾਲੀਆਂ ਦੇ ਮੂੰਹ 'ਚ ਵੀ ਇਨ੍ਹਾਂ ਖਤਰਨਾਕ ਕਨੂੰਨਾਂ ਬਾਰੇ ਘੁੰਗਨੀਆਂ ਪਈਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜ਼ੋਰਦਾਰ ਵਿਰੋਧ ਦੀ ਅਣਹੋਂਦ 'ਚ ਮੁਲਕ ਤਬਾਹ ਹੋ ਜਾਵੇਗਾ।

ਇਸ ਦੌਰਾਨ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸੱਕਤਰ ਕੰਵਲਜੀਤ ਖੰਨਾ ਨੇ ਇਨ੍ਹਾਂ ਲੋਕ ਵਿਰੋਧੀ ਕਾਲੇ ਕਾਨੂੰਨਾਂ ਖ਼ਿਲਾਫ਼ 21 ਜੁਲਾਈ ਨੂੰ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਬੁਲਾਈ ਗਈ ਸੂਬਾ ਪੱਧਰੀ ਕਨਵੈਨਸ਼ਨ 'ਚ ਸਮੂਹ ਜਮਹੂਰੀਅਤ ਪਸੰਦ ਲੋਕਾਂ, ਵਕੀਲ ਤੇ ਸਹਿਤਕਾਰ ਭਾਈਚਾਰੇ ਨੂੰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ ਹੈ।

**■ 21 ਜੁਲਾਈ ਦੀ ਕਾਲੇ ਕਾਨੂੰਨਾਂ ਖਿਲਾਫ਼ ਜਲੰਧਰ ਕਨਵੈਨਸ਼ਨ ਸ਼ਾਮਲ ਹੋਣ ਦੀ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ**



**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823
We Accept Medicare, Medical & Cash Pay




Designed By Punjab Mail USA

# 1984 ਸਿੱਖ ਕਤਲੇਆਮ: 437 ਪੀੜਤ ਪਰਿਵਾਰਾਂ ਨੂੰ ਮਿਲੇਗੀ ਸਰਕਾਰੀ ਨੌਕਰੀ




ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ 'ਚ 1984 ਦੇ ਸਿੱਖ ਕਤਲੇਆਮ ਦੇ 437 ਪੀੜਤ ਪਰਿਵਾਰਾਂ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਮਿਲਣ ਜਾ ਰਹੀ ਹੈ, ਜਿਸ ਲਈ ਉਮਰ ਤੇ ਸਿੱਖਿਆ ਦੋਵਾਂ 'ਚ ਛੋਟ ਦਿੱਤੀ ਗਈ ਹੈ। ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਨੇ ਇਕ ਬਿਆਨ ਜਾਰੀ ਕਰਕੇ ਦਿੱਤੀ।

ਜਾਰੀ ਕੀਤੇ ਇਕ ਬਿਆਨ 'ਚ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਅਸੀਂ ਕਈ ਸਾਲਾਂ ਤੋਂ ਇਸ ਮਾਮਲੇ ਵਿਚ ਸੰਘਰਸ਼ ਕਰ ਰਹੇ ਹਾਂ। ਪਹਿਲਾਂ 16 ਜਨਵਰੀ 2006 ਨੂੰ ਭਾਰਤ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਹਰ ਸ਼ਹੀਦ ਪਰਿਵਾਰ ਦੇ ਲੋਕਾਂ ਨੂੰ ਨੌਕਰੀ ਦਿੱਤੀ ਜਾਵੇਗੀ। ਇਸ ਵਿਚ ਦਿੱਲੀ ਸਰਕਾਰ ਨੇ 2007 ਵਿਚ ਕੈਬਨਿਟ ਨੋਟ ਲਿਆਂਦਾ ਸੀ, ਜਿਸ ਵਿਚ ਕਿਹਾ ਸੀ ਕਿ ਜਿਹੜੇ ਪਰਿਵਾਰਾਂ ਦੇ ਜੀਅ ਸ਼ਹੀਦ ਹੋਏ ਤੇ ਫੱਟੜ ਹੋਏ, ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇਗੀ। ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਬਦੌਲਤ 27.11.2019 ਨੂੰ ਹਾਈ ਕੋਰਟ ਦੀ ਡਬਲ ਬੈਂਚ ਦਾ ਹੁਕਮ ਆਇਆ ਸੀ ਕਿ ਹਰੇਕ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ ਅਤੇ ਜੇਕਰ ਨੌਕਰੀ ਨਹੀਂ ਦੇ ਸਕਦੇ, ਤਾਂ ਕਾਰਣ ਦੱਸਿਆ ਜਾਵੇ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 22 ਲੋਕਾਂ ਨੂੰ ਨੌਕਰੀ ਦਿੱਤੀ ਗਈ ਸੀ ਤੇ ਹੁਣ ਅਸੀਂ ਤਾਜ਼ਾ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ। ਹੁਣ 9.7.2024 ਨੂੰ ਜਿਹੜੀ ਅਸੀਂ ਮਿਹਨਤ ਕੀਤੀ ਹੈ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੇ ਵੱਡਮੁੱਲੇ ਸਹਿਯੋਗ ਸਦਕਾ ਅਤੇ ਮੈਂਬਰ ਸੁਰਜੀਤ ਸਿੰਘ, ਬਲਬੀਰ ਸਿੰਘ ਅਤੇ ਰਮਿੰਦਰ ਸਿੰਘ ਸਵੀਟਾ ਦੀ ਮਿਹਨਤ ਸਦਕਾ ਪਿਛਲੇ ਦਿਨੀਂ ਉਪ ਰਾਜਪਾਲ ਨੇ ਇਸ ਨੂੰ ਪ੍ਰਵਾਨਗੀ ਦਿੰਦਿਆਂ ਹੁਕਮ ਜਾਰੀ ਕੀਤੇ ਹਨ ਕਿ ਇਨ੍ਹਾਂ ਪਰਿਵਾਰਾਂ ਦੀ ਵੈਰੀਫਿਕੇਸ਼ਨ ਕੀਤੀ ਜਾਵੇ।

ਲੁਬਾਣਾ ਨੇ ਅੱਗੇ ਦੱਸਿਆ ਕਿ ਦਿੱਲੀ ਦੇ 9 ਜ਼ਿਲ੍ਹਿਆਂ, ਜਿਨ੍ਹਾਂ ਵਿਚ ਵੈਸਟ, ਨਾਰਥ ਵੈਸਟ, ਸਾਊਥ ਵੈਸਟ, ਸੈਂਟਰਲ, ਨਾਰਥ-ਈਸਟ, ਨਾਰਥ ਵਿਚ ਸਾਰੇ ਐੱਸ.ਡੀ.ਐੱਮਜ਼ ਨੂੰ ਚਿੱਠੀ ਭੇਜੀ ਗਈ ਹੈ ਅਤੇ ਵੈਰੀਫਿਕੇਸ਼ਨ ਵਾਸਤੇ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ 1984 ਦੇ ਜਿਹੜੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੇ ਫਾਰਮ ਨਹੀਂ ਭਰੇ, ਉਹ ਸਾਡੇ ਕੋਲ ਦਿੱਲੀ ਗੁਰਦੁਆਰਾ ਕਮੇਟੀ ਦਫਤਰ ਵਿਚ ਆ ਕੇ ਜਾਂ ਫਿਰ 5 ਸ਼ਾਮਨਾਥ ਮਾਰਗ ਵਿਚ ਜਾ ਕੇ ਫਾਰਮ ਭਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ 19 ਜੁਲਾਈ ਨੂੰ ਸ਼ਾਮ 3.00 ਵਜੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਇਕੱਠ ਕੀਤਾ ਜਾਵੇਗਾ ਅਤੇ ਉਨ੍ਹਾਂ ਨੇ ਅਪੀਲ ਕੀਤੀ ਕਿ ਜਿਨ੍ਹਾਂ ਨੇ ਫਾਰਮ ਭਰੇ ਹਨ, ਉਹ ਪਰਿਵਾਰ ਸਣੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਹਰ ਲੋੜੀਂਦਾ ਕਦਮ ਚੁੱਕੇਗੀ ਤੇ ਇਨ੍ਹਾਂ ਪਰਿਵਾਰਾਂ ਨਾਲ ਹਮੇਸ਼ਾ ਵਾਂਗ ਡੱਟ ਕੇ ਖੜ੍ਹੀ ਹੋਵੇਗੀ।

# ਮਜੀਠੀਆ ਨੂੰ ਨਵੇਂ ਸੰਮਨ ਜਾਰੀ 18 ਨੂੰ ਪੇਸ਼ ਹੋਣ ਦੇ ਹੁਕਮ



ਪਟਿਆਲਾ, (ਪੰਜਾਬ ਮੇਲ)- ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਪੁਲਿਸ ਨੇ ਨਵੇਂ ਸੰਮਨ ਜਾਰੀ ਕੀਤੇ ਹਨ। ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਮਜੀਠੀਆ ਨੂੰ 18 ਜੁਲਾਈ ਨੂੰ ਸਵੇਰੇ 11 ਵਜੇ ਪੁਲਿਸ ਲਾਈਨ ਪਟਿਆਲਾ ਵਿਖੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਵਰਣਨਯੋਗ ਹੈ ਕਿ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠਲੀ ਸਿਟ ਵਲੋਂ ਮਜੀਠੀਆ ਨੂੰ ਡਰੱਗ ਕੇਸ ਵਿਚ ਪਹਿਲੇ ਵੀ ਸੰਮਨ ਜਾਰੀ ਕੀਤੇ ਗਏ ਸਨ, ਉਨ੍ਹਾਂ ਹੁਕਮਾਂ ਨੂੰ ਮਜੀਠੀਆ ਨੇ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਉਹ ਸੰਮਨ ਵਾਪਸ ਲੈ ਲਏ ਸਨ। ਵਰਣਨਯੋਗ ਹੈ ਕਿ 20 ਦਸੰਬਰ 2021 ਨੂੰ ਮਜੀਠੀਆ ਵਿਰੁੱਧ ਐੱਨ.ਡੀ.ਪੀ.ਐੱਸ. ਐਕਟ ਅਧੀਨ ਮੋਹਾਲੀ ਵਿਚ ਕੇਸ ਦਰਜ ਕੀਤਾ ਗਿਆ ਸੀ ਅਤੇ ਉਸ ਕੇਸ ਵਿਚ ਮਜੀਠੀਆ ਨੂੰ ਹਾਈਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

**MATRIMONIAL**

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage)
Call: +1-510-281-7065, WhatsApp: +91 98993 79442
Email: cjsingh55@gmail.com

**ਮੈਟਰੀਮੋਨੀਅਲ**

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

**MATRIMONIAL**

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders.
Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।
ਸੰਪਰਕ : +1(510) 200-1772

**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl.
for Contact # 951-934-8655

**MATRIMONIAL**

Lovepreet Singh Gill, 26 yrs old, 5'11". US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse.
Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl.
Contact # 951-934-8655

# ਸ. ਰਾਜ ਸਿੰਘ ਬਦੇਸਾ ਨੇ ਅਮਰੀਕਾ ਦੇ ਪਹਿਲੇ ਅੰਮ੍ਰਿਤਧਾਰੀ ਜੱਜ ਬਣ ਸਿਰਜਿਆ ਇਤਿਹਾਸ

■ ਫਰਿਜ਼ਨੋ ਸਿਟੀ ਹਾਲ ਵਿਚ ਚੁੱਕੀ ਸਹੁੰ

**ਫਰਿਜ਼ਨੋ**, (ਪੰਜਾਬ ਮੇਲ)- ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਸਾਬਕਾ ਸਹਾਇਕ ਸਿਟੀ ਅਟਾਰਨੀ ਸ. ਰਾਜ ਸਿੰਘ ਬਦੇਸਾ ਨੇ ਬੀਤੇ ਦਿਨੀਂ ਬਤੌਰ ਕਾਉਟੀਂ ਜੱਜ ਸਹੁੰ ਚੁੱਕੀ। ਇਨ੍ਹਾਂ ਨੂੰ ਹੁਣ ਕਾਨੂੰਨੀ ਤੌਰ 'ਤੇ ਫਰਿਜ਼ਨੋ ਸੁਪੀਰੀਅਰ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆਂ ਹੈ। ਇਸ ਸਮੇਂ ਸਹੁੰ ਚੁੱਕਣ ਦੇ ਰਸਮੀ ਸਮਾਗਮ ਵਿਚ ਸ਼ਹਿਰ ਦੇ ਨਿਆਂ ਅਤੇ ਪ੍ਰਬੰਧਕ ਅਧਿਕਾਰੀਆਂ ਸਮੇਤ ਬਹੁਤ ਸਾਰੀਆਂ ਸਥਾਨਕ ਜੱਥੇਬੰਦੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

ਸ. ਰਾਜ ਸਿੰਘ ਬਦੇਸਾ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਵਿਚ ਸਿਟੀ ਹਾਲ ਤੋਂ ਸਿੱਧਾ ਫਰਿਜ਼ਨੋ ਕਾਉਂਟੀ ਬੈਂਚ ਵਿਚ ਜਾਣ ਵਾਲਾ ਪਹਿਲਾ ਵਿਅਕਤੀ ਹੈ, ਜਿਸ ਦੀ ਉੱਚ ਸਿੱਖਿਆ, ਲਗਨ, ਇਮਾਨਦਾਰੀ, ਮਿਹਨਤ ਅਤੇ ਭਾਈਚਾਰਕ ਸਾਂਝ ਮਾਣ ਬਣੀ। ਇਸ ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੀ ਵੱਡੀ ਮੌਜ਼ੂਦਗੀ ਰਹੀ।

ਪੰਜਾਬੀ ਅਤੇ ਖਾਸਕਰ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਕਿ ਗੁਰਸਿੱਖ, ਅੰਮ੍ਰਿਤਧਾਰੀ ਅਤੇ ਦਸਤਾਰਧਾਰੀ ਰਾਜ ਸਿੰਘ ਬਦੇਸਾਂ ਨੂੰ ਕੈਲੀਫੋਰਨੀਆ ਦੀ ਫਰਿਜ਼ਨੋ ਕਾਉਂਟੀ ਤੋਂ ਸੁਪੀਰੀਅਰ ਕੋਰਟ ਦੇ ਜੱਜ ਨਿਯੁਕਤ ਕੀਤਾ ਗਿਆ ਹੈ।



ਸਹੁੰ ਚੁੱਕ ਸਮਾਗਮ ਦੇ ਯਾਦਗਾਰੀ ਪਲ।

ਇਸ ਜੱਜ ਦੇ ਅਹੁਦੇ ਦੀ ਨਿਯੁਕਤੀ ਦਾ ਹਾਜ਼ਰ ਭਾਈਚਾਰੇ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਬੁਲਾਉਂਦੇ ਹੋਏ ਸਵਾਗਤ ਕੀਤਾ। ਸ. ਰਾਜ ਸਿੰਘ ਬਦੇਸਾ ਆਪਣੇ ਪੂਰੇ ਸਿੱਖੀ ਸਰੂਪ ਵਿਚ ਬਤੌਰ ਜੱਜ ਸੇਵਾਵਾਂ ਕਰਨਗੇ। ਇੱਥੇ ਇਹ ਗੱਲ ਸਿੱਖ ਭਾਈਚਾਰੇ ਲਈ ਬੜੇ ਮਾਣ ਵਾਲੀ ਹੈ ਕਿ ਰਾਜ ਸਿੰਘ ਬਦੇਸਾ ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਪਹਿਲੇ ਸਿੱਖ ਸੁਪੀਰੀਅਰ ਕੋਰਟ ਦੇ ਜੱਜ ਬਣੇ ਹਨ।

ਸ. ਰਾਜ ਸਿੰਘ ਬਦੇਸਾ ਪਿਛੋਕੜ ਤੋਂ ਪੰਜਾਬ ਦੇ ਜ਼ਿਲ੍ਹਾਂ ਲੁਧਿਆਣਾ ਦੇ ਪਿੰਡ ਚੌਕੀਮਾਨ ਤੋਂ ਸਵ. ਸ. ਸੋਹਣ ਸਿੰਘ ਬਦੇਸਾ ਅਤੇ ਬੀਬੀ ਬਲਵਿੰਦਰ ਕੌਰ ਦੇ ਹੋਣਹਾਰ ਪੁੱਤਰ ਹਨ। ਜਿੱਥੇ ਪੰਜਾਬ ਤੋਂ ਕੈਲੀਫੋਰਨੀਆ ਆ ਆਪਣੀ ਸਖਤ ਮਿਹਨਤ ਨਾਲ ਮਾਂ-ਬਾਪ ਨੇ ਬੱਚਿਆਂ ਨੂੰ ਉੱਚ ਸਿੱਖਿਆ ਦਿੱਤੀ, ਉੱਥੇ ਉਨ੍ਹਾਂ ਨੂੰ ਧਾਰਮਿਕ ਮਰਿਯਾਦਾ ਅਤੇ ਗੁਰਸਿੱਖੀ ਨਾਲ ਵੀ ਜੋੜਿਆ। ਸ. ਰਾਜ ਸਿੰਘ ਬਦੇਸਾ ਦੀ ਮਾਤਾ ਬਲਵਿੰਦਰ ਕੌਰ ਬਦੇਸ਼ਾ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਸਮੂਹ ਵਧਾਈਆਂ ਦੇਣ ਵਾਲਿਆਂ ਦਾ ਧੰਨਵਾਦ ਬੜੀ ਭਾਵੁਕਤਾ ਨਾਲ ਕੀਤਾ ਗਿਆ। ਸ. ਰਾਜ ਬਦੇਸਾ ਆਪਣੇ ਸਕੂਲ ਤੋਂ ਹੁਣ ਤੱਕ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਅਤੇ ਪ੍ਰੇਰਨ ਵਾਲੇ ਸਮਾਗਮਾਂ ਵਿਚ ਸੇਵਾਵਾ ਨਿਭਾਉਂਦਾ ਰਿਹਾ ਹੈ, ਜਿਸ ਨੇ ਇੱਥੋਂ ਦੀ ਨੌਜਵਾਨ ਪੀੜ੍ਹੀ ਲਈ ਇਹ ਉਦਾਹਰਨ ਕਾਇਮ ਕਰ ਦਿੱਤੀ ਕਿ ਤੁਸੀਂ ਆਪਣੇ ਸੰਪੂਰਨ ਗੁਰਸਿੱਖੀ ਜੀਵਨ ਵਿਚ ਰਹਿੰਦੇ ਹੋਏ ਵਿਦੇਸ਼ਾਂ ਵਿਚ ਆਪਣੇ ਕਿਸੇ ਵੀ ਉੱਚੇ ਮੁਕਾਮ 'ਤੇ ਪਹੁੰਚ ਸਕਦੇ ਹੋ।

## ਕਮਲਾ ਹੈਰਿਸ ਰਾਸ਼ਟਰਪਤੀ ਬਣਨ ਦੇ ਯੋਗ : ਜੋਅ ਬਾਇਡਨ

**ਵਾਸ਼ਿੰਗਟਨ**, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ



ਬਾਇਡਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇਸ਼ ਦੀ ਅਗਵਾਈ ਕਰਨ ਲਈ "ਯੋਗ" ਹਨ। ਬਾਇਡਨ ਨੇ ਵੀਰਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਵਿਚ ਕਿਹਾ, "ਸ਼ੁਰੂ ਤੋਂ ਹੀ, ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਰਿਹਾ ਹੈ। ਉਹ ਰਾਸ਼ਟਰਪਤੀ ਬਣਨ ਦੇ ਯੋਗ ਹਨ। ਇਸ ਲਈ ਮੈਂ ਉਸਨੂੰ ਚੁਣਿਆ ਹੈ।"

ਇਸ ਟਿੱਪਣੀ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ, ਉਸਨੇ ਕਿਹਾ, "ਸਭ ਤੋਂ ਪਹਿਲਾਂ, ਜਿਸ ਤਰ੍ਹਾਂ ਉਸਨੇ ਔਰਤਾਂ ਦੀ ਆਜ਼ਾਦੀ ਦੇ ਮੁੱਦੇ ਨੂੰ ਸੰਭਾਲਿਆ ਅਤੇ ਦੂਜਾ, ਲਗਭਗ ਕਿਸੇ ਵੀ ਮੁੱਦੇ ਨੂੰ ਸੰਭਾਲਣ ਦੀ ਉਸਦੀ ਸ਼ਾਨਦਾਰ ਯੋਗਤਾ ਇਸ ਦਾ ਕਾਰਨ ਹੈ।" ਬਾਇਡਨ ਨੇ ਕਿਹਾ "ਜਦੋਂ ਤੱਕ ਮੈਨੂੰ ਨਹੀਂ ਲੱਗਦਾ ਕਿ ਉਹ ਰਾਸ਼ਟਰਪਤੀ ਬਣਨ ਦੇ ਯੋਗ ਹੈ, ਮੈਂ ਉਸਨੂੰ ਨਹੀਂ ਚੁਣਦਾ।"

ਸਾਲ 2020 ਵਿਚ ਅਮਰੀਕਾ ਦੇ ਉਪ ਰਾਸ਼ਟਰਪਤੀ ਵਜੋਂ ਚੁਣੀ ਜਾਣ ਵਾਲੀ 59 ਸਾਲਾ ਹੈਰਿਸ ਪਹਿਲੀ ਔਰਤ, ਪਹਿਲੀ ਕਾਲੀ ਅਮਰੀਕੀ ਅਤੇ ਪਹਿਲੀ ਦੱਖਣੀ ਏਸ਼ੀਆਈ ਅਮਰੀਕੀ ਹੈ। ਪਿਛਲੇ ਮਹੀਨੇ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਨਾਲ ਇੱਕ ਟੀ.ਵੀ. ਬਹਿਸ ਵਿਚ ਅਸਫਲ ਰਹਿਣ ਤੋਂ ਬਾਅਦ ਨਵੰਬਰ ਵਿਚ 81 ਸਾਲਾ ਬਾਇਡਨ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਲਈ ਕਿਹਾ ਗਿਆ ਸੀ।

# ਡੋਨਾਲਡ ਟਰੰਪ ਦੇ ਸਮਰਥਨ 'ਚ ਆਏ ਐਲੋਨ ਮਸਕ

■ ਪਾਰਟੀ ਨੂੰ ਦਿੱਤਾ ਕਰੋੜਾਂ ਦਾ 'ਦਾਨ'
■ ਟਰੰਪ ਨੇ ਦਾਨ 'ਚ ਬਾਇਡਨ ਨੂੰ ਪਛਾੜ ਦਿੱਤਾ

**ਵਾਸ਼ਿੰਗਟਨ**, (ਪੰਜਾਬ ਮੇਲ)- ਅਰਬਪਤੀ ਐਲੋਨ ਮਸਕ ਨੇ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਚੁਣਨ ਲਈ ਕੰਮ ਕਰ ਰਹੀ ਇੱਕ ਸੁਪਰ-ਰਾਜਨੀਤਿਕ ਐਕਸ਼ਨ ਕਮੇਟੀ ਨੂੰ ਦਾਨ ਦਿੱਤਾ ਹੈ। ਇਹ ਅਮਰੀਕੀ ਸਿਆਸਤ 'ਤੇ ਆਪਣੀ ਛਾਪ ਛੱਡਣ ਲਈ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਦੁਆਰਾ ਇੱਕ ਵੱਡਾ ਕਦਮ ਹੈ।

ਇਸ ਮਾਮਲੇ ਤੋਂ ਜਾਣੂ ਲੋਕਾਂ ਅਨੁਸਾਰ ਮਸਕ ਨੇ ਅਮਰੀਕਾ ਪੀ.ਏ.ਸੀ. ਨਾਮਕ ਇੱਕ ਘੱਟ-ਪ੍ਰੋਫਾਈਲ ਸਮੂਹ ਨੂੰ ਦਾਨ ਕੀਤਾ ਹੈ, ਜਿਨ੍ਹਾਂ ਨੇ ਉਨ੍ਹਾਂ ਦੀਆਂ ਯੋਜਨਾਵਾਂ ਬਾਰੇ ਵਿਸਤ੍ਰਿਤ ਕਰਨ ਲਈ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਸੀ। ਇਹ ਸਪੱਸ਼ਟ ਨਹੀਂ ਹੈ ਕਿ ਮਸਕ ਨੇ ਕਿੰਨੀ ਰਕਮ ਦਿੱਤੀ ਹੈ ਪਰ ਲੋਕਾਂ ਨੇ ਇਸ ਰਕਮ ਨੂੰ ਬਹੁਤ ਵੱਡੀ ਰਕਮ ਦੱਸਿਆ ਹੈ। ਪੀ.ਏ.ਸੀ. ਨੂੰ ਅਗਲੀ ਵਾਰ 15 ਜੁਲਾਈ ਨੂੰ ਆਪਣੇ ਦਾਨੀਆਂ ਦੀ ਸੂਚੀ ਦਾ ਖੁਲਾਸਾ ਕਰਨਾ ਹੋਵੇਗਾ।

ਮਸਕ ਵੱਲੋਂ ਇਹ ਪੈਸਾ ਅਜਿਹੇ ਸਮੇਂ ਦਿੱਤਾ ਜਾ ਰਿਹਾ ਹੈ, ਜਦੋਂ ਟਰੰਪ ਨੇ ਵਾਲ ਸਟਰੀਟ ਅਤੇ ਕਾਰਪੋਰੇਟ ਦਾਨੀਆਂ ਦੀ ਮਦਦ ਨਾਲ ਫੰਡ ਜੁਟਾਉਣ ਵਿਚ ਆਪਣੇ ਵਿਰੋਧੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਪਿੱਛੇ ਛੱਡ ਦਿੱਤਾ ਹੈ। ਬਾਇਡਨ ਨੂੰ ਘੱਟ ਫੰਡਿੰਗ ਆਈ ਹੈ ਕਿਉਂਕਿ ਪ੍ਰਮੁੱਖ ਡੈਮੋਕਰੇਟਿਕ ਦਾਨੀਆਂ ਨੇ ਰਾਸ਼ਟਰਪਤੀ ਦੀ ਬਹਿਸ ਦੀ ਅਸਫਲਤਾ ਤੋਂ ਬਾਅਦ ਆਪਣੀਆਂ ਚੈੱਕਬੁੱਕਾਂ ਨੂੰ ਸੰਭਾਲ ਕੇ ਆਪਣੇ ਕੋਲ ਰੱਖ ਲਿਆ ਹੈ।

ਐਲੋਨ ਮਸਕ ਨੇ ਅਜੇ ਤੱਕ 2024 ਦੀ ਰਾਸ਼ਟਰਪਤੀ ਦੀ ਦੌੜ ਵਿਚ ਕਿਸੇ ਵੀ ਸਿਆਸੀ ਨੇਤਾ ਦਾ ਜਨਤਕ ਤੌਰ 'ਤੇ ਸਮਰਥਨ ਨਹੀਂ ਕੀਤਾ ਹੈ। ਇਸ ਸਾਲ ਦੇ ਸ਼ੁਰੂ ਵਿਚ ਉਸਨੇ ਕਿਹਾ ਸੀ ਕਿ ਉਸਨੂੰ ਟਰੰਪ ਜਾਂ ਬਾਇਡਨ ਦੀ ਚੋਣ ਮੁਹਿੰਮ ਲਈ ਫੰਡਿੰਗ ਦੀ ਉਮੀਦ ਨਹੀਂ ਹੈ।

ਹਾਲਾਂਕਿ, ਟਰੰਪ ਦੀ ਮੁਹਿੰਮ ਲਈ ਮੋਟੀ ਫੰਡਿੰਗ ਉਸ ਲਈ ਰਿਪਬਲਿਕਨਾਂ ਲਈ ਵਿੱਤੀ ਜੁਗਾੜ ਬਣਨ ਦਾ ਮੌਕਾ ਪੇਸ਼ ਕਰਦੇ ਹਨ। ਮਸਕ ਨੂੰ ਟਿੱਪਣੀ ਲਈ ਕਈ ਬੇਨਤੀਆਂ ਕੀਤੀਆਂ ਗਈਆਂ ਸਨ, ਪਰ ਕੋਈ ਜਵਾਬ ਨਹੀਂ ਮਿਲਿਆ। ਟਰੰਪ ਦੀ ਮੁਹਿੰਮ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਪੀ.ਏ.ਸੀ. ਦੇ ਖਜ਼ਾਨਚੀ ਕ੍ਰਿਸ ਗੋਬਰ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਕਦਮ ਇੱਕ ਟੈਕਨਾਲੋਜੀ ਦਿੱਗਜ ਦੇ ਵਧ ਰਹੇ ਪ੍ਰਭਾਵ ਨੂੰ ਦਰਸਾਉਂਦਾ ਹੈ, ਜੋ 263.6 ਬਿਲੀਅਨ ਡਾਲਰ ਦੀ ਕੁੱਲ ਕੀਮਤ ਦੇ ਨਾਲ ਬਲੂਮਬਰਗ ਬਿਲੀਅਨੇਅਰਸ ਇੰਡੈਕਸ ਵਿਚ ਸਿਖਰ 'ਤੇ ਹੈ ਅਤੇ ਇੱਕ ਸਵੈ-ਘੋਸ਼ਿਤ ਰਾਜਨੀਤਿਕ ਸੁਤੰਤਰ ਵਿਅਕਤੀ - ਜਿਸ ਨੇ ਕਿਹਾ ਹੈ ਕਿ ਉਹ ਰਾਜਨੀਤੀ ਤੋਂ ਦੂਰ ਰਹਿਣਾ ਪਸੰਦ ਕਰਦਾ ਹੈ, ਤੋਂ ਇਕ ਅਜਿਹੇ ਵਿਅਕਤੀ ਵਿਚ ਬਦਲ ਗਿਆ ਹੈ, ਜੋ ਨਿਯਮਿਤ ਤੌਰ 'ਤੇ ਆਪਣੇ ਐਕਸ ਸੋਸ਼ਲ ਮੀਡੀਆ ਪਲੇਟਫਾਰਮ ਦੀ ਵਰਤੋਂ ਖੱਬੇ ਪੱਖੀ ਵਿਚਾਰਾਂ ਦਾ ਸਮਰਥਨ ਕਰਨ ਅਤੇ ਡੈਮੋਕਰੇਟਸ 'ਤੇ ਹਮਲਾ ਕਰਨ ਲਈ ਕਰਦਾ ਹੈ।







"Sound Mind in the Sound Body" ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

## 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

**Wilson Play Fields Kent WA. 13028 SE. 251st. Kent, WA - 98030**

Every Saturday - Sunday
5PM to 7PM
Free Entry

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
Free Sporst Kits-Refreshment

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ



ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ:

**Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ



ਗੁਰਚਰਨ ਸਿੰਘ ਢਿੱਲੋਂ (ਮੁੱਖ ਪ੍ਰਬੰਧਕ) : 206-412-1559



ਗੁਰਦੀਪ ਸਿੰਘ ਸਿੱਧੂ (ਪ੍ਰਬੰਧਕ) : 206-697-8155

Designed By Punjab Mail USA

# ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਨੂੰ ਸਮਰਪਿਤ ਗੀਤ "ਕਿੱਥੇ ਤੁਰ ਗਿਆਂ ਯਾਰਾ" ਦਾ ਪੋਸਟਰ ਰਿਲੀਜ਼





**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਦੀ ਪਹਿਲੀ ਬਰਸੀ ਮੌਕੇ ਮਰਹੂਮ ਗਾਇਕ ਨੂੰ ਨਿਵੇਕਲੇ ਢੰਗ ਨਾਲ ਯਾਦ ਕਰਦਿਆਂ ਗੀਤ ਤਿਆਰ ਕੀਤਾ ਹੈ, ਜਿਸ ਦਾ ਪੋਸਟਰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਰਿਲੀਜ਼ ਕੀਤਾ ਗਿਆ।

ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ, ਪਦਮ ਸ੍ਰੀ ਹੰਸ ਰਾਜ ਹੰਸ ਤੇ ਹਰਪ੍ਰੀਤ ਸੇਖੋਂ ਵੱਲੋਂ ਗੀਤ 'ਕਿੱਥੇ ਤੁਰ ਗਿਆਂ ਯਾਰਾ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਗੀਤ ਅਤੇ ਵੀਡਿਓ 26 ਜੁਲਾਈ ਨੂੰ ਸੁਰਿੰਦਰ ਛਿੰਦਾ ਦੀ ਪਹਿਲੀ ਬਰਸੀ ਮੌਕੇ ਰਿਲੀਜ਼ ਹੋਵੇਗਾ। ਇਸ ਗੀਤ ਨੂੰ ਹੰਸ ਰਾਜ ਹੰਸ ਨੇ ਗਾਇਆ ਹੈ ਤੇ ਹਰਪ੍ਰੀਤ ਸੇਖੋਂ ਨੇ ਲਿਖਿਆ ਹੈ।

- ਬਾਬੂ ਸਿੰਘ ਮਾਨ, ਹੰਸ ਰਾਜ ਹੰਸ ਤੇ ਹਰਪ੍ਰੀਤ ਸੇਖੋਂ ਵੱਲੋਂ ਪੋਸਟਰ ਰਿਲੀਜ਼
- 26 ਜੁਲਾਈ ਨੂੰ ਸੁਰਿੰਦਰ ਛਿੰਦਾ ਦੀ ਪਹਿਲੀ ਬਰਸੀ ਮੌਕੇ ਹੋਵੇਗਾ ਗੀਤ ਤੇ ਵੀਡਿਓ ਰਿਲੀਜ਼: ਬਾਬੂ ਸਿੰਘ ਮਾਨ
- ਸੁਰਿੰਦਰ ਛਿੰਦਾ ਹਮੇਸ਼ਾ ਸਾਡੇ ਦਿਲਾਂ ਵਿਚ ਵਸਦਾ ਰਹੇਗਾ: ਹੰਸ ਰਾਜ ਹੰਸ
- ਸੁਰਿੰਦਰ ਛਿੰਦਾ ਦੇ ਗਾਏ ਗੀਤ ਲੋਕ ਗੀਤ ਬਣੇ: ਹਰਪ੍ਰੀਤ ਸੇਖੋਂ

ਹੰਸ ਰਾਜ ਹੰਸ ਨੇ ਕਿਹਾ ਕਿ ਸੁਰਿੰਦਰ ਸ਼ਿੰਦਾ ਹਮੇਸ਼ਾ ਸਾਡੇ ਦਿਲਾਂ ਵਿਚ ਵਸਦਾ ਰਹੇਗਾ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਪੋਸਟਰ ਰਿਲੀਜ਼ ਕਰਦਿਆਂ ਵਿਛੜੇ ਸਾਥੀ ਨੂੰ ਯਾਦ ਕਰ ਰਹੇ ਹਾਂ, ਜਿਸ ਦੀ ਯਾਦ ਸਦੀਵੀਂ ਉਸ ਦੇ ਚਾਹੁਣ ਵਾਲਿਆਂ ਦੇ ਦਿਲਾਂ ਵਿਚ ਯਾਦ ਰਹੇਗੀ।

ਬਾਬੂ ਸਿੰਘ ਮਾਨ ਨੇ ਕਿਹਾ ਕਿ ਸੁਰਿੰਦਰ ਛਿੰਦਾ ਭਾਵੇਂ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਨ੍ਹਾਂ ਦੀ ਆਵਾਜ਼ ਹਮੇਸ਼ਾ ਗੂੰਜਦੀ ਰਹੇਗੀ। ਅੱਜ ਇੱਕ ਗੀਤ ਰਾਹੀਂ ਉਨ੍ਹਾਂ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਭੇਟ ਕਰ ਰਹੇ ਹਾਂ।

'ਕਿੱਥੇ ਤੁਰ ਗਿਆਂ ਯਾਰਾ' ਗੀਤ ਲਿਖਣ ਵਾਲੇ ਹਰਪ੍ਰੀਤ ਸੇਖੋਂ ਨੇ ਕਿਹਾ ਕਿ ਉਨ੍ਹਾਂ ਦੀ ਸਵਰਗੀ ਸੁਰਿੰਦਰ ਛਿੰਦਾ ਨਾਲ ਬਹੁਤ ਨੇੜਲੀ ਸਾਂਝ ਸੀ ਅਤੇ ਇੱਕ ਸਾਲ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਇੰਝ ਲੱਗਦਾ ਹੈ, ਜਿਵੇਂ ਉਹ ਸਾਡੇ ਅੰਗ-ਸੰਗ ਹੋਣ। ਸੁਰਿੰਦਰ ਛਿੰਦਾ ਨੇ ਆਪਣੀ ਆਵਾਜ਼ ਨਾਲ ਜੱਟ ਜਿਉਣਾ ਮੌੜ, ਪੁੱਤ ਜੱਟਾ ਦੇ ਅਤੇ ਯਾਰਾਂ ਦਾ ਟਰੱਕ ਬੱਲੀਏ ਜਿਹੇ ਮਕਬੂਲ ਗੀਤ ਗਾਏ, ਜੋ ਲੋਕ ਗੀਤ ਬਣ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੁਰਿੰਦਰ ਛਿੰਦਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੰਜਾਬ ਦੀ ਅਮਰ ਆਵਾਜ਼ ਆਖਿਆ ਸੀ।

ਤਲਵਿੰਦਰ ਸਿੰਘ ਨਾਗਰਾ ਨੇ ਦੱਸਿਆ ਕਿ 26 ਜੁਲਾਈ ਨੂੰ ਵਾਇਟਲ ਰਿਕਾਰਡਜ਼ ਵੱਲੋਂ ਇਹ ਗੀਤ ਰਿਲੀਜ਼ ਕੀਤਾ ਜਾ ਰਿਹਾ ਹੈ। ਗੀਤ ਦੀ ਵੀਡਿਓ ਬੌਬੀ ਬਾਜਵਾ ਨੇ ਬਣਾਈ ਹੈ।

ਇਸ ਮੌਕੇ ਕਰਤਾਰ ਸਿੰਘ, ਡਾ. ਸਿਮਰਜੀਤ ਸਿੰਘ, ਪਰਦੀਪ ਸਿੰਘ, ਮੱਖਣ ਸਿੰਘ, ਸਰਤਾਜ ਸਿੱਧੂ ਤੇ ਵਿਸ਼ਾਲ ਪਰਾਸ਼ਰ ਵੀ ਹਾਜ਼ਰ ਸਨ।

# ਭਾਰਤ-ਪਾਕਿ ਬਟਵਾਰੇ ਦੇ 77 ਸਾਲ ਬਾਅਦ ਗੁਰਦੁਆਰੇ ਨੂੰ ਵਾਪਸ ਮਿਲੀ ਜ਼ਮੀਨ

**ਗੁਰਦਾਸਪੁਰ/ਸਿਆਲਕੋਟ (ਪੰਜਾਬ ਮੇਲ)-** ਸਿਆਲਕੋਟ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਫਰਵਾਲ ਰੋਡ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਬਾਬਾ ਦੀ ਬੇਰੀ ਦੇ ਨਾਲ ਲੱਗਦੇ ਛੱਪੜ ਅਤੇ ਜ਼ਮੀਨ ਨੂੰ 77 ਸਾਲਾਂ ਬਾਅਦ ਮੁੜ ਤੋਂ ਕਬਜ਼ੇ 'ਚ ਲੈ ਲਿਆ ਹੈ।

ਸਰਹੱਦ ਪਾਰਲੇ ਸੂਤਰਾਂ ਅਨੁਸਾਰ ਇਹ ਜ਼ਮੀਨ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਹੀ ਇਕ ਪ੍ਰਭਾਵਸ਼ਾਲੀ ਹਿਜੜਾ ਪਰਿਵਾਰ ਨੇ ਆਪਣੇ ਕਬਜ਼ੇ ਵਿਚ ਲੈ ਲਈ ਸੀ। ਜ਼ਿਲ੍ਹਾ ਪ੍ਰਸ਼ਾਸਨ, ਨਗਰ ਪਾਲਿਕਾ, ਮਾਲ ਵਿਭਾਗ ਅਤੇ ਪੁਲਿਸ ਨੇ ਕਬਜ਼ਿਆਂ ਖ਼ਿਲਾਫ਼ ਸਾਂਝੀ ਮੁਹਿੰਮ ਚਲਾਈ।

ਸੂਤਰਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਮਾਲ ਮੁਹੰਮਦ ਇਕਬਾਲ ਨੇ ਉਕਤ ਜ਼ਮੀਨ 'ਤੇ ਪ੍ਰਭਾਵਸ਼ਾਲੀ ਪਰਿਵਾਰ ਨੇ ਪਸ਼ੂ ਫਾਰਮ ਅਤੇ ਦੁਕਾਨਾਂ ਬਣਾ ਲਈਆਂ ਸਨ, ਜਦਕਿ ਇਕ ਸਿਆਸੀ ਪਾਰਟੀ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਸੀ ਅਤੇ ਸਥਾਨਕ ਲੋਕਾਂ ਨੇ ਸਿੱਖ ਭਾਈਚਾਰੇ ਦੀ ਜ਼ਮੀਨ 'ਤੇ ਕੁਝ ਘਰ ਵੀ ਬਣਾਏ ਹੋਏ ਸਨ।

ਵਿਸ਼ੇਸ਼ ਟੀਮ ਨੇ ਜ਼ਮੀਨ 'ਤੇ ਸਥਾਪਤ ਦੁਕਾਨਾਂ, ਸਿਆਸੀ ਪਾਰਟੀ ਦੇ ਦਫ਼ਤਰ ਅਤੇ ਪਸ਼ੂ ਪਾਲਕਾਂ ਨੂੰ ਢਾਹ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਦੇ ਬੁਲਾਰੇ ਸਈਅਦ ਵਕਾਰ ਜਾਵੇਦ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰਦੁਆਰੇ ਦੀ ਅੱਠ ਕਨਾਲਾਂ ਅਤੇ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਸਿੱਖ ਕੌਮ ਦੀ 18 ਮਰਲੇ ਜ਼ਮੀਨ 'ਤੇ ਕੀਤੇ ਨਾਜਾਇਜ਼ ਕਬਜ਼ੇ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਅਤੇ ਛੱਪੜ ਦਾ ਨਿਰਮਾਣ ਕਰਵਾਇਆ ਸੀ।

ਉਨ੍ਹਾਂ ਦੱਸਿਆ ਕਿ 1947 'ਚ ਭਾਰਤ ਦੀ ਵੰਡ ਤੋਂ ਬਾਅਦ ਇਸ ਛੱਪੜ ਨੂੰ ਬੰਦ ਕਰ ਦਿੱਤਾ ਗਿਆ ਅਤੇ ਬਾਅਦ ਵਿਚ ਸਥਾਨਕ ਲੋਕਾਂ ਨੇ ਇਸ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਮੁਹੰਮਦ ਇਕਬਾਲ ਨੇ ਦੱਸਿਆ ਕਿ ਮਾਫੀਆ ਤੋਂ ਮੁਕਤ ਕਰਵਾਈ ਗਈ ਜ਼ਮੀਨ ਔਕਾਫ ਵਿਭਾਗ ਨੂੰ ਸੌਂਪ ਦਿੱਤੀ ਜਾਵੇਗੀ, ਜੋ ਅੱਗੇ ਇਸ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦੇ ਹਵਾਲੇ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਨਾਜਾਇਜ਼ ਕਬਜ਼ਿਆਂ 'ਚ ਸ਼ਾਮਲ ਪਾਏ ਜਾਣ ਵਾਲੇ ਔਕਾਫ਼ ਵਿਭਾਗ ਦੇ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜ਼ਮੀਨ ਸੌਂਪਣ ਲਈ ਸਿੱਖ ਭਾਈਚਾਰੇ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

# ਕਿਸਾਨਾਂ ਵੱਲੋਂ ਸ਼ੰਭੂ ਬਾਰਡਰ ਖੁੱਲ੍ਹਦਿਆਂ ਹੀ ਦਿੱਲੀ ਕੂਚ ਕਰਨ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਹਰਿਆਣਾ ਸਰਕਾਰ ਵੱਲੋਂ ਰਾਹ ਖੋਲ੍ਹੇ ਜਾਣ 'ਤੇ ਦਿੱਲੀ ਕੂਚ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਮੰਗਾਂ ਦੇ ਹੱਲ ਲਈ ਦਿੱਲੀ ਵਿਖੇ ਹੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇਗੀ।

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਜਗਜੀਤ ਸਿੰਘ ਡੱਲੇਵਾਲ, ਸੁਰਜੀਤ ਸਿੰਘ ਫੂਲ, ਅਮਰਜੀਤ ਮੋਹਰੀ, ਅਭਿਮਨਿਊ ਕੋਹਾੜ, ਤੇਜਵੀਰ ਸਿੰਘ, ਮਲਕੀਤ ਸਿੰਘ, ਗੁਰਅਮਨੀਤ ਸਿੰਘ ਮਾਂਗਟ, ਗੁਰਿੰਦਰ ਭੰਗੂ, ਗੁਰਦਾਸ ਲੱਕੜਵਾਲੀ ਨੇ ਇਥੇ ਕਿਸਾਨ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਸੜਕ ਖਾਲੀ ਕਰਨ ਸਬੰਧੀ ਦਿੱਤੇ ਹੁਕਮਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਤੇ ਹਰਿਆਣਾ ਦੀ ਸ਼ੰਭੂ ਤੇ ਖਨੌਰੀ ਹੱਦ 'ਤੇ ਸੜਕਾਂ ਕਿਸਾਨਾਂ ਨੇ ਨਹੀਂ, ਸਗੋਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਜਾਮ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਸੜਕਾਂ ਖੋਲ੍ਹਣੀਆਂ ਚਾਹੀਦੀਆਂ ਹਨ, ਜੇ ਹੁਣ ਵੀ ਹਰਿਆਣਾ ਸਰਕਾਰ ਇਹ ਸੜਕ ਨਹੀਂ ਖੋਲ੍ਹਦੀ, ਤਾਂ ਵਪਾਰੀ ਵਰਗ ਵੀ ਭਾਜਪਾ ਖ਼ਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕਰੇਗਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸਿਆਟਲ 'ਚ ਭਾਰਤੀਆਂ ਲਈ ਨਵਾਂ ਵੀਜ਼ਾ ਐਪਲੀਕੇਸ਼ਨ ਸੈਂਟਰ ਖੁੱਲ੍ਹਿਆ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਨੇ ਪਿਛਲੇ ਕੁਝ ਦਹਾਕਿਆਂ ਵਿਚ ਆਪਣੇ ਰਿਸ਼ਤੇ ਨੂੰ ਮਜ਼ਬੂਤ ਕੀਤਾ ਹੈ ਅਤੇ ਇਹ ਉਨ੍ਹਾਂ ਭਾਰਤੀਆਂ ਲਈ ਬਹੁਤ ਮਦਦਗਾਰ ਰਿਹਾ ਹੈ, ਜੋ ਅਮਰੀਕਾ ਵਿਚ ਹਨ ਜਾਂ ਉੱਥੇ ਰਹਿਣ ਦੀ ਯੋਜਨਾ ਬਣਾ ਰਹੇ ਹਨ। ਭਾਰਤ ਨੇ ਵੱਖ-ਵੱਖ ਥਾਵਾਂ 'ਤੇ ਨਵੇਂ ਕੌਂਸਲੇਟ ਖੋਲ੍ਹੇ ਹਨ, ਜਿਸ ਨਾਲ ਭਾਰਤੀਆਂ ਲਈ ਆਪਣੇ ਵੀਜ਼ਾ ਅਤੇ ਪਾਸਪੋਰਟ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨਾ ਆਸਾਨ ਹੋ ਗਿਆ ਹੈ ਅਤੇ ਵਿਦੇਸ਼ ਮੰਤਰਾਲੇ ਨੇ ਸਿਆਟਲ ਵਿਚ ਇੱਕ ਭਾਰਤੀ ਵੀਜ਼ਾ ਅਰਜ਼ੀ ਕੇਂਦਰ ਖੋਲ੍ਹਣ ਬਾਰੇ ਖ਼ਬਰ ਸਾਂਝੀ ਕੀਤੀ। ਵੀਜ਼ਾ ਕੇਂਦਰ ਦਾ ਉਦਘਾਟਨ ਭਾਰਤ ਦੇ ਕੌਂਸਲੇਟ ਜਨਰਲ ਅਤੇ ਸਿਆਟਲ ਦੇ ਮੇਅਰ ਨੇ ਸਾਂਝੇ ਤੌਰ 'ਤੇ ਕੀਤਾ। ਸਿਆਟਲ ਵਿਚ ਇਹ ਪਹਿਲਾ ਭਾਰਤੀ ਵੀਜ਼ਾ ਐਪਲੀਕੇਸ਼ਨ ਸੈਂਟਰ (ਆਈ.ਵੀ.ਏ.ਸੀ.) ਹੈ। ਇਹ ਕਿਸੇ ਵੀ ਭਾਰਤੀ ਤੋਂ ਵੀਜ਼ਾ, ਓ.ਸੀ.ਆਈ. ਅਤੇ ਪਾਸਪੋਰਟ ਲਈ ਅਰਜ਼ੀਆਂ ਮੰਗਦਾ ਹੈ, ਜੋ ਅਪਲਾਈ ਕਰਨਾ ਚਾਹੁੰਦੇ ਹਨ। ਸਿਆਣਪ ਵਿਚ ਭਾਰਤੀ ਕੌਂਸਲੇਟ ਦੀ ਸਥਾਪਨਾ ਨਵੰਬਰ 2023 ਵਿਚ ਕੀਤੀ ਗਈ ਸੀ ਅਤੇ ਇਹ ਖੇਤਰ ਵਿਚ ਭਾਰਤੀਆਂ ਲਈ ਵੀਜ਼ਾ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੀ ਦਿਸ਼ਾ ਵਿਚ ਇੱਕ ਬਹੁਤ ਵੱਡਾ ਕਦਮ ਹੈ।



ਬੇਲੇਵਿਊ ਵਿਚ ਅਰਜ਼ੀਆਂ ਲਈ ਡਰਾਪ ਆਫ ਦੀ ਸਹੂਲਤ ਵੀ ਸਥਾਪਿਤ ਕੀਤੀ ਗਈ ਹੈ। ਬਿਨੈਕਾਰ ਆਪਣੇ ਕੰਮ ਲਈ ਕਿਸੇ ਵੀ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ। ਇਹ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਵਾਲਾ ਹੈ ਅਤੇ ਇਸ ਖੇਤਰ ਵਿਚ ਰਹਿਣ ਵਾਲੇ ਲੋਕਾਂ ਲਈ ਵੀ ਇਹ ਸਹੂਲਤ ਬਹੁਤ ਹੀ ਲਾਭਦਾਇਕ ਹੈ।

# ਮੁਅੱਤਲ ਚੱਲ ਰਹੇ ਆਈ.ਪੀ.ਐੱਸ. ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਪਿਛਲੇ ਪੰਜ ਸਾਲਾਂ ਤੋਂ ਮੁਅੱਤਲ ਚੱਲ ਰਹੇ ਆਈ.ਪੀ.ਐੱਸ. ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਾਜ਼ੇ ਹੁਕਮਾਂ 'ਤੇ ਉਮਰਾਨੰਗਲ ਨੂੰ ਬਹਾਲ ਕੀਤਾ ਹੈ।



**ਪਰਮਰਾਜ ਸਿੰਘ ਉਮਰਾਨੰਗਲ**

ਹਾਲਾਂਕਿ, ਪੰਜਾਬ ਪੁਲਿਸ ਵੱਲੋਂ ਉਮਰਾਨੰਗਲ ਨੂੰ ਹਾਲੇ ਤੱਕ ਕਿਤੇ ਵੀ ਤਾਇਨਾਤ ਨਹੀਂ ਕੀਤਾ ਗਿਆ ਹੈ। ਫਿਲਹਾਲ ਉਹ ਡੀ.ਜੀ.ਪੀ. ਪੰਜਾਬ ਨੂੰ ਰਿਪੋਰਟ ਕਰਨਗੇ। ਉਸ ਤੋਂ ਬਾਅਦ ਡੀ.ਜੀ.ਪੀ. ਵੱਲੋਂ ਉਨ੍ਹਾਂ ਨੂੰ ਨਵੀਂ ਥਾਂ 'ਤੇ ਤਾਇਨਾਤੀ ਬਾਰੇ ਆਦੇਸ਼ ਦਿੱਤੇ ਜਾਣਗੇ।

# ਪੰਜਾਬ 'ਚ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਉਣ ਵਾਲਿਆਂ ਨੂੰ ਵੱਡੀ ਰਾਹਤ

**ਸ਼ੇਰਪੁਰ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਐੱਨ.ਜੀ.ਡੀ. ਆਰ.ਐੱਸ. ਪੋਰਟਲ 'ਚ ਨਵੀਂ ਆਪਸ਼ਨ ਖ਼ਤਮ ਕਰ ਦਿੱਤੀ ਹੈ। ਇਸ ਨਾਲ ਸੂਬੇ ਦੇ ਲੱਖਾਂ ਲੋਕਾਂ ਨੂੰ ਰਾਹਤ ਮਿਲੀ ਹੈ। ਪੋਰਟਲ 'ਚ ਪ੍ਰਮਾਣਿਤ/ਗੈਰ ਪ੍ਰਮਾਣਿਤ ਕਾਲੋਨੀ ਹੋਣ ਅਤੇ ਕਾਲੋਨੀ ਦਾ ਲਾਇਸੈਂਸ ਨੰਬਰ, ਟੀ.ਐੱਸ. ਨੰਬਰ ਆਦਿ ਜਾਣਕਾਰੀ ਦੇਣ ਤੋਂ ਇਲਾਵਾ, ਲਾਇਸੈਂਸ ਜਾਰੀ ਕਰਨ ਦੀ ਮਿਤੀ, ਕਾਲੋਨੀ ਦਾ ਨਾਮ ਅਤੇ ਕਾਲੋਨਾਈਜ਼ਰ ਦਾ ਪੈਨ ਨੰਬਰ ਵਰਗੀ ਜਾਣਕਾਰੀ ਪੋਰਟਲ 'ਚ ਭਰਨ ਦੀ ਨਵੀਂ ਆਪਸ਼ਨ ਦਿੱਤੀ ਗਈ ਸੀ।

ਸਰਕਾਰ ਵੱਲੋਂ ਨਵੀਂ ਆਪਸ਼ਨ ਖ਼ਤਮ ਕਰਨ ਨਾਲ ਹੁਣ ਸਾਲ 1995 ਤੋਂ ਪਹਿਲਾਂ ਖ਼ਰੀਦੇ ਗਏ ਪਲਾਟਾਂ ਤੋਂ ਇਲਾਵਾ 50 ਸਾਲ ਜਾਂ ਹੋਰ ਪੁਰਾਣੀ ਆਬਾਦੀ 'ਚ ਲਾਲ ਲਕੀਰ ਆਦਿ ਰਿਹਾਇਸ਼ੀ ਖੇਤਰ ਦੀਆਂ ਰਜਿਸਟਰੀਆਂ ਸ਼ੁਰੂ ਹੋਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਸੂਬੇ 'ਚ ਕਈ ਕਾਲੋਨਾਈਜ਼ਰਾਂ ਨੇ ਕਰੀਬ 30 ਸਾਲ ਪਹਿਲਾਂ ਸਸਤੀ ਖੇਤੀ ਵਾਲੀਆਂ ਜ਼ਮੀਨਾਂ ਖਰੀਦ ਕੇ ਅਣ-ਅਧਿਕਾਰਤ ਕਾਲੋਨੀਆਂ ਉਸਾਰ ਦਿੱਤੀਆਂ ਸਨ।

# ਜਲਦ ਹੀ ਪੂਰੇ ਦੇਸ਼ 'ਚ ਸੋਨੇ ਦੇ ਮੁੱਲ 'ਤੇ ਲਾਗੂ ਹੋਵੇਗੀ ਨਵੀਂ ਪਾਲਿਸੀ!

**'ਵਨ ਨੇਸ਼ਨ, ਵਨ ਰੇਟ' ਪਾਲਿਸੀ ਤਹਿਤ ਪੂਰੇ ਦੇਸ਼ 'ਚ ਇਕ ਹੀ ਹੋਵੇਗਾ ਸੋਨੇ ਦਾ ਮੁੱਲ**

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵੀ ਵੱਖ-ਵੱਖ ਹੁੰਦੀਆਂ ਹਨ। ਸੋਨੇ ਅਤੇ ਚਾਂਦੀ ਦੇ ਰੇਟ 'ਤੇ ਹਰ ਸੂਬੇ ਦੇ ਵੱਖ-ਵੱਖ ਟੈਕਸਾਂ ਤੋਂ ਇਲਾਵਾ ਵੀ ਕਈ ਤਰ੍ਹਾਂ ਦੀਆਂ ਚੀਜ਼ਾਂ ਜੋੜੀਆਂ ਜਾਂਦੀਆਂ ਹਨ। ਇਸ ਦੇ ਕਾਰਨ ਹਰ ਸੂਬੇ 'ਚ ਇਨ੍ਹਾਂ ਕੀਮਤੀ ਧਾਤੂਆਂ ਦੀ ਕੀਮਤ ਵੀ ਵੱਖ ਹੋ ਜਾਂਦੀ ਹੈ।

ਹੁਣ ਦੇਸ਼ 'ਚ ਵੱਡਾ ਬਦਲਾਅ ਹੋਣ ਜਾ ਰਿਹਾ ਹੈ। ਛੇਤੀ ਹੀ ਪੂਰੇ ਦੇਸ਼ 'ਚ 'ਵਨ ਨੇਸ਼ਨ, ਵਨ ਰੇਟ' ਪਾਲਿਸੀ ਲਾਗੂ ਹੋਣ ਜਾ ਰਹੀ ਹੈ। ਇਸ ਤੋਂ ਬਾਅਦ ਤੁਸੀਂ ਦੇਸ਼ 'ਚ ਕਿਤੇ ਵੀ ਸੋਨਾ ਖਰੀਦੋ, ਤੁਹਾਨੂੰ ਰੇਟ ਇਕ ਹੀ ਮਿਲੇਗਾ। ਅਜਿਹਾ ਹੋਣ 'ਤੇ ਸੋਨੇ ਦੇ ਕਾਰੋਬਾਰੀਆਂ ਅਤੇ ਜਿਊਲਰਾਂ ਨੂੰ ਵੀ ਸੌਖ ਹੋ ਜਾਵੇਗੀ। ਇਸ ਨੂੰ ਲਾਗੂ ਕਰਨ ਲਈ ਪੂਰੇ ਦੇਸ਼ ਦੇ ਸਾਰੇ ਵੱਡੇ ਜਿਊਲਰਜ਼ ਵੀ ਸਹਿਮਤ ਹੋ ਗਏ ਹਨ।

ਸੋਨੇ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਲਿਆਂਦੀ ਜਾ ਰਹੀ 'ਵਨ ਨੇਸ਼ਨ, ਵਨ ਰੇਟ' ਪਾਲਿਸੀ ਨੂੰ ਜੈੱਮ ਅਤੇ ਜਿਊਲਰੀ ਕੌਂਸਲ (ਜੀ.ਜੇ.ਸੀ.) ਨੇ ਵੀ ਸਮਰਥਨ ਦਿੱਤਾ ਹੈ। ਇਸ ਦਾ ਮਕਸਦ ਪੂਰੇ ਦੇਸ਼ 'ਚ ਸੋਨੇ ਦੀਆਂ ਇਕ ਜਿਹੀਆਂ ਕੀਮਤਾਂ ਤੈਅ ਕਰਨਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸਤੰਬਰ 2024 'ਚ ਹੋਣ ਵਾਲੀ ਬੈਠਕ 'ਚ ਇਸ 'ਤੇ ਅਧਿਕਾਰਤ ਐਲਾਨ ਹੋ ਸਕਦਾ ਹੈ। ਹਾਲਾਂਕਿ ਇਸ ਪਾਲਿਸੀ ਨੂੰ ਲਾਗੂ ਕਰਨ ਤੋਂ ਬਾਅਦ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਨ ਲਈ ਗੋਲਡ ਇੰਡਸਟ੍ਰੀ ਨਵੀਂ ਯੋਜਨਾ ਬਣਾ ਰਹੀ ਹੈ।

ਕੇਂਦਰ ਸਰਕਾਰ ਇਸ ਯੋਜਨਾ ਦੇ ਤਹਿਤ ਪੂਰੇ ਦੇਸ਼ 'ਚ ਸੋਨੇ ਦੀਆਂ ਕੀਮਤਾਂ ਨੂੰ ਬਰਾਬਰ ਕਰਨਾ ਚਾਹੁੰਦੀ ਹੈ। ਇਹ ਪਾਲਿਸੀ ਲਾਗੂ ਹੋਣ ਤੋਂ ਬਾਅਦ ਤੁਸੀਂ ਦਿੱਲੀ, ਮੁੰਬਈ, ਚੇਨਈ ਜਾਂ ਕੋਲਕਾਤਾ ਵਰਗੇ ਮੈਟਰੋ ਸ਼ਹਿਰ 'ਚੋਂ ਜਾਂ ਕਿਸੇ ਛੋਟੇ ਸ਼ਹਿਰ 'ਚੋਂ ਸੋਨਾ ਖਰੀਦੋ, ਤੁਹਾਨੂੰ ਕੀਮਤ ਇਕ ਹੀ ਦੇਣੀ ਪਵੇਗੀ। ਇਸ ਪਾਲਿਸੀ ਦੇ ਤਹਿਤ ਸਰਕਾਰ ਨੈਸ਼ਨਲ ਬੁਲੀਅਨ ਐਕਸਚੇਂਜ ਬਣਾਏਗੀ, ਜੋ ਹਰ ਜਗ੍ਹਾ ਸੋਨੇ ਦੀਆਂ ਬਰਾਬਰ ਕੀਮਤਾਂ ਤੈਅ ਕਰੇਗੀ। ਨਾਲ ਹੀ ਜਿਊਲਰਜ਼ ਨੂੰ ਇਸੇ ਕੀਮਤ 'ਤੇ ਸੋਨਾ ਵੇਚਣਾ ਪਵੇਗਾ।

ਇਹ ਪਾਲਿਸੀ ਲਾਗੂ ਹੋਣ ਨਾਲ ਬਾਜ਼ਾਰ 'ਚ ਟ੍ਰਾਂਸਪੇਰੈਂਸੀ ਵਧੇਗੀ। ਸੋਨੇ ਦੀਆਂ ਕੀਮਤਾਂ ਚ ਡਿਫਰੈਂਸ ਹੋਣ ਦੇ ਕਾਰਨ ਇਸ ਦੀਆਂ ਕੀਮਤਾਂ 'ਚ ਵੀ ਕਮੀ ਆ ਸਕਦੀ ਹੈ। ਇਸ ਤੋਂ ਇਲਾਵਾ ਹੁਣ ਜੋ ਜਿਊਲਰਜ਼ ਸੋਨਾ ਵੇਚਣ 'ਤੇ ਕਈ ਵਾਰ ਮਨਮਾਨੀ ਕੀਮਤ ਵਸੂਲਦੇ ਹਨ, ਉਸ 'ਤੇ ਵੀ ਲਗਾਮ ਲੱਗੇਗੀ।




# ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਵਿਖੇ ਪੇਸ਼ ਹੋਵਾਂਗਾ: ਸੁਖਬੀਰ ਬਾਦਲ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂਆਂ ਦੀ ਸ਼ਿਕਾਇਤ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਤਲਬ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਨਿਮਰਤਾ ਸਹਿਤ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋਣਗੇ। ਉਨ੍ਹਾਂ ਇਹ ਖੁਲਾਸਾ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਖਾਤੇ ਰਾਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਵਾਨ ਤੇ ਨਿਮਾਣੇ ਸਿੱਖ ਵਜੋਂ ਉਨ੍ਹਾਂ ਦਾ ਰੋਮ-ਰੋਮ ਤੇ ਹਰ ਸੁਆਸ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮੀਰੀ-ਪੀਰੀ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਪਾਰਟੀ ਪ੍ਰਧਾਨ ਵੱਲੋਂ ਅਗਲੇ ਦਿਨਾਂ ਵਿਚ



ਅਕਾਲ ਤਖ਼ਤ ਅੱਗੇ ਪੇਸ਼ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਅਤੇ ਗੁਰੂ ਘਰ ਨੂੰ ਸਮਰਪਿਤ ਹੈ। ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜੋ ਵੀ ਆਦੇਸ਼ ਕੀਤਾ ਗਿਆ ਹੈ, ਪਾਰਟੀ ਵੱਲੋਂ ਉਸ ਆਦੇਸ਼ ਨੂੰ ਸਮਰਪਿਤ ਹੁੰਦਿਆਂ ਹੋਇਆਂ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਮੁਤਾਬਕ ਨਿਮਾਣੇ ਸਿੱਖ ਵਜੋਂ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਹੋਣਗੇ। ਵੇਰਵਿਆਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਧਿਰ ਨੇ ਸ੍ਰੀ ਅਕਾਲ ਤਖ਼ਤ ਵੱਲੋਂ ਕੀਤੇ ਗਏ ਆਦੇਸ਼ ਨੂੰ ਸਹਿਜਤਾ ਨਾਲ ਲਿਆ ਹੈ ਅਤੇ ਸਮਰਪਿਤ ਭਾਵਨਾ ਨਾਲ ਅਤੀਤ ਵਿਚ ਹੋਈਆਂ ਗਲਤੀਆਂ ਨੂੰ ਵੀ ਜਾਣੇ-ਅਣਜਾਣੇ ਵਿਚ ਹੋਈਆਂ ਭੁੱਲਾਂ-ਚੁੱਕਾਂ ਵਜੋਂ ਸਵੀਕਾਰ ਕਰਨ ਦੇ ਰੌਅ ਵਿਚ ਹੈ। ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪ੍ਰੰਤੂ ਨਹੀਂ ਕਰਨਾ ਚਾਹੁੰਦਾ ਹੈ। ਉਂਜ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਵਿਖੇ ਅਕਾਲੀ ਸਰਕਾਰ ਵੇਲੇ ਹੋਈਆਂ ਭੁੱਲਾਂ-ਚੁੱਕਾਂ ਦੀ ਖਿਮਾ ਯਾਚਨਾ ਦੀ ਅਰਦਾਸ ਕਰ ਚੁੱਕੀ ਹੈ।

## ਭਾਰਤ ਦੀ ਆਬਾਦੀ 2060 ਦੇ ਦਹਾਕੇ ਦੀ ਸ਼ੁਰੂਆਤ ਵਿਚ 1.7 ਅਰਬ ਤੱਕ ਪਹੁੰਚ ਜਾਵੇਗੀ: ਸੰਯੁਕਤ ਰਾਸ਼ਟਰ

ਸੰਯੁਕਤ ਰਾਸ਼ਟਰ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਭਾਰਤ ਦੀ ਆਬਾਦੀ 2060 ਦੇ ਦਹਾਕੇ ਦੀ ਸ਼ੁਰੂਆਤ ਵਿਚ ਲਗਭਗ 1.7 ਅਰਬ ਤੱਕ ਪਹੁੰਚਣ ਦਾ ਅਨੁਮਾਨ ਹੈ ਅਤੇ ਇਸ ਤੋਂ ਬਾਅਦ ਇਸ ਵਿਚ 12 ਫ਼ੀਸਦੀ ਦੀ ਕਮੀ ਆਵੇਗੀ ਪਰ ਇਸ ਦੇ ਬਾਵਜੂਦ ਇਹ ਪੂਰੀ ਸ਼ਤਾਬਦੀ ਦੌਰਾਨ ਵਿਸ਼ਵ ਵਿਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣੇਗਾ। ਇੱਥੇ ਅੱਜ ਜਾਰੀ 'ਵਰਲਡ ਪਾਪੂਲੇਸ਼ਨ ਪ੍ਰਾਸਪੈਕਟਸ 2024' ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਉਣ ਵਾਲੇ 50-60 ਸਾਲਾਂ ਦੌਰਾਨ ਦੁਨੀਆਂ ਦੀ ਆਬਾਦੀ ਵਿਚ ਵਾਧਾ ਜਾਰੀ ਰਹਿਣ ਦਾ ਅਨੁਮਾਨ ਹੈ ਅਤੇ 2024 ਵਿਚ ਇਹ 8.2 ਅਰਬ ਤੱਕ ਪਹੁੰਚ ਜਾਵੇਗੀ, ਜਦਕਿ 2080 ਦੇ ਦਹਾਕੇ ਦੇ ਮੱਧ ਤੱਕ ਦੁਨੀਆਂ ਦੀ ਆਬਾਦੀ ਲਗਪਗ 10.3 ਅਰਬ ਹੋ ਜਾਵੇਗੀ। ਹਾਲਾਂਕਿ, ਚਰਮ ਸਥਿਤੀ 'ਤੇ ਪਹੁੰਚਣ ਮਗਰੋਂ ਆਲਮੀ ਆਬਾਦੀ ਵਿਚ ਹੌਲੀ-ਹੌਲੀ ਨਿਘਾਰ ਆਉਣ ਦਾ ਅਨੁਮਾਨ ਹੈ ਅਤੇ ਇਹ ਸਦੀ ਦੇ ਅੰਤ ਤੱਕ ਘੱਟ ਕੇ 10.2 ਅਰਬਰ ਰਹਿ ਜਾਵੇਗੀ।

# ਫਿਰੌਤੀਆਂ ਦੇ ਦੋਸ਼ ਹੇਠ ਇਕ ਕਾਬੂ ਤੇ ਇਕ ਹੋਰ ਦੀ ਭਾਲ ਜਾਰੀ

**■ ਪੁਲਿਸ ਨੇ ਨੋਟਿਸ ਜਾਰੀ ਕਰ ਕੇ ਮੁਲਜ਼ਮ ਨੂੰ ਫੜਾਉਣ 'ਚ ਲੋਕਾਂ ਤੋਂ ਮੰਗੀ ਮਦਦ**

ਵੈਨਕੂਵਰ, (ਪੰਜਾਬ ਮੇਲ)- ਪਿਛਲੇ ਹਫ਼ਤੇ ਪੀਲ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਫਿਰੌਤੀਆਂ ਮੰਗਣ ਵਾਲੇ ਗਿਰੋਹ ਦੇ ਕੁਝ ਮੈਂਬਰਾਂ ਦੇ ਇਕ ਹੋਰ ਸਾਥੀ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ, ਜਦਕਿ ਇਕ ਹੋਰ ਮੁਲਜ਼ਮ ਦੀ ਭਾਲ ਵਿਚ ਦੇਸ਼ਵਿਆਪੀ ਨੋਟਿਸ ਜਾਰੀ ਕੀਤਾ ਗਿਆ ਹੈ। ਕਾਬੂ ਕੀਤੇ ਗਏ ਮੁਲਜ਼ਮ ਦੀ ਪਛਾਣ ਟੋਰਾਂਟੋ ਦੇ ਰਹਿਣ ਵਾਲੇ ਜਸਕਰਨ ਸਿੰਘ (30) ਵਜੋਂ ਹੋਈ ਹੈ। ਉਸ ਵਿਰੁੱਧ 17 ਦੋਸ਼ ਲੱਗੇ ਹਨ। ਉਹ ਅਜਿਹੇ ਹੋਰ ਮਾਮਲਿਆਂ ਵਿਚ ਪਹਿਲਾਂ ਤੋਂ ਜ਼ਮਾਨਤ 'ਤੇ ਸੀ। ਇਕ



ਪੁਲਿਸ ਵੱਲੋਂ ਕਾਬੂ ਕੀਤਾ ਗਿਆ ਜਸਕਰਨ ਸਿੰਘ ਤੇ ਭਗੌੜਾ ਜਗਮੋਹਨਜੀਤ ਸ਼ੀਤੇ।

ਹੋਰ ਮੁਲਜ਼ਮ ਜਗਮੋਹਨਜੀਤ ਸ਼ੀਤੇ (47) ਵਾਸੀ ਸਸਕੈਚਵਨ ਦੀ ਗ੍ਰਿਫ਼ਤਾਰੀ ਲਈ ਪੁਲਿਸ ਨੇ ਅਦਾਲਤ ਰਾਹੀਂ ਕੈਨੇਡਾ ਭਰ 'ਚ ਵਾਰੰਟ ਜਾਰੀ ਕਰਵਾਏ ਹਨ। ਪੁਲਿਸ ਦਾ ਮੰਨਣਾ ਹੈ ਕਿ ਇਹ ਵਿਅਕਤੀ ਹੁਣ ਪੀਲ ਖੇਤਰ ਵਿਚ ਛੁਪ ਕੇ ਰਹਿ ਰਿਹਾ ਹੈ। ਪੁਲਿਸ ਨੇ ਉਸ ਦੀ ਤਸਵੀਰ ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਮੁਲਜ਼ਮ ਨੂੰ ਫੜਾਉਣ ਵਿਚ ਪੁਲਿਸ ਦੀ ਮਦਦ ਕੀਤੀ ਜਾਵੇ। ਪੁਲਿਸ ਅਨੁਸਾਰ ਸ਼ੀਤੇ ਵੀ ਪਹਿਲਾਂ ਕਈ ਮਾਮਲਿਆਂ ਵਿਚ ਜ਼ਮਾਨਤ 'ਤੇ ਛੁਟ ਕੇ ਫਿਰ ਉਹੀ ਅਪਰਾਧ ਕਰਨ ਵਿਚ ਲੱਗਾ ਹੋਇਆ ਹੈ।

ਜ਼ਿਕਰਯੋਗ ਹੈ ਕਿ ਜ਼ਮਾਨਤ ਸਬੰਧੀ ਕੈਨੇਡਾ ਦੇ ਕਾਨੂੰਨ ਨਰਮ ਹੋਣ ਕਰ ਕੇ ਪੇਸ਼ੇਵਰ ਅਪਰਾਧੀ ਜ਼ਮਾਨਤ 'ਤੇ ਛੁਟ ਕੇ ਸ਼ਰਤਾਂ ਦੀ ਉਲੰਘਣਾ ਕਰਦਿਆਂ ਹੋਰ ਅਪਰਾਧ ਕਰਨ ਤੋਂ ਗੁਰੇਜ਼ ਨਹੀਂ ਕਰਦੇ ਹਨ। ਲੋਕਾਂ ਵੱਲੋਂ ਕਈ ਸਾਲਾਂ ਤੋਂ ਸਰਕਾਰ ਕੋਲੋਂ ਮੰਗ ਕੀਤੀ ਜਾ ਰਹੀ ਹੈ ਕਿ ਅਪਰਾਧੀਆਂ ਦੀ ਜ਼ਮਾਨਤ ਸਬੰਧੀ ਨਿਯਮ ਸਖ਼ਤ ਕੀਤੇ ਜਾਣ। ਸੰਸਦ ਵਿਚ ਵੀ ਇਸ ਮੁੱਦੇ 'ਤੇ ਚਰਚਾ ਹੋ ਚੁੱਕੀ ਹੈ ਅਤੇ ਇਸ ਦੇ ਬਦਲ ਲੱਭੇ ਜਾ ਰਹੇ ਹਨ।

# ਗਦਰੀ ਬਾਬਿਆਂ ਨੂੰ ਸਮਰਪਿਤ ਇੰਡੋ ਯੂ.ਐੱਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਮਨਾਇਆ ਗਿਆ ਪੰਜਾਬੀ ਚੇਤਨਾ ਦਿਹਾੜਾ

ਫਰਿਜ਼ਨੋ, (ਪੰਜਾਬ ਮੇਲ)- ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ.ਐੱਸ. ਹੈਰੀਟੇਜ਼ ਵੱਲੋਂ ਇੱਕ ਸੈਮੀਨਰ "ਪੰਜਾਬੀ ਚੇਤਨਾ ਦਿਹਾੜਾ" ਪੰਜਾਬੀ ਮਾਂ ਬੋਲੀ ਦੀ ਸਾਂਭ-ਸੰਭਾਲ ਅਤੇ ਪ੍ਰਫੁਲਤਾ ਲਈ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚਕੇ ਬੁਲਾਰਿਆਂ ਦੇ ਵਿਚਾਰ ਸੁਣੇ ਅਤੇ ਬਾਅਦ ਵਿਚ ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਦਾ ਤੀਸਰਾ ਨਾਵਲ "ਗਰੀਨ ਕਾਰਡ" ਅਤੇ ਸ਼ਾਇਰ ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ "ਮਿੱਟੀ ਦਾ ਮੋਹ" ਲੋਕ ਅਰਪਣ ਕੀਤੇ ਗਏ। ਪ੍ਰੋਗਰਾਮ ਦੇ ਅਖੀਰ ਵਿਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸ਼ੁਰੂਆਤ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿਚ ਸਭ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਰਾਜ ਬਰਾੜ ਨੇ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵਿਸ਼ੇਸ਼ ਤੌਰ 'ਤੇ ਸਾਧੂ ਸਿੰਘ ਸੰਘਾ ਦੇ ਨਾਵਲ ਗਰੀਨ ਕਾਰਡ 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਸਾਧੂ ਸਿੰਘ ਸੰਘਾ ਦੇ ਨਾਵਲ ਬਾਰੇ ਗੱਲ ਕਰਦਿਆਂ ਕਿਹਾ ਕਿ ਲੇਖਕ ਓਹੀ ਕਾਮਯਾਬ ਹੁੰਦਾ, ਜੋ ਪਾਠਕ ਨੂੰ ਉਂਗਲ ਫੜਕੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੋਵੇ, ਜਿਸ ਕੋਲ ਸ਼ਬਦ ਭੰਡਾਰ ਹੋਵੇ, ਜੋ ਆਪਣੇ ਪਾਤਰਾਂ ਦੀ ਚੋਣ ਸਹੀ ਕਰੇ। ਪ੍ਰਿੰਸੀਪਲ ਦਲਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਡਾ. ਅਰਜਨ ਸਿੰਘ ਜੋਸ਼ਨ ਨੇ ਰਣਜੀਤ ਗਿੱਲ ਦੇ ਕਾਵਿ ਸੰਗ੍ਰਹਿ ਮਿੱਟੀ ਦਾ ਮੋਹ ਸਬੰਧੀ ਬੋਲਦਿਆਂ ਕਿਹਾ ਕਿ ਸ਼ਾਇਰ ਰਣਜੀਤ ਗਿੱਲ ਪੁਰਾਤਨ ਤੇ ਅਜੋਕੀ ਸ਼ਾਇਰੀ ਦਾ ਐਸਾ



ਇੰਡੋ ਯੂ.ਐੱਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਮਨਾਏ ਗਏ ਪੰਜਾਬੀ ਚੇਤਨਾ ਦਿਹਾੜਾ ਦੌਰਾਨ ਹਾਜ਼ਰ ਸ਼ਖ਼ਸੀਅਤਾਂ।

ਸ਼ਾਇਰ ਹੈ, ਜਿਸ ਦੀਆਂ ਕਵਿਤਾਵਾ ਵਿਚੋਂ ਇਨਕਲਾਬੀ ਅਤੇ ਮਿੱਟੀ ਪ੍ਰਤੀ ਮੋਹ ਡੁੱਲ-ਡੁੱਲ ਪੈਂਦਾ ਹੈ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਸੰਖੇਪ ਵਿਚ ਦੋਵੇਂ ਕਿਤਾਬਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਸਾਧੂ ਸਿੰਘ ਸੰਘਾ ਅਤੇ ਸ਼ਾਇਰ ਰਣਜੀਤ ਗਿੱਲ ਨੇ ਵੀ ਆਪਣੇ ਬੋਲਾ ਨਾਲ ਹਾਜ਼ਰੀਨ ਨੂੰ ਕੀਲਿਆ। ਸ਼੍ਰੋਮਣੀ ਕਮੇਟੀ ਮੈਂਬਰ ਸ. ਜੁਗਰਾਜ ਸਿੰਘ ਦੌਧਰ ਨੇ ਮਾਂ ਬੋਲੀ ਵਿਚ ਘੁਸੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ। ਮਹਿੰਦਰ ਸਿੰਘ ਸੰਧਵਾਲੀਆ ਅਤੇ ਸੁਰਿੰਦਰ ਮੰਡਾਲੀ ਨੇ ਪੰਜਾਬੀ ਮਾਂ ਬੋਲੀ ਵਿਚ ਆ ਰਹੇ ਨਿਘਾਰ ਅਤੇ ਇਸ ਦੇ ਪ੍ਰਸਾਰ ਸਬੰਧੀ ਲੇਖਾ-ਜੋਖਾ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆਂ ਵਿਚ ਸਕੂਲ ਟਰੱਸਟੀ ਨੈਨਦੀਪ ਸਿੰਘ ਚੰਨ, ਪ੍ਰੋ. ਗੁਰਮਿੰਦਰ ਸਿੰਘ ਸੰਘਾ, ਰਜਿੰਦਰ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ। ਦੋਵੇਂ ਪੁਸਤਕਾਂ ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਰਲੀਜ਼ ਕੀਤੀਆਂ ਗਈਆਂ। ਇਸ ਮੌਕੇ ਇੰਡੋ ਯੂ.ਐੱਸ. ਹੈਰੀਟੇਜ ਫਰਿਜ਼ਨੋ ਦੇ ਸਮੂਹ ਮੈਂਬਰ ਮੌਜੂਦ ਰਹੇ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਸ਼ਖ਼ਸੀਅਤਾਂ ਪ੍ਰੋ. ਗੁਰਮਿੰਦਰ ਸਿੰਘ ਸੰਘਾ, ਨੈਨਦੀਪ ਸਿੰਘ ਚੰਨ ਅਤੇ ਸ਼ਾਇਰ ਹਰਜਿੰਦਰ ਕੰਗ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸੰਸਥਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਆ ਗਿਆ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਆਪਣੇ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਹਾਜ਼ਰੀ ਭਰੀ। ਕੁੰਦਨ ਸਿੰਘ ਧਾਮੀ ਨੇ ਹਾਸਰਸ ਕਵਿਤਾ ਪੜੀ। ਸਾਧੂ ਸਿੰਘ ਸੰਘਾ ਨੇ ਇਨਕਲਾਬੀ ਕਵਿਤਾ "ਅਜ਼ਾਦੀ" ਪੜਕੇ ਵਾਹ-ਵਾਹ ਖੱਟੀ।

ਉਪਰੰਤ ਗਾਇਕੀ ਦੇ ਦੌਰ ਵਿਚ ਗਾਇਕ ਜੀ.ਐੱਸ. ਪੀਟਰ, ਪੱਪੀ ਭਦੌੜ, ਕਮਲਜੀਤ ਬੈਨੀਪਾਲ ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਰਾਹੀਂ ਸਮਾਂ ਬੰਨ੍ਹਿਆਂ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ ਅਤੇ ਰਣਜੀਤ ਗਿੱਲ, ਸੁਲੱਖਣ ਗਿੱਲ, ਬਿਲੂ ਢੀਂਡਸਾ ਪੁਸ਼ਪਿੰਦਰ ਕੁਮਾਰ, ਹੈਰੀ ਮਾਨ ਆਦਿ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜੰਗੀਰ ਸਿੰਘ ਗਿੱਲ, ਕੋਸਟ ਟੂ ਕੋਸਟ ਵਾਲੇ ਹੈਰੀ, ਬਿੱਟੂ ਕੁੱਸਾ ਆਦਿ ਤੋਂ ਬਿਨਾ ਖਾਲੜਾ ਪਾਰਕ ਵਾਲੇ ਬਾਬੇ, ਜੀ.ਐੱਚ.ਜੀ. ਦੇ ਮੈਂਬਰ ਅਤੇ ਇੰਡੋ ਅਮੈਰਕਿਨ ਹੈਰੀਟੇਜ ਫੋਰਮ ਦੇ ਸਮੂਹ ਸੱਜਣ ਮੌਜੂਦ ਰਹੇ। ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

## ਜਲੰਧਰ ਜ਼ਿਮਨੀ ਚੋਣ ਲੜਨ ਵਾਲੀ ਅਕਾਲੀ ਆਗੂ ਸੁਰਜੀਤ ਕੌਰ ਦੀਆਂ ਵਧੀਆਂ ਮੁਸ਼ਕਿਲਾਂ

ਜਲੰਧਰ, (ਪੰਜਾਬ ਮੇਲ)- ਜਲੰਧਰ ਵੈਸਟ ਹਲਕੇ ਤੋਂ ਜ਼ਿਮਨੀ ਚੋਣ ਲੜਨ ਵਾਲੀ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਦਰਅਸਲ ਪੰਜਾਬ ਭਾਜਪਾ ਦੇ ਅਨੁਸੂਚਿਤ ਜਾਤੀ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਆਈ.ਏ.ਐੱਸ. ਅਧਿਕਾਰੀ ਸੁੱਚਾ ਰਾਮ ਲਾਧਰ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ, ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਨੂੰ ਸ਼ਿਕਾਇਤ ਭੇਜ ਕੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਦੇ ਜਾਤੀ ਪ੍ਰਮਾਣ ਪੱਤਰ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ ਕਿਉਂਕਿ ਜਿਸ ਸੀਟ 'ਤੇ ਉਨ੍ਹਾਂ ਨੇ ਚੋਣ ਲੜੀ ਸੀ, ਉਹ ਐੱਸ.ਸੀ. ਸੀਟ ਹੈ।

# ਕੈਨੇਡਾ ਦੇ ਵਾਟਰਪਾਰਕ 'ਚ ਕੁੜੀਆਂ ਛੇੜਦਾ ਭਾਰਤੀ ਕਾਬੂ

ਕੈਨੇਡਾ, (ਪੰਜਾਬ ਮੇਲ)- ਕੈਨੇਡਾ ਦੇ ਨਿਊ ਬਰੰਜ਼ਵਿਕ ਸੂਬੇ ਦੇ ਮੋਨਕਟਨ ਦੇ ਇੱਕ ਵਾਟਰਪਾਰਕ ਵਿਚ 16 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਛੇੜਛਾੜ ਕਰਨ ਅਤੇ ਗਲਤ ਢੰਗ ਨਾਲ ਹੱਥ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੋਸ਼ ਦੇ ਤਹਿਤ ਭਾਰਤੀ ਮੂਲ ਦੇ 25 ਸਾਲਾ ਜਨਾਰਦਨ ਸਿਵਾਰੰਜਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਿਸ ਮੁਤਾਬਕ ਇਹ ਵਿਅਕਤੀ ਵਾਟਰ ਪਾਰਕ ਦੇ ਆਲੇ-ਦੁਆਲੇ ਘੁੰਮ ਰਿਹਾ ਸੀ ਅਤੇ ਛੋਟੀਆਂ ਬੱਚੀਆਂ ਨੂੰ ਫੜ ਰਿਹਾ ਸੀ। ਘੱਟੋ-ਘੱਟ ਬਾਰ੍ਹਾਂ ਲੋਕਾਂ ਨੇ ਗਵਾਹੀ ਦਿੱਤੀ ਕਿ ਉਨ੍ਹਾਂ ਨੇ ਇਸ ਨੂੰ ਛੇੜਛਾੜ ਕਰਦੇ ਹੋਏ ਦੇਖਿਆ ਸੀ, ਜਿਨ੍ਹਾਂ ਵਿਚੋਂ ਕੁਝ ਬੱਚੀਆਂ ਦੀ ਉਮਰ 16 ਸਾਲ ਤੋਂ ਵੀ ਘੱਟ ਸੀ। ਜ਼ਿਕਰਯੋਗ ਹੈ ਕਿ ਇਹ ਘਟਨਾ ਮੈਜਿਕ ਮਾਉਂਟੇਨ ਵਿਖੇ ਵਾਪਰੀ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਦੱਸਿਆ ਹੈ ਕਿ ਉਸ ਕੋਲ ਭਾਰਤੀ ਪਾਸਪੋਰਟ ਹੈ। ਪੁਲਿਸ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਘੱਟੋ-ਘੱਟ 12 ਬੱਚੀਆਂ ਜਿਨ੍ਹਾਂ ਵਿਚ 16 ਸਾਲ ਤੋਂ ਘੱਟ ਉਮਰ ਦੀਆਂ ਵੀ ਸ਼ਾਮਲ ਹਨ, ਨਾਲ ਛੇੜਛਾੜ ਅਤੇ ਗਲਤ ਢੰਗ ਨਾਲ ਹੱਥ ਲਾਉਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ।

ਪੁਲਿਸ ਨੇ ਮੌਕੇ 'ਤੇ ਹੀ ਸਿਵਾਰੰਜਨ ਨੂੰ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿਚ ਉਸਨੂੰ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਉਸਨੂੰ 24 ਅਕਤੂਬਰ ਨੂੰ ਮੋਨਕਟਨ ਪ੍ਰੋਵਿੰਸ਼ੀਅਲ ਕੋਰਟ ਵਿਚ ਪੇਸ਼ ਕੀਤਾ ਜਾਣਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਤੇ ਵਾਟਰ ਪਾਰਕ 'ਚ ਗ੍ਰਿਫਤਾਰ ਕੀਤੇ ਜਾਣ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ।

ਨਾਬਾਲਗ ਲੜਕੀਆਂ ਵਿਚੋਂ ਇੱਕ ਦੀ ਮਾਂ, ਜਿਸਨੂੰ ਕਥਿਤ ਤੌਰ 'ਤੇ ਉਸ ਵਿਅਕਤੀ ਦੁਆਰਾ ਛੇੜਿਆ ਗਿਆ ਸੀ, ਨੇ ਇਸ ਦੀਆਂ ਤਸਵੀਰਾਂ ਇੱਕ ਫੇਸਬੁੱਕ ਕਮਿਊਨਿਟੀ 'ਤੇ ਪੋਸਟ ਕੀਤੀਆਂ ਹਨ ਅਤੇ ਇਸ ਦੇ ਨਾਲ ਹੀ ਦੂਜੇ ਮਾਪਿਆਂ ਨੂੰ ਉਸ ਬਾਰੇ ਚਿਤਾਵਨੀ ਦਿੱਤੀ। ਔਰਤ ਨੇ ਦਾਅਵਾ ਕੀਤਾ ਕਿ ਸ਼ੱਕੀ ਹੋਰ ਭਾਰਤੀ ਪੁਰਸ਼ਾਂ ਦੇ ਸਮੂਹ ਨਾਲ ਸੀ। ਇਸ ਦੌਰਾਨ, ਪੁਲਿਸ ਲੋਕਾਂ ਨੂੰ ਕੇਸ ਨਾਲ ਸਬੰਧਤ ਕੁਝ ਵੀ ਪਤਾ ਹੋਣ 'ਤੇ ਅੱਗੇ ਆਉਣ ਲਈ ਕਹਿ ਰਹੀ ਹੈ। ਪੁਲਿਸ ਵਲੋਂ ਜਾਰੀ ਇੱਕ ਅਧਿਕਾਰਤ ਰੀਲੀਜ਼ ਮੁਤਾਬਕ "ਅਸੀਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਗੱਲ ਕਰਨ ਲਈ ਕਹਿ ਰਹੇ ਹਾਂ, ਜੇਕਰ ਉਹ 7 ਜੁਲਾਈ ਨੂੰ ਇਸ ਸਥਾਨ 'ਤੇ ਹਾਜ਼ਰ ਹੋਏ ਸਨ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਲੋਕ ਇਹ ਜਾਣ ਲੈਣ ਕਿ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਜੇਕਰ ਤੁਸੀਂ ਜਿਨਸੀ ਦੁਰਵਿਹਾਰ ਦਾ ਸ਼ਿਕਾਰ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਤੁਹਾਡੀ ਗੱਲ ਸੁਣੀ ਜਾਵੇਗੀ, ਅਤੇ ਤੁਹਾਡੇ 'ਤੇ ਵਿਸ਼ਵਾਸ ਕੀਤਾ ਜਾਵੇਗਾ।

# ਪਾਕਿਸਤਾਨ ਜਾਣ ਦੇ ਇਛੁੱਕ ਬਜ਼ੁਰਗ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਸ਼ਰਤਾਂ 'ਚ ਢਿੱਲ

ਨਵੀਂ ਦਿੱਲੀ, (ਪੰਜਾਬ ਮੇਲ)- ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਅਤੇ ਸ਼੍ਰੋਮਣੀ ਅਕਾਲੀ ਦਲ ਦੀ ਅਪੀਲ 'ਤੇ 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਸਿੱਖ ਤੀਰਥ ਯਾਤਰੀਆਂ ਲਈ ਵੀਜ਼ਾ ਜ਼ਰੂਰਤਾਂ 'ਚ ਢਿੱਲ ਦਿੱਤੀ ਗਈ ਹੈ। ਜਿਸ ਦਾ ਐਲਾਨ ਦਿੱਲੀ ਅਕਾਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ ਹੈ। ਇਹ ਐਲਾਨ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਸੀਨੀਅਰ ਡਿਪਲੋਮੈਟਾਂ ਨਾਲ ਉਨ੍ਹਾਂ ਦੀ ਬੈਠਕ ਤੋਂ ਬਾਅਦ ਕੀਤਾ ਗਿਆ। ਸਰਨਾ ਨੇ ਭਾਰਤ ਤੋਂ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕਰਨ ਵਾਲੇ ਸਿੱਖ ਸ਼ਰਧਾਲੂਆਂ ਲਈ ਆਗਮਨ 'ਤੇ ਵੀਜ਼ਾ (ਵੀਜ਼ਾ-ਆਨ-ਅਰਾਈਵਲ) ਸਹੂਲਤ



'ਤੇ ਵੀ ਚਰਚਾ ਕੀਤੀ। ਸਰਨਾ ਨੇ ਕਿਹਾ, "ਆਗਮਨ 'ਤੇ ਵੀਜ਼ੇ (ਵੀਜ਼ਾ-ਆਨ-ਅਰਾਈਵਲ) ਦੀ ਸਾਡੀ ਅਪੀਲ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਸੀਨੀਅਰ ਨਾਗਰਿਕਾਂ ਦੀ ਅਗਵਾਈ ਵਾਲੇ ਤੀਰਥ ਯਾਤਰੀ ਪਰਿਵਾਰਾਂ ਲਈ ਵੀਜ਼ਾ ਪਾਬੰਦੀਆਂ 'ਚ ਢਿੱਲ ਦਿੱਤੀ ਹੈ।" ਸਰਨਾ ਨੇ ਕਿਹਾ, "ਇਹ ਸਾਡੇ ਭਾਈਚਾਰੇ ਲਈ ਖੁਸ਼ੀ ਦੀ ਖ਼ਬਰ ਹੈ। 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਵਿਅਕਤੀ ਹੁਣ ਕਿਸੇ ਵੀ ਸਮੇਂ ਪਾਕਿਸਤਾਨ ਹਾਈ ਕਮਿਸ਼ਨ 'ਚ ਆਪਣੇ ਦਸਤਾਵੇਜ਼ ਜਮ੍ਹਾ ਕਰ ਸਕਦੇ ਹਨ ਅਤੇ ਆਪਣੇ ਪਰਿਵਾਰਾਂ ਨਾਲ ਸਿੱਖ ਪਵਿੱਤਰ ਸਥਾਨਾਂ ਦੀ ਯਾਤਰਾ ਕਰ ਸਕਦੇ ਹਨ। ਪਹਿਲੇ ਇਸ ਤਰ੍ਹਾਂ ਦੀਆਂ ਯਾਤਰਾਵਾਂ ਸੰਗਠਿਤ ਸਮੂਹਾਂ ਨਾਲ ਸਾਲ 'ਚ ਚਾਰ ਵਾਰ ਤੱਕ ਸੀਮਿਤ ਸਨ। ਇਸ ਤਬਦੀਲੀ ਨਾਲ ਸਾਡੇ ਬਜ਼ੁਰਗ ਸਿੱਖਾਂ ਨੂੰ ਬਹੁਤ ਲਾਭ ਹੋਵੇਗਾ।" ਉਨ੍ਹਾਂ ਨੇ ਯੋਗ ਲੋਕਾਂ ਨੂੰ ਆਪਣੇ ਪਾਸਪੋਰਟ ਗੁਰਦੁਆਰਾ ਰਕਾਬ ਗੰਜ ਸਾਹਿਬ 'ਚ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਦਫ਼ਤਰ 'ਚ ਜਮ੍ਹਾਂ ਕਰਨ ਲਈ ਉਤਸ਼ਾਹਤ ਕੀਤਾ, ਤਾਂ ਕਿ ਉਨ੍ਹਾਂ ਦੀਆਂ ਯਾਤਰਾ ਯੋਜਨਾਵਾਂ 'ਚ ਪੂਰੀ ਮਦਦ ਮਿਲ ਸਕੇ। ਐੱਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਦਾ ਦਿੱਲੀ ਦਫ਼ਤਰ ਪਾਕਿਸਤਾਨ ਹਾਈ ਕਮਿਸ਼ਨ ਤੋਂ ਪਰਿਵਾਰਕ ਵੀਜ਼ਾ ਸਹੂਲਤ ਪ੍ਰਾਪਤ ਕਰਨ ਲਈ ਮੰਚ ਵਜੋਂ ਕੰਮ ਕਰੇਗਾ। ਸਰਨਾ ਨੇ ਕਿਹਾ, "ਸਾਡੀਆਂ ਜੜ੍ਹਾਂ ਪੱਛਮੀ ਪੰਜਾਬ ਨਾਲ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ ਅਤੇ ਇਹ ਪਹਿਲ ਸਾਨੂੰ ਉਨ੍ਹਾਂ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਸਾਡੀ ਖ਼ੁਸ਼ਹਾਲ ਵਿਰਾਸਤ ਦੀ ਸ਼ਲਾਘਾ ਕਰਨ ਦਾ ਮੌਕਾ ਦਿੰਦੀ ਹੈ। ਅਸੀਂ ਇਸ ਪ੍ਰਗਤੀਸ਼ੀਲ ਕਦਮ ਲਈ ਪਾਕਿਸਤਾਨੀ ਸਰਕਾਰ ਦੇ ਪ੍ਰਤੀ ਧੰਨਵਾਦ ਜ਼ਾਹਰ ਕਰਦੇ ਹਾਂ।" ਉਨ੍ਹਾਂ ਕਹਾ ਕਿ ਇਹ ਕਦਮ ਧਾਰਮਿਕ ਤੀਰਥ ਯਾਤਰਾਵਾਂ ਨੂੰ ਸੁਵਿਧਾਜਨਕ ਬਣਾਉਣ ਅਤੇ ਸਰਹੱਦ ਪਾਰ ਸੰਬੰਧਾਂ ਨੂੰ ਵਧਾਉਣ 'ਚ ਇਕ ਮਹੱਤਵਪੂਰਨ ਕਦਮ ਹੈ।

# ਵਿਦੇਸ਼ ਜਾ ਕੇ ਭੀਖ ਮੰਗ ਰਹੇ ਪਾਕਿਸਤਾਨੀ; 2000 ਪਾਸਪੋਰਟ ਰੱਦ



ਲਾਹੌਰ/ਗੁਰਦਾਸਪੁਰ, (ਪੰਜਾਬ ਮੇਲ)- ਪਾਕਿਸਤਾਨ 'ਚ ਗੰਭੀਰ ਆਰਥਿਕ ਸੰਕਟ ਚੱਲ ਰਿਹਾ ਹੈ। ਇਸ ਕਾਰਨ ਕਈ ਲੋਕ ਵਿਦੇਸ਼ ਜਾ ਕੇ ਭੀਖ ਮੰਗ ਰਹੇ ਹਨ।

ਸਰਹੱਦ ਪਾਰਲੇ ਸੂਤਰਾਂ ਅਨੁਸਾਰ ਬਦਨਾਮੀ ਤੋਂ ਬਚਣ ਲਈ ਪਾਕਿਸਤਾਨ ਸਰਕਾਰ ਨੇ ਹੁਣ ਭਿਖਾਰੀਆਂ 'ਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਸਰਕਾਰ ਵਿਦੇਸ਼ਾਂ 'ਚ ਭੀਖ ਮੰਗਣ ਵਾਲਿਆਂ ਦੇ ਪਾਸਪੋਰਟ ਰੱਦ ਕਰ ਰਹੀ ਹੈ।

ਸੂਤਰਾਂ ਮੁਤਾਬਕ ਪਾਕਿਸਤਾਨ ਸਰਕਾਰ ਨੇ 2,000 ਤੋਂ ਵੱਧ ਪੇਸ਼ੇਵਰ ਭਿਖਾਰੀਆਂ ਦੇ ਪਾਸਪੋਰਟ 7 ਸਾਲਾਂ ਲਈ ਮੁਅੱਤਲ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਸਾਰੇ ਦਾਨ ਮੰਗਣ ਲਈ ਵਿਦੇਸ਼ ਜਾ ਕੇ ਪਾਕਿਸਤਾਨ ਦੇ ਅਕਸ ਨੂੰ ਨੁਕਸਾਨ ਪਹੁੰਚਾ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਵਿਅਕਤੀਆਂ ਦੀ ਸੂਚੀ ਵਿਸ਼ਵ ਪੱਧਰ 'ਤੇ ਪਾਕਿਸਤਾਨੀ ਦੂਤਘਰਾਂ ਤੋਂ ਇਕੱਠੀ ਕੀਤੀ ਗਈ ਹੈ। ਇਸ ਤੋਂ ਇਲਾਵਾ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਤੋਂ ਵੀ ਵੇਰਵੇ ਮੰਗੇ ਗਏ ਹਨ। ਪਾਕਿਸਤਾਨ ਸਰਕਾਰ ਵਿਦੇਸ਼ਾਂ 'ਚ ਭੀਖ ਮੰਗਣ ਵਾਲੇ ਲੋਕਾਂ ਦੀ ਮਦਦ ਕਰਨ ਵਾਲੇ ਏਜੰਟਾਂ ਦੇ ਪਾਸਪੋਰਟ ਵੀ ਰੱਦ ਕਰਨ ਦਾ ਇਰਾਦਾ ਰੱਖਦੀ ਹੈ।

## ਬਾਇਡਨ ਦਾ ਸਮਰਥਨ ਕਰਨ ਵਾਲੇ ਭਾਰਤੀ-ਅਮਰੀਕੀਆਂ ਦੀ ਗਿਣਤੀ 19 ਫੀਸਦੀ ਘਟੀ

**ਵਾਸ਼ਿੰਗਟਨ**, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ ਦਰਮਿਆਨ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦਾ ਸਮਰਥਨ ਕਰਨ ਵਾਲੇ ਭਾਰਤੀ-ਅਮਰੀਕੀਆਂ ਦੀ ਗਿਣਤੀ 'ਚ 19 ਫੀਸਦੀ ਦੀ ਗਿਰਾਵਟ ਆਈ ਹੈ। ਇਹ ਜਾਣਕਾਰੀ ਏਸ਼ੀਅਨ ਅਮਰੀਕਨ ਵੋਟਰ ਸਰਵੇ ਰਾਹੀਂ ਸਾਹਮਣੇ ਆਈ ਹੈ। ਏਸ਼ੀਅਨ ਅਮਰੀਕਨ ਵੋਟਰ ਸਰਵੇਖਣ ਹਰ ਦੋ ਸਾਲਾਂ ਵਿਚ ਇਕ ਵਾਰ ਕਰਵਾਇਆ ਜਾਂਦਾ ਹੈ ਅਤੇ ਇਹ ਏਸ਼ੀਅਨ-ਅਮਰੀਕਨ ਭਾਈਚਾਰੇ ਦਾ ਸਭ ਤੋਂ ਪੁਰਾਣੇ ਸਮੇਂ ਤੋਂ ਚੱਲ ਰਿਹਾ ਸਰਵੇਖਣ ਹੈ। ਇਹ ਸਰਵੇਖਣ ਏਸ਼ੀਅਨ ਐਂਡ ਪੈਸੇਫਿਕ ਆਈਲੈਂਡਰ ਅਮਰੀਕਨ ਵੋਟ (ਏ.ਪੀ.ਆਈ.ਏ.ਵੀ.), ਏ.ਏ.ਪੀ.ਆਈ. ਡਾਟਾ, ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ (ਏ.ਏ.ਜੇ.ਸੀ.) ਅਤੇ ਏ.ਏ.ਆਰ.ਪੀ. ਵੱਲੋਂ ਕਰਵਾਇਆ ਗਿਆ ਹੈ।

# ਅਮਰੀਕਾ ਦੇ ਗਲੇਸ਼ੀਅਰ ਨੈਸ਼ਨਲ ਪਾਰਕ 'ਚ ਡੁੱਬਣ ਕਾਰਨ ਭਾਰਤੀ ਨਾਗਰਿਕ ਦੀ ਮੌਤ



**ਵਾਸ਼ਿੰਗਟਨ**, (ਪੰਜਾਬ ਮੇਲ)- ਕੈਲੀਫੋਰਨੀਆ 'ਚ ਕੰਮ ਕਰਨ ਵਾਲੇ 26 ਸਾਲਾ ਭਾਰਤੀ ਨਾਗਰਿਕ ਦੋਸਤਾਂ ਨਾਲ ਛੁੱਟੀਆਂ ਮਨਾਉਣ ਦੌਰਾਨ ਅਮਰੀਕਾ ਦੇ ਮੋਂਟਾਨਾ ਸੂਬੇ ਦੇ ਮਸ਼ਹੂਰ ਗਲੇਸ਼ੀਅਰ ਨੈਸ਼ਨਲ ਪਾਰਕ 'ਚ ਡੁੱਬਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਪਾਰਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਨੈਸ਼ਨਲ ਪਾਰਕ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਕਿ ਭਾਰਤੀ ਦੀ ਪਛਾਣ ਸਿਧਾਂਤ ਵਿੱਠਲ ਪਾਟਿਲ ਵਜੋਂ ਹੋਈ ਹੈ। ਪਾਟਿਲ 6 ਜੂਨ ਨੂੰ ਐਵਲੈਂਚ ਲੇਕ ਟ੍ਰੇਲ 'ਤੇ ਖੱਡ ਦੇ ਉੱਪਰ ਹਾਈਕਿੰਗ ਕਰ ਰਿਹਾ ਸੀ, ਜਿੱਥੇ ਉਹ ਇੱਕ ਵੱਡੀ ਚੱਟਾਨ ਤੋਂ ਹਿਫਲੀ ਕ੍ਰੀਕ ਵਿਚ ਡਿੱਗ ਗਿਆ। ਇਹ ਸਪੱਸ਼ਟ ਨਹੀਂ ਹੈ ਕਿ ਕੀ ਉਹ ਚੱਟਾਨ ਦੇ ਗਿੱਲੇ ਹਿੱਸੇ 'ਤੇ ਫਿਸਲ ਗਿਆ ਜਾਂ ਆਪਣਾ ਸੰਤੁਲਨ ਗੁਆ ਬੈਠਾ। ਉਸ ਦੇ ਨਾਲ ਮੌਜੂਦ ਦੋਸਤਾਂ ਨੇ ਪਾਟਿਲ ਨੂੰ ਪਾਣੀ ਦੇ ਅੰਦਰ ਜਾਂਦੇ ਹੋਏ ਦੇਖਿਆ ਅਤੇ ਪਾਣੀ ਵਿਚ ਰੁੜ੍ਹਨ ਤੋਂ ਪਹਿਲਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਲਾਸ਼ ਨਹੀਂ ਮਿਲੀ ਹੈ। ਹੈਲੀਕਾਪਟਰਾਂ ਨੇ ਹਵਾਈ ਖੋਜ ਕੀਤੀ, ਪਰ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਲਾਸ਼ ਹੇਠਾਂ ਦੱਬੀ ਗਈ ਹੈ। ਪਾਟਿਲ ਕੈਲੀਫੋਰਨੀਆ ਵਿਚ ਰਹਿ ਰਿਹਾ ਸੀ ਅਤੇ ਕੰਮ ਕਰ ਰਿਹਾ ਸੀ ਅਤੇ ਦੋਸਤਾਂ ਨਾਲ ਛੁੱਟੀਆਂ 'ਤੇ ਸੀ।

# ਕੈਨੇਡਾ ਦੇ ਸਟੱਡੀ ਪਰਮਿਟ ਨੂੰ ਵਰਕ ਪਰਮਿਟ ਵਜੋਂ ਵਰਤੇ ਜਾਣ ਬਾਰੇ ਸਰਕਾਰ ਹੋਈ ਸਖ਼ਤ

ਟੋਰਾਂਟੋ, (ਪੰਜਾਬ ਮੇਲ)-ਕੈਨੇਡਾ ਸਰਕਾਰ ਨੇ ਹੁਣ ਸਟੱਡੀ ਪਰਮਿਟ ਨੂੰ ਵਿਦਿਆ ਹਾਸਲ ਕਰਨ ਲਈ ਵਰਤੇ ਜਾਣਾ ਯਕੀਨੀ ਬਣਾਉਣ ਵਾਸਤੇ ਕੁਝ ਹੋਰ ਸਖ਼ਤ ਨਿਯਮ ਤਿਆਰ ਕੀਤੇ ਹਨ, ਜਿਨ੍ਹਾਂ ਤਹਿਤ ਵਿਦਿਅਕ ਅਦਾਰਿਆਂ ਅਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਬਣਾਇਆ ਗਿਆ ਹੈ। ਨਵੇਂ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਵਿਦਿਆਰਥੀਆਂ ਦਾ ਸਟੱਡੀ ਪਰਮਿਟ ਕੈਂਸਲ ਹੋ ਜਾਵੇਗਾ ਅਤੇ ਦੋਸ਼ੀ ਵਿਦਿਅਕ ਅਦਾਰੇ 'ਚ ਦਾਖਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਨਵੇਂ ਸਟੱਡੀ ਪਰਮਿਟ ਨਹੀਂ ਮਿਲਿਆ ਕਰਨਗੇ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਸਟੱਡੀ ਪਰਮਿਟ ਦੀ ਭਰੋਸੇਯੋਗਤਾ ਬਰਕਰਾਰ ਰੱਖਣਾ ਸਮੇਂ ਦੀ ਲੋੜ ਹੈ। ਨਵੇਂ ਨਿਯਮਾਂ ਤਹਿਤ ਵਿਦੇਸ਼ੀ ਵਿਦਿਆਰਥੀ ਵਲੋਂ ਜਿਸ ਵਿਦਿਅਕ ਅਦਾਰੇ ਵਿਚ ਦਾਖਲਾ ਹਾਸਲ ਕੀਤਾ ਜਾਵੇਗਾ, ਉਸ ਵਿਚ ਜਾ ਕੇ ਪੜ੍ਹਨਾ ਜ਼ਰੂਰੀ ਹੋਵੇਗਾ। ਵਿਦਿਅਕ ਅਦਾਰਾ ਬਦਲਣਾ ਹੋਵੇ ਤਾਂ ਹੋਰ ਕਿਸੇ ਕਾਲਜ ਵਿਚ ਪੜ੍ਹਨਾ ਸ਼ੁਰੂ ਕਰਨ ਤੋਂ ਪਹਿਲਾਂ ਨਵੇਂ ਸਿਰੇ ਤੋਂ ਸਟੱਡੀ ਪਰਮਿਟ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਜੇਕਰ ਕਿਸੇ ਵਿਦੇਸ਼ੀ ਵਿਦਿਆਰਥੀ ਵੱਲੋਂ ਕੈਨੇਡਾ 'ਚ ਜਾ ਕੇ ਵਿਦਿਅਕ ਅਦਾਰੇ 'ਚ ਪੜ੍ਹਨਾ ਛੱਡ ਦਿੱਤਾ ਜਾਂਦਾ ਹੈ ਜਾਂ ਸਟੱਡੀ ਪਰਮਿਟ ਦੀਆਂ ਸ਼ਰਤਾਂ ਦੀ ਉਲੰਘਣਾ (ਪੜ੍ਹਨ ਦੀ ਬਜਾਏ ਨਿਰਾ ਕੰਮ) ਕੀਤੀ ਜਾਂਦੀ ਹੈ ਤਾਂ ਉਸ ਵਿਦਿਅਕ ਅਦਾਰੇ ਨੂੰ 60 ਦਿਨਾਂ ਵਿਚ ਕੈਨੇਡਾ ਦੇ ਇਮੀਗ੍ਰੇਸ਼ਨ ਅਦਾਰੇ ਨੂੰ ਸੂਚਿਤ ਕਰਨਾ ਹੋਵੇਗਾ ਤਾਂ ਕਿ ਅਧਿਕਾਰੀਆਂ ਵੱਲੋਂ ਉਸ ਦੇ ਸਟੱਡੀ ਪਰਮਿਟ ਦੀ ਸਮੀਖਿਆ ਕੀਤੀ ਜਾ ਸਕੇ।

ਇਹ ਵੀ ਕਿ ਸਟੱਡੀ ਪਰਮਿਟ ਜਾਰੀ ਕਰਨ ਤੋਂ ਪਹਿਲਾਂ ਵੀਜ਼ਾ ਅਧਿਕਾਰੀ ਵਿਦਿਅਕ ਅਦਾਰਿਆਂ ਦੇ ਦਾਖਲਾ ਪੱਤਰਾਂ ਦੀ ਅਸਲੀਅਤ ਵੀ ਯਕੀਨੀ ਬਣਾਉਣਗੇ। ਕੈਨੇਡਾ ਸਰਕਾਰ ਬੀਤੇ ਸਾਲ ਦੇ ਅਖੀਰ ਤੋਂ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਦੇ ਨਿਯਮਾਂ 'ਚ ਸੋਧਾਂ ਕਰਕੇ ਵੀਜ਼ਾ ਧੋਖਾਧੜੀਆਂ ਅਤੇ ਆਪੋਧਾਪੀ ਨਾਲ ਕੈਨੇਡਾ ਦੇ ਖਰਾਬ ਹੋ ਰਹੇ ਅਕਸ ਨੂੰ ਰੋਕਣ ਲਈ ਯਤਨਸ਼ੀਲ ਹੈ। ਇਸ ਤੋਂ ਪਹਿਲਾਂ ਢਿੱਲੇ ਵੀਜ਼ਾ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਰਹੀਆਂ ਹਨ ਅਤੇ ਦੇਸ਼ ਭਰ ਵਿਚ ਕੈਨੇਡਾ ਸਰਕਾਰ ਦੀ ਆਲੋਚਨਾ ਵਧੀ ਸੀ। ਸਖ਼ਤ ਤੇ ਸਪੱਸ਼ਟ ਨਿਯਮਾਂ ਲਾਗੂ ਹੋਣ ਤੋਂ ਬਾਅਦ ਪੜ੍ਹਨ ਦੇ ਬਹਾਨੇ ਕੈਨੇਡਾ 'ਚ ਕੰਮ ਕਰਨ ਅਤੇ ਪੱਕੇ ਹੋਣ ਦੀ ਧਾਰਨਾ ਨਾਲ ਵਿਦੇਸ਼ਾਂ ਤੋਂ ਨੌਜਵਾਨਾਂ ਦੀ ਹੋੜ ਬੀਤੇ ਦੋ ਕੁ ਸਮੈਸਟਰਾਂ ਤੋਂ ਠੱਲ੍ਹਣਾ ਜਾਰੀ ਹੈ, ਜਿਸ ਦਾ ਸਿੱਧਾ ਅਸਰ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਤੋਂ ਕੈਨੇਡਾ 'ਚ ਜਾਣ ਦੇ ਰੁਝਾਨ ਉਪਰ ਪਿਆ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਡੈਟਰਾਇਟ ਖੇਤਰ ਦੇ ਕਾਂਗਰਸ ਮੈਂਬਰ ਭਾਰਤੀ-ਅਮਰੀਕੀ ਸ਼੍ਰੀ ਥਾਨੇਦਾਰ ਵੱਲੋਂ ਜੋਅ ਬਾਇਡਨ ਦਾ ਜ਼ੋਰਦਾਰ ਸਮਰਥਨ

**■ ਕਿਹਾ ਰਾਸ਼ਟਰਪਤੀ ਸਾਡੀਆਂ ਸਮੱਸਿਆਵਾਂ ਨੂੰ ਭਲੀਭਾਂਤ ਜਾਣਦੇ ਹਨ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਬਹਿਸ ਤੋਂ ਬਆਦ ਕੁਝ ਡੈਮੋਕਰੈਟਸ ਵੱਲੋਂ ਜੋਅ ਬਾਇਡਨ ਨੂੰ ਮੁਕਾਬਲੇ ਵਿਚੋਂ ਹਟ ਜਾਣ ਦੀ ਦਿੱਤੀ ਜਾ ਰਹੀ ਸਲਾਹ ਦੇ ਦਰਮਿਆਨ ਭਾਰਤੀ ਮੂਲ ਦੇ ਮਿਸ਼ੀਗਨ ਰਾਜ ਦੇ ਡੈਟਰਾਇਟ ਖੇਤਰ ਦੇ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਦੁਬਾਰਾ ਚੋਣ ਲੜਨ ਦਾ ਜ਼ੋਰਦਾਰ ਸਮਰਥਨ ਕੀਤਾ ਹੈ ਤੇ ਕਿਹਾ ਹੈ ਕਿ ਉਹ ਸਾਡੀਆਂ ਸਮੱਸਿਆਵਾਂ ਨੂੰ ਭਲੀਭਾਂਤ ਜਾਣਦੇ ਹਨ। ਅਹਿਮ ਰਾਜ ਮਿਸ਼ੀਗਨ ਦੇ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਦੇ ਸਮਰਥਨ ਦੀ ਵੱਡੀ ਅਹਿਮੀਅਤ ਹੈ। ਉਨ੍ਹਾਂ ਜਾਰੀ ਇਕ



ਸ਼੍ਰੀ ਥਾਨੇਦਾਰ ਰਾਸ਼ਟਰਪਤੀ ਬਾਇਡਨ ਨਾਲ।

ਬਿਆਨ ਵਿਚ ਕਿਹਾ ਹੈ ਕਿ "ਕੁਝ ਮਹੀਨੇ ਪਹਿਲਾਂ ਮੈਂ ਰਾਸ਼ਟਰਪਤੀ ਬਾਇਡਨ ਤੋਂ ਕੋਈ 20 ਫੁੱਟ ਦੂਰ ਬੈਠਾ ਸੀ ਤੇ ਕੋਈ ਇਕ ਘੰਟਾ ਸਾਡੇ ਦੇਸ਼ ਦੇ ਭਵਿੱਖ ਪ੍ਰਤੀ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆ। ਇਸ ਤੋਂ ਇਲਾਵਾ ਉਨ੍ਹਾਂ ਨਾਲ ਕਈ ਵਾਰ ਆਹਮੋ-ਸਾਹਮਣੇ ਗੱਲਬਾਤ ਹੋਈ ਹੈ। ਉਹ ਸਾਨੂੰ ਦਰਪੇਸ਼ ਸਮਸਿਆਵਾਂ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹਨ। ਇਹ ਉਹ ਹੀ ਵਿਅਕਤੀ ਹਨ, ਜਿਸ ਨੂੰ ਅਸੀਂ 2020 ਵਿਚ ਚੁਣਿਆ ਸੀ। ਉਹ ਆਧੁਨਿਕ ਸਮੇਂ ਵਿਚ ਬਹੁਤ ਹੀ ਪ੍ਰਭਾਵੀ ਆਗੂ ਹਨ।" ਸ਼੍ਰੀ ਥਾਨੇਦਾਰ ਨੇ ਬਾਇਡਨ ਵੱਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਕੀਤੀਆਂ ਪ੍ਰਾਪਤੀਆਂ ਵੀ ਗਿਣਾਈਆਂ। ਉਨ੍ਹਾਂ ਕਿਹਾ ਕਿ ਹੋਰ ਪ੍ਰਾਪਤੀਆਂ ਤੋਂ ਇਲਾਵਾ ਬੁਨਿਆਦੀ ਸਹੂਲਤਾਂ ਦੇ ਖੇਤਰ ਵਿਚ ਰਿਕਾਰਡ ਖਰਚ ਹੋਇਆ ਹੈ। ਥਾਨੇਦਾਰ ਨੇ ਕਿਹਾ ਕਿ ਅਜੇ ਬਹੁਤ ਕੁਝ ਕਰਨ ਵਾਲਾ ਬਾਕੀ ਹੈ ਤੇ ਸਾਨੂੰ ਵਿਸ਼ੇਸ਼ ਤੌਰ 'ਤੇ ਹਾਊਸਿੰਗ ਵਰਗੇ ਖੇਤਰਾਂ ਵਿਚ ਹੋਰ ਸੰਘੀ ਨਿਵੇਸ਼ ਦੀ ਲੋੜ ਹੈ। ਮੈ ਇਸ ਬਾਰੇ ਸਪੱਸ਼ਟ ਹਾਂ ਕਿ ਰਾਸ਼ਟਰਪਤੀ ਬਾਇਡਨ ਸਾਡੇ ਜ਼ਿਲ੍ਹੇ 'ਤੇ ਹੋਰ ਸੰਘੀ ਡਾਲਰਾਂ ਦੀ ਬਾਰਿਸ਼ ਕਰਨਗੇ, ਜਦਕਿ ਟਰੰਪ ਕੇਵਲ ਅਮੀਰਾਂ ਨੂੰ ਟੈਕਸ ਰਾਹਤ ਦੇਣ ਤੱਕ ਹੀ ਸੀਮਿਤ ਹਨ।

# ਆਲਮੀ ਪੰਜਾਬੀ ਸਭਾ, ਅਮਰੀਕਾ ਦਵੇਗੀ 'ਪੰਜਾਬੀ ਸਕਾਲਰ ਅਵਾਰਡ'

**■ ਧਨ ਰਾਸ਼ੀ ਪੱਖੋਂ ਇਹ ਦੁਨੀਆਂ ਦਾ ਸਭ ਤੋਂ ਵੱਡਾ ਅਵਾਰਡ ਹੋਏਗਾ**

ਕੈਨੇਡਾ, (ਹਰਦੇਵ ਚੌਹਾਨ/ਪੰਜਾਬ ਮੇਲ)-ਆਲਮੀ ਪੰਜਾਬੀ ਸਭਾ, ਅਮਰੀਕਾ ਨੇ 'ਪੰਜਾਬੀ ਸਕਾਲਰ ਅਵਾਰਡ' ਦੇਣ ਦਾ ਐਲਾਨ ਕੀਤਾ ਹੈ। ਇਸ ਮਾਣਮੱਤੇ ਅਵਾਰਡ ਦੀ ਰਾਸ਼ੀ ਵਿਚ ਦੋ ਲੱਖ, ਇਕ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਸਨਮਾਨ ਚਿੰਨ੍ਹ ਦਿੱਤਾ ਜਾਏਗਾ।

ਆਲਮੀ ਪੰਜਾਬੀ ਸਭਾ, ਅਮਰੀਕਾ ਦੇ ਪ੍ਰਧਾਨ ਸਰਦਾਰ ਬਲਵਿੰਦਰ ਸਿੰਘ ਬਿਲਾ ਅਤੇ ਜਨਰਲ ਸਕੱਤਰ ਅਫ਼ਜ਼ਲ ਰਾਜ ਨੇ ਖੁਲਾਸਾ ਕੀਤਾ ਕਿ ਇਸ ਵੱਡੇ ਇਨਾਮ ਲਈ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪ੍ਰਸਾਰ-







ਪ੍ਰਚਾਰ ਹਿਤ ਅਹਿਮ ਹਿੱਸਾ ਤੇ ਯੋਗਦਾਨ ਪਾਉਣ ਵਾਲੀਆਂ ਅਦਬੀ ਹਸਤੀਆਂ ਕੋਲੋਂ ਉਨ੍ਹਾਂ ਦੀ ਕਾਰਜ ਸੂਚੀ ਅਤੇ ਸਵੈ ਵੇਰਵੇ ਮੰਗੇ ਗਏ ਹਨ।

ਇਸ ਅਵਾਰਡ ਲਈ 28 ਨਵੰਬਰ 2024 ਤੱਕ ਆਪਣਾ ਜਾਂ ਕਿਸੇ ਹੋਰ ਯੋਗ ਸਕਾਲਰ ਦਾ ਨਾਂ ਸਭਾ ਦੀ ਈਮੇਲ apsa722@gmail.com ਰਾਹੀਂ ਭੇਜਿਆ ਜਾ ਸਕਦਾ ਹੈ।

ਇਸ ਅਵਾਰਡ ਲਈ ਯੋਗ ਵਿਅਕਤੀ ਦਾ ਫੈਸਲਾ ਆਲਮੀ ਪੰਜਾਬੀ ਸਭਾ, ਅਮਰੀਕਾ ਦੀ 'ਐਵਾਰਡ ਕਮੇਟੀ' ਕਰੇਗੀ ਤੇ ਇਸ ਫੈਸਲੇ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕੇਗੀ। ਹੋਰ ਜਾਣਕਾਰੀ ਲਈ ਮੋਬਾਈਲ ਨੰਬਰ 437-833-5382 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਹੁਣ ਫਿਲਮਾਂ ਤੇ ਸੀਰੀਅਲਾਂ 'ਚ ਨਹੀਂ ਦਿਖਣਗੇ ਸਿੱਖ ਵਿਆਹ ਦੇ ਦ੍ਰਿਸ਼

**■ ਨਕਲੀ ਆਨੰਦ ਕਾਰਜ ਦਿਖਾਉਣਾ ਗਲਤ : ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ**

ਅੰਮ੍ਰਿਤਸਰ, (ਪੰਜਾਬ ਮੇਲ)- ਆਉਣ ਵਾਲੇ ਸਮੇਂ ਵਿਚ ਦੇਸ਼ ਵਾਸੀ ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿਚ ਆਨੰਦ ਕਾਰਜ ਦੇ ਦ੍ਰਿਸ਼ ਨਹੀਂ ਦੇਖ ਸਕਣਗੇ ਅਤੇ ਨਾ ਹੀ ਗੁਰਦੁਆਰਾ ਸਾਹਿਬਾਨ ਦੇ ਸੈੱਟਾਂ ਦੀ ਵਰਤੋਂ ਕਰਕੇ ਅਜਿਹੇ ਦ੍ਰਿਸ਼ ਫਿਲਮਾਏ ਜਾਣਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਫਿਲਮਾਂ ਅਤੇ ਟੀ.ਵੀ. ਸੀਰੀਅਲਾਂ 'ਚ ਨਕਲੀ ਆਨੰਦ ਕਾਰਜ ਦਿਖਾਉਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਵਿਚ ਅਜਿਹੇ ਦ੍ਰਿਸ਼ ਫਿਲਮਾਉਣਾ ਗਲਤ ਹੈ। ਹੁਣ ਐੱਸ.ਜੀ.ਪੀ.ਸੀ. ਇਸ ਬਾਰੇ ਵੱਡਾ ਫੈਸਲਾ ਲੈ ਸਕਦੀ ਹੈ। ਸਿੱਖ ਭਾਈਚਾਰੇ ਦੇ ਲੋਕ ਵੀ ਫਿਲਮਾਂ 'ਚ



ਫਰਜ਼ੀ ਸਿੱਖ ਵਿਆਹ ਦਿਖਾਉਣ ਤੋਂ ਨਾਰਾਜ਼ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਗਲਤ ਸੰਦੇਸ਼ ਜਾਂਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਨੇ ਫਿਲਮ ਬਣਾਉਣ 'ਤੇ ਪਾਬੰਦੀ ਲਾਉਣ ਦੀ ਤਿਆਰੀ ਕਰ ਲਈ ਹੈ। ਇਸ ਸਬੰਧੀ ਯੋਜਨਾ ਨੂੰ ਠੋਸ ਰੂਪ ਦੇਣ ਲਈ ਜਲਦ ਜਥੇਦਾਰ ਰਘਬੀਰ ਸਿੰਘ ਦੀ ਅਗਵਾਈ ਹੇਠ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਮੀਟਿੰਗ ਹੋ ਸਕਦੀ ਹੈ। ਇਸ ਮੀਟਿੰਗ ਵਿਚ ਸਿੰਘ ਸਾਹਿਬਾਨ ਵੱਲੋਂ ਪਾਬੰਦੀ ਸਬੰਧੀ ਸਿੱਖ ਪੰਥ ਨੂੰ ਫ਼ਰਮਾਨ ਜਾਰੀ ਕੀਤਾ ਜਾ ਸਕਦਾ ਹੈ।

ਮੋਹਾਲੀ ਵਿਖੇ ਪੰਜਾਬੀ ਟੀ.ਵੀ. ਸੀਰੀਅਲ 'ਉਡਾਰੀਆਂ' ਦੀ ਸ਼ੂਟਿੰਗ ਗੁਰਦੁਆਰਾ ਸਾਹਿਬਾਨ ਦਾ ਸੈੱਟ ਤਿਆਰ ਕਰਕੇ ਸ੍ਰੀ ਆਨੰਦ ਕਾਰਜ ਦੇ ਦ੍ਰਿਸ਼ ਨੂੰ ਫਿਲਮਾਏ ਜਾਣ ਤੋਂ ਨਾਰਾਜ਼ ਜਥੇਦਾਰ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਤੋਂ ਇਸ ਘਟਨਾ ਦੀ ਸਮੁੱਚੀ ਰਿਪੋਰਟ ਵੀ ਤਲਬ ਕੀਤੀ ਹੈ। ਜ਼ਿਕਰਯੋਗ ਹੈ ਕਿ ਜਿਵੇਂ ਹੀ ਨਿਹੰਗਾਂ ਨੂੰ 8 ਜੁਲਾਈ ਨੂੰ ਮੁਹਾਲੀ 'ਚ ਸ਼ੂਟਿੰਗ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਸ਼ੂਟਿੰਗ ਬੰਦ ਕਰਵਾ ਦਿੱਤੀ।

ਨਿਹੰਗਾਂ ਦੇ ਹੰਗਾਮੇ ਤੋਂ ਬਾਅਦ ਪੁਲਿਸ ਨੇ ਆ ਕੇ ਮਾਮਲਾ ਸ਼ਾਂਤ ਕਰਵਾਇਆ ਅਤੇ ਸ਼ੂਟਿੰਗ ਬੰਦ ਕਰਵਾਈ। ਜਥੇਦਾਰ ਨੇ ਕਿਹਾ ਕਿ ਸਿੱਖ ਸੰਪਰਦਾ ਨੇ ਪਹਿਲਾਂ ਹੀ ਅਜਿਹੇ ਫਰਜ਼ੀ ਵਿਆਹਾਂ 'ਤੇ ਪਾਬੰਦੀ ਲਗਾਈ ਹੋਈ ਹੈ ਪਰ ਹੁਣ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ। ਜਥੇਦਾਰ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਫਰਜ਼ੀ ਵਿਆਹ ਅਤੇ ਆਨੰਦ ਕਾਰਜ ਦੀ ਸ਼ੂਟਿੰਗ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਸ਼ੂਟਿੰਗ ਲਈ ਫਰਜ਼ੀ ਗੁਰਦੁਆਰਾ ਸਾਹਿਬ ਤਿਆਰ ਕਰਨਾ ਸਿੱਖ ਰਵਾਇਤਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਸ਼ੂਟਿੰਗ ਵਾਲੀ ਥਾਂ ਘੜੂੰਆਂ ਵਿਖੇ ਗੁਰਦੁਆਰਾ ਸਾਹਿਬ ਦਾ ਜਾਅਲੀ ਸੈੱਟ ਤਿਆਰ ਕਰਨ ਤੋਂ ਇਲਾਵਾ ਅਦਾਕਾਰਾਂ ਵੱਲੋਂ ਸਿਗਰਟਨੋਸ਼ੀ ਕਰਨ ਦੀਆਂ ਵੀ ਸ਼ਿਕਾਇਤਾਂ ਮਿਲੀਆਂ ਹਨ। ਇਹ ਅਸਹਿ ਹੈ।

# ਪ੍ਰਸਿੱਧ ਰਾਗੀ ਭਾਈ ਅਮਰਦੀਪ ਸਿੰਘ ਦਾ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ

ਹੁਸ਼ਿਆਰਪੁਰ, (ਪੰਜਾਬ ਮੇਲ)- ਦਸੂਹਾ ਦੇ ਪਿੰਡ ਬੋਦਲ ਦੇ 45 ਸਾਲਾ ਨੌਜਵਾਨ ਅਤੇ ਭਾਰਤੀ ਕਲਾਸਿਕਲ ਸੰਗੀਤ ਦੇ ਪ੍ਰਸਿੱਧ ਗਾਇਕ ਅਤੇ ਰਾਗੀ ਭਾਈ ਅਮਰਦੀਪ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ ਹੈ। ਇਸ ਦੁਖਦ ਖਬਰ ਨਾਲ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਹੈ।

ਦੱਸ ਦੇਈਏ ਕਿ ਭਾਈ ਅਮਰਦੀਪ ਸਿੰਘ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਪੰਜਾਬ ਅਤੇ ਦੇਸ਼ ਦਾ ਨਾਂ ਪੂਰੀ ਦੁਨੀਆ 'ਚ ਚਮਕਾਇਆ ਹੈ। ਅਮਰਦੀਪ ਦੇ ਵੱਡੇ ਭਰਾ ਅਕਾਸ਼ਦੀਪ ਸਿੰਘ ਨੇ ਦੱਸਿਆ ਕਿ ਮੇਰਾ ਭਰਾ ਅਮਰਦੀਪ ਸਿੰਘ 2018 'ਚ ਅਮਰੀਕਾ ਗਿਆ ਸੀ ਅਤੇ ਆਪਣੀ ਪਤਨੀ ਅਤੇ ਇਕ ਪੁੱਤਰ ਨਾਲ ਐਰੀਜ਼ੋਨਾ ਸ਼ਹਿਰ 'ਚ ਰਹਿ ਰਿਹਾ ਸੀ। ਅਮਰਦੀਪ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਐੱਮ.ਏ. ਕੀਤੀ ਸੀ ਅਤੇ ਭਾਰਤ ਦੇ ਨਾਲ-ਨਾਲ ਦੁਨੀਆਂ ਦੇ ਕਈ ਵੱਡੇ ਸ਼ਹਿਰਾਂ 'ਚ ਉਹ ਸੰਗੀਤ ਦੇ ਪ੍ਰੋਗਰਾਮ ਕਰ ਚੁੱਕ ਹੈ। ਦੇਸ਼ ਦੀਆਂ ਕਈ ਵੱਡੀਆਂ ਹਸਤੀਆਂ ਨੇ ਅਮਰਦੀਪ ਸਿੰਘ ਨੂੰ ਸਨਮਾਨਿਤ ਕੀਤਾ ਹੈ। ਸਾਡਾ ਪਰਿਵਾਰ ਬਾਰਾ ਮਰਦਾਨਾ ਜੀ ਦੀ ਗੋਤ ਨਾਲ ਸੰਬੰਧਿਤ ਹੈ ਅਤੇ ਗਾਇਕੀ 'ਚ ਸਾਡਾ ਬੋਦਲ ਘਰਾਣੇ



ਨਾਲ ਸੰਬੰਧ ਹੈ।

ਅਮਰਦੀਪ ਦੇ ਭਰਾ ਨੇ ਦੱਸਿਆ ਕਿ ਜਦੋਂ ਸਾਨੂੰ ਸਾਡੇ ਰਿਸ਼ਤੇਦਾਰ ਨੇ ਅਮਰੀਕਾ ਤੋਂ ਫੋਨ 'ਤੇ ਇਹ ਜਾਣਕਾਰੀ ਦਿੱਤੀ, ਤਾਂ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਕਿਉਂਕਿ ਭਾਈ ਅਮਰਦੀਪ ਸਿੰਘ ਨੂੰ ਲੋਕਾਂ ਦਾ ਖੂਬ ਪਿਆਰ ਮਿਲਦਾ ਸੀ।

ਇਸ ਸੰਬੰਧੀ ਭਾਈ ਅਮਰਦੀਪ ਸਿੰਘ ਦੀ ਮਾਤਾ ਰਜਿੰਦਰ ਕੌਰ ਦਾ ਕਹਿਣਾ ਹੈ ਕਿ ਅਮਰਦੀਪ ਆਪਣੇ ਸਾਰੇ ਭਰਾਵਾਂ ਨਾਲ ਫੋਨ 'ਤੇ ਲਗਾਤਾਰ ਗੱਲ ਕਰਦਾ ਰਹਿੰਦਾ ਸੀ ਪਰ ਮੇਰੇ ਨਾਲ ਕਈ ਮਹੀਨਿਆਂ ਤੋਂ ਗੱਲ ਨਹੀਂ ਹੋਈ। ਹੁਣ ਮੈਨੂੰ ਇਸ ਗੱਲ ਦਾ ਪਛਤਾਵਾ ਹੋ ਰਿਹਾ ਹੈ, ਕਾਸ਼ ਮੈਂ ਇਕ ਵਾਰ ਆਪਣੇ ਪੁੱਤਰ ਨਾਲ ਆਖਰੀ ਵਾਰ ਹੀ ਗੱਲ ਕਰ ਸਕਦੀ। ਉਨ੍ਹਾਂ ਦੱਸਿਆ ਕਿ ਅਮਰਦੀਪ ਸਿੰਘ ਦਾ ਅੰਤਿਮ ਸੰਸਕਾਰ ਅਮਰੀਕਾ 'ਚ ਹੀ ਕੀਤਾ ਜਾਵੇਗਾ।

# ਕੈਨੇਡਾ 'ਚ ਸਾਬਤ-ਸੂਰਤ ਸਿੱਖ ਬਣਿਆ ਪਾਇਲਟ

ਵੈਨਕੂਵਰ/ਕੋਟਕਪੂਰਾ (ਪੰਜਾਬ ਮੇਲ)- ਕੈਨੇਡਾ 'ਚ ਸਾਬਤ-ਸੂਰਤ ਸਿੱਖ ਨੌਜਵਾਨ ਅਸੀਸਪ੍ਰੀਤ ਸਿੰਘ ਨੇ ਪਾਇਲਟ ਬਣ ਕੇ ਆਪਣੇ ਪਿੰਡ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।

ਉਕਤ ਹੋਣਹਾਰ ਨੌਜਵਾਨ ਦੇ ਮਾਤਾ ਸੁਖਜੀਤ ਕੌਰ ਅਤੇ ਪਿਤਾ ਦਲਜੀਤ ਸਿੰਘ ਨੇ ਦੱਸਿਆ ਕਿ ਅਸੀਸਪ੍ਰੀਤ ਸਟੱਡੀ ਵੀਜ਼ੇ 'ਤੇ 2019 'ਚ ਵੈਨਕੂਵਰ (ਕੈਨੇਡਾ) ਗਿਆ ਸੀ, ਜਿੱਥੇ ਜਾ ਕੇ ਉਸਨੇ ਏਅਰ ਕਰਾਫਟ ਮੇਨਟੀਨੈਂਸ ਇੰਜਨੀਅਰਿੰਗ ਦੀ 2 ਸਾਲ ਦੀ ਪੜ੍ਹਾਈ ਕੀਤੀ ਅਤੇ ਨਾਲ-ਨਾਲ ਫਲਾਇੰਗ ਦਾ ਕੋਰਸ ਵੀ ਮੁਕੰਮਲ ਕੀਤਾ। ਇਸ ਦੌਰਾਨ ਅਸੀਸਪ੍ਰੀਤ ਸਿੰਘ ਦੇ ਦਾਦਾ ਪਾਲ ਸਿੰਘ ਨੇ ਖੁਸ਼ੀ ਜ਼ਾਹਿਰ ਕਰਦਿਆਂ ਆਖਿਆ ਕਿ ਅਸੀਸਪ੍ਰੀਤ ਸਿੰਘ ਕੈਨੇਡਾ ਵਿਖੇ ਰਹਿ ਕੇ ਅਤੇ ਪਾਇਲਟ ਦੀ ਨੌਕਰੀ ਪ੍ਰਾਪਤ ਕਰਨ ਦੇ ਬਾਵਜੂਦ ਵੀ ਸਾਬਤ-ਸੂਰਤ ਹੈ ਅਤੇ ਉਸਨੇ



ਆਪਣੀ ਸਿੱਖੀ ਨੂੰ ਕਾਇਮ ਰੱਖਿਆ ਹੋਇਆ ਹੈ।

ਕੋਟਕਪੂਰਾ ਦੇ ਜੰਮਪਲ ਅਸੀਸਪ੍ਰੀਤ ਸਿੰਘ ਦੇ ਪਾਇਲਟ ਬਣਨ 'ਤੇ ਜਿੱਥੇ ਉਸਦੇ ਮਾਪੇ ਅਤੇ ਦੋਸਤ-ਮਿੱਤਰ ਖੁਸ਼ ਹਨ, ਉੱਥੇ ਅਰੋੜਾ ਬਰਾਦਰੀ ਨਾਲ ਸਬੰਧਤ ਸੰਸਥਾਵਾਂ ਅਰੋੜਵੰਸ਼ ਸਭਾ ਕੋਟਕਪੂਰਾ ਅਤੇ ਅਰੋੜਾ ਮਹਾਸਭਾ ਕੋਟਕਪੂਰਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵਿਚ ਵੀ ਅਸੀਸਪ੍ਰੀਤ ਸਿੰਘ ਦੀ ਉਕਤ ਪ੍ਰਾਪਤੀ 'ਤੇ ਭਾਰੀ ਖੁਸ਼ੀ ਪਾਈ ਜਾ ਰਹੀ ਹੈ।

# ਪਾਬੰਦੀਆਂ ਦੇ ਬਾਵਜੂਦ ਕੈਨੇਡਾ 'ਚ ਅੰਤਰਰਾਸ਼ਟਰੀ ਸਟੱਡੀ ਵੀਜ਼ਾ 'ਚ 13 ਫ਼ੀਸਦੀ ਵਾਧਾ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਅੰਤਰਰਾਸ਼ਟਰੀ ਸਟੱਡੀ ਵੀਜ਼ਾ ਵਿਚ ਜ਼ਿਕਰਯੋਗ ਵਾਧਾ ਦੇਖਣ ਨੂੰ ਮਿਲਿਆ ਹੈ। ਕੈਨੇਡਾ ਦੀ ਸਰਕਾਰ ਨੇ ਭਾਵੇਂ ਕਿਹਾ ਹੈ ਕਿ ਉਸ ਦਾ ਉਦੇਸ਼ ਦੇਸ਼ ਵਿਚ ਦਾਖਲ ਹੋਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਰੋਕਣਾ ਹੈ ਪਰ ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿਚ ਸਟੱਡੀ ਪਰਮਿਟ ਪ੍ਰਾਪਤ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਆਸਰਾ ਦੇਣ ਦੀ ਸਮਰੱਥਾ ਦੇ ਸੰਕਟ ਨੇ ਜਸਟਿਨ ਟਰੂਡੋ ਸਰਕਾਰ ਦੀ ਲੋਕਪ੍ਰਿਅਤਾ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਇਸ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਵਾਂਗ ਅਸਥਾਈ ਨਿਵਾਸੀਆਂ ਦੇ ਦਾਖਲੇ ਨੂੰ ਘਟਾਉਣ ਲਈ ਉਪਾਵਾਂ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਇਮੀਗ੍ਰੇਸ਼ਨ,




ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ 2023 ਦੀ ਇਸੇ ਮਿਆਦ ਦੇ ਮੁਕਾਬਲੇ ਇਸ ਸਾਲ ਜਨਵਰੀ ਅਤੇ ਅਪ੍ਰੈਲ ਵਿਚਕਾਰ ਇਹ ਗਿਣਤੀ ਅਸਲ ਵਿਚ ਵਧੀ ਹੈ। ਪਿਛਲੇ ਸਾਲ ਇਨ੍ਹਾਂ ਚਾਰ ਮਹੀਨਿਆਂ ਦੌਰਾਨ ਜਾਰੀ ਕੀਤੇ ਗਏ ਕੁੱਲ ਅਧਿਐਨ ਪਰਮਿਟ 1,65,805 ਸਨ ਅਤੇ 2024 ਵਿਚ ਵਧ ਕੇ 1,87,510 ਹੋ ਗਏ। ਇਹ ਵੀਜ਼ਾ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਇਸੇ ਸਮੇਂ ਦੌਰਾਨ 72,750 ਤੋਂ ਵਧ ਕੇ 81,260 ਹੋ ਗਈ, ਜੋ ਕੁੱਲ ਦੇ ਲਗਭਗ 43 ਫੀਸਦੀ 'ਤੇ ਸਥਿਰ ਰਹੀ। ਕੈਨੇਡਾ ਵੱਲੋਂ 2023 ਵਿਚ ਜਾਰੀ ਕੀਤੇ ਗਏ ਕੁੱਲ 68,24,305 ਸਟੱਡੀ ਪਰਮਿਟਾਂ ਵਿਚੋਂ 2,78,335 ਭਾਰਤੀ ਵਿਦਿਆਰਥੀ ਸਨ। 2024 ਵਿਚ ਹੁਣ ਤੱਕ ਕੈਨੇਡਾ ਨੇ 2,16,620 ਸਟੱਡੀ ਪਰਮਿਟ ਜਾਰੀ ਕੀਤੇ ਹਨ, ਜਿਨ੍ਹਾਂ ਵਿਚੋਂ 91,510 ਭਾਰਤੀਆਂ ਨੇ ਪ੍ਰਾਪਤ ਕੀਤੇ ਹਨ। ਜਨਵਰੀ ਵਿਚ ਆਈ.ਆਰ.ਸੀ.ਸੀ. ਨੇ ਘੋਸ਼ਣਾ ਕੀਤੀ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਧਿਐਨ ਪਰਮਿਟਾਂ ਲਈ ਸਵੀਕਾਰ ਕੀਤੀਆਂ ਅਰਜ਼ੀਆਂ ਦੀ ਸੰਖਿਆ 'ਤੇ ਇੱਕ ਇਨਟੇਕ ਕੈਪ ਲਾਗੂ ਕਰੇਗੀ, ਜਿਸ ਦੇ ਨਤੀਜੇ ਵਜੋਂ 2023 ਦੇ ਮੁਕਾਬਲੇ ਇਸ ਸਾਲ ਇਨ੍ਹਾਂ ਸੰਖਿਆਵਾਂ ਵਿਚ 35 ਫੀਸਦੀ ਦੀ ਕਮੀ ਆਉਣ ਦੀ ਉਮੀਦ ਹੈ। ਆਈ.ਆਰ.ਸੀ.ਸੀ. ਨੇ ਉਸ ਸਮੇਂ ਇੱਕ ਰਿਲੀਜ਼ ਵਿਚ ਕਿਹਾ, "2024 ਲਈ ਇਸ ਕੈਪ ਦੇ ਨਤੀਜੇ ਵਜੋਂ ਲਗਭਗ 3,60,000 ਪ੍ਰਵਾਨਿਤ ਅਧਿਐਨ ਪਰਮਿਟ ਹੋਣ ਦੀ ਉਮੀਦ ਹੈ, ਜੋ ਕਿ 2023 ਤੋਂ 35 ਫੀਸਦੀ ਦੀ ਕਮੀ ਹੈ।"


21 ਮਾਰਚ ਨੂੰ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਸਰਕਾਰ ਦੇ ਟੀਚੇ ਦੀ ਘੋਸ਼ਣਾ ਕੀਤੀ ਕਿ "ਅਗਲੇ ਤਿੰਨ ਸਾਲਾਂ ਵਿੱਚ ਸਾਡੇ ਅਸਥਾਈ ਨਿਵਾਸੀਆਂ ਦੀ ਆਬਾਦੀ ਨੂੰ 5 ਫੀਸਦੀ ਤੱਕ ਘਟਾਇਆ ਜਾਵੇਗਾ"। ਇਸ ਸਾਲ ਕਮੀ ਆਵੇਗੀ ਜਾਂ ਨਹੀਂ, ਇਹ ਦੇਖਣਾ ਬਾਕੀ ਹੈ। ਹਾਲਾਂਕਿ ਮਈ ਵਿਚ ਸੰਖਿਆ ਥੋੜੀ ਘੱਟ ਗਈ, 2023 ਵਿਚ ਕੁੱਲ 34,400 ਤੋਂ ਘੱਟ ਕੇ 30,490 ਹੋ ਗਈ, ਨਾਲ ਹੀ ਸਟੱਡੀ ਪਰਮਿਟ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ 13,055 ਤੋਂ ਘੱਟ ਕੇ 10,560 ਰਹਿ ਗਈ।


# ਦਵਿੰਦਰ ਪਟਿਆਲਵੀ ਦਾ ਕਾਵਿ ਸੰਗ੍ਰਹਿ 'ਕੋਮਲ ਪੱਤੀਆਂ ਦਾ ਉਲਾਂਭਾ' ਅਹਿਸਾਸਾਂ ਦੀ ਦਾਸਤਾਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਦਵਿੰਦਰ ਪਟਿਆਲਵੀ ਮੁੱਢਲੇ ਤੌਰ 'ਤੇ ਮਿੰਨੀ ਕਹਾਣੀਆਂ ਦਾ ਰਚੇਤਾ ਹੈ, ਪ੍ਰੰਤੂ ਸਾਹਿਤਕ ਰੁਚੀ ਤੇ ਕੋਮਲ ਦਿਲ ਦਾ ਮਾਲਕ ਹੋਣ ਕਰਕੇ ਸਾਹਿਤ ਦੀਆਂ ਹੋਰ ਵਿਧਾਵਾਂ 'ਤੇ ਵੀ ਕਲਮ ਅਜਮਾਉਂਦਾ ਰਹਿੰਦਾ ਹੈ। ਹਰ ਇਨਸਾਨ ਦੇ ਉਪਰ ਉਸ ਦੇ ਪਰਿਵਾਰਿਕ ਅਤੇ ਸਮਾਜਿਕ ਵਾਤਵਰਨ ਦਾ ਪ੍ਰਭਾਵ ਪੈਂਦਾ ਹੈ। ਇਹ ਪ੍ਰਭਾਵ ਸਭ ਤੋਂ ਵੱਧ ਬੱਚਿਆਂ ਅਤੇ ਸਾਹਿਤਕਾਰਾਂ ਖਾਸ ਤੌਰ 'ਤੇ ਕਵੀਆਂ 'ਤੇ ਪੈਂਦਾ ਹੈ ਕਿਉਂਕਿ ਸਾਹਿਤਕਾਰ ਕੋਮਲ ਦਿਲ ਹੁੰਦੇ ਹਨ, ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਸਮਾਜਿਕ ਪ੍ਰਵਿਰਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਹੁੰਦਾ ਹੈ। ਦਵਿੰਦਰ ਪਟਿਆਲਵੀ ਜ਼ਿੰਦਗੀ ਵਿਚ ਵਿਚਰਦਿਆਂ ਸਮਾਜਿਕ ਪ੍ਰਵਿਰਤੀਆਂ ਅਤੇ ਵਿਸੰਗਤੀਆਂ ਨੂੰ ਵੇਖਦਾ ਰਹਿੰਦਾ ਹੈ, ਇਹ ਚੰਗਿਆਈਆਂ ਤੇ ਬੁਰਾਈਆਂ ਉਸ ਦੀ ਮਾਨਸਿਕਤਾ ਨੂੰ ਟੁੰਬਦੀਆਂ ਹਨ। ਫਿਰ ਉਹ ਆਪਣੀ ਕਲਮ ਰਾਹੀਂ ਆਪਣੇ ਮਾਨਸਿਕ ਪ੍ਰਭਾਵਾਂ ਨੂੰ ਕਹਾਣੀ ਜਾਂ ਕਵਿਤਾ ਦਾ ਰੂਪ ਦਿੰਦਾ ਹੈ। ਇਸ ਤੋਂ ਇਲਾਵਾ ਉਹ ਸਾਹਿਤਕ ਸਭਾਵਾਂ ਨਾਲ ਲਗਾਤਾਰ ਜੁੜਿਆ ਹੋਇਆ ਹੈ। ਇਸ ਕਰਕੇ ਉਸ ਦੀ ਸਾਹਿਤਕ ਮਸ ਪੂਰੀ ਹੁੰਦੀ ਰਹਿੰਦੀ ਹੈ। ਸਾਹਿਤਕ ਚੁੰਜ ਚਰਚਾਵਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦਾ ਰਹਿੰਦਾ ਹੈ। ਉਸ ਦੀ ਮਿੰਨੀ ਕਹਾਣੀਆਂ ਦੀਆਂ ਦੋ ਪੁਸਤਕਾਂ ਪੰਜਾਬੀ ਅਤੇ ਹਿੰਦੀ ਵਿਚ ਆ ਚੁੱਕੀਆਂ ਹਨ। ਚਰਚਾ ਅਧੀਨ ਉਸਦਾ ਪਲੇਠਾ ਕਾਵਿ ਸੰਗ੍ਰਹਿ 'ਕੋਮਲ ਪੱਤੀਆਂ ਦਾ ਉਲਾਂਭਾ' ਸਮਾਜਿਕ ਤਾਣੇ-ਬਾਣੇ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਅਹਿਸਾਸਾਂ ਦੀ ਦਾਸਤਾਂ ਹੈ। ਕਵੀ ਆਪਣੀਆਂ ਕਵਿਤਾਵਾਂ ਵਿਚ ਕਿਸੇ ਵੀ ਵਿਸ਼ੇ ਬਾਰੇ ਸਿੱਧਾ ਨਹੀਂ ਲਿਖਦਾ ਹੁੰਦਾ। ਉਸ ਨੇ ਤਾਂ ਅਸਿੱਧੇ ਢੰਗ ਨਾਲ ਸਾਹਿਤਕ ਪਾਣ ਦੇ ਕੇ ਸਮਾਜ ਨੂੰ ਆਗਾਹ ਕਰਨਾ ਹੁੰਦਾ ਹੈ। ਦਵਿੰਦਰ ਪਟਿਆਲਵੀ ਨੇ ਵੀ ਆਪਣੀਆਂ ਕਵਿਤਾਵਾਂ ਵਿਚ ਪਾਠਕਾਂ ਨੂੰ ਸੁਚੇਤ ਕੀਤਾ ਹੈ। ਸਮਾਜਿਕ ਤੌਰ 'ਤੇ ਵਿਚਰਦਿਆਂ ਦਵਿੰਦਰ ਪਟਿਆਲਵੀ ਨੂੰ ਜੋ ਮਹਿਸੂਸ ਹੁੰਦਾ ਰਿਹਾ, ਉਸ ਬਾਰੇ ਉਸ ਨੇ ਖੁੱਲ੍ਹੀਆਂ ਕਵਿਤਾਵਾਂ ਵਿਚ ਆਪਣੇ ਅਹਿਸਾਸਾਂ ਦਾ ਪ੍ਰਗਟਾਵਾ ਕੀਤਾ ਹੈ। ਉਸ ਦੀਆਂ ਕਵਿਤਾਵਾਂ ਵਿਚਾਰ ਪ੍ਰਧਾਨ ਹਨ। ਉਹ ਆਪਣੇ ਪ੍ਰਭਾਵਾਂ ਨੂੰ ਕਵਿਤਾ ਦਾ ਰੂਪ ਦੇ ਦਿੰਦਾ ਹੈ।



ਕਲਾ ਪੱਖ ਦੀ ਦ੍ਰਿਸ਼ਟੀ ਤੋਂ ਦਵਿੰਦਰ ਪਟਿਆਲਵੀ ਨੂੰ ਕਵਿਤਾ ਗੁੰਦਣ ਦੀ ਖ਼ੂਬਸੂਰਤ ਜਾਚ ਹੈ। ਵੱਖ-ਵੱਖ ਮੈਟਾਫ਼ਰਾਂ ਦੀ ਕਿਸ ਅੰਦਾਜ਼ ਵਿਚ, ਕਿਸ ਸਥਿਤੀ ਵਿਚ ਅਤੇ ਕਿਸ ਕਾਲ ਦੌਰਾਨ ਵਰਤੋਂ ਕਰਨੀ ਹੈ? ਇਸ ਬਾਰੇ ਉਸ ਦੀ ਕਲਮ ਬਖ਼ੂਬੀ ਇਲਮ ਰੱਖਦੀ ਹੈ। ਇਹ ਕਵਿਤਾਵਾਂ ਪੜ੍ਹ ਕੇ ਜ਼ਰੂਰ ਪਾਠਕ ਦੇ ਹਿਰਦੇ ਵਿਚ ਇਕ ਸਵਾਲ ਪੈਦਾ ਹੋਵੇਗਾ ਕਿ 'ਕਵੀ' ਪਟਿਆਲਵੀ ਪਹਿਲਾਂ ਕਿੱਥੇ ਛੁਪਿਆ ਰਿਹਾ ਹੈ?
-ਡਾ. ਦਰਸ਼ਨ ਸਿੰਘ 'ਆਸ਼ਟ', ਪਟਿਆਲਾ

ਦਵਿੰਦਰ ਪਟਿਆਲਵੀ ਦੀ ਕਵਿਤਾ ਦੇ ਅਹਿਸਾਸ ਬਹੁਤ ਕੋਮਲ ਹਨ ਤੇ ਭਾਸ਼ਾ ਸਰਲ ਹੈ। ਉਸ ਕੋਲ ਕਦੇ ਕਦੇ ਕਵਿਤਾ ਆ ਜਾਂਦੀ ਪਰ ਉਹ ਕਵਿਤਾ ਹੋਣ ਲਈ ਯਤਨਸ਼ੀਲ ਰਹਿੰਦਾ ਹੈ। ਜਿਸ ਇਨਸਾਨ ਦਾ ਮਨ ਸਾਫ਼ ਹੋਵੇ, ਸੰਵੇਦਨਾ ਹੋਵੇ, ਸੁਹਜ ਹੋਵੇ ਉਸ ਕੋਲ ਕਵਿਤਾ ਆ ਹੀ ਜਾਂਦੀ ਹੈ। ਉਹ ਕਵਿਤਾ ਰਾਹੀਂ ਸਮਾਜ ਵਿਚ ਫੈਲੀਆਂ ਅਲਾਮਤਾਂ ਵੱਲ ਇਸ਼ਾਰਾ ਕਰਦਾ ਹੈ। ਉਸ ਦੀ ਕਵਿਤਾ ਵਿਚ ਹਾਸ਼ੀਏ ਤੋਂ ਹੇਠਾਂ ਰਹਿੰਦੇ ਲੋਕਾਂ ਦਾ ਫ਼ਿਕਰ ਵੀ ਹੈ। ਉਹ ਦੂਜਿਆਂ ਦੀ ਪੀੜ ਮਹਿਸੂਸ ਕਰਦਾ ਹੈ, ਇਹੀ ਮਨੁੱਖ ਹੋਣ ਦੀ ਨਿਸ਼ਾਨੀ ਹੈ।
-ਨਵਦੀਪ ਸਿੰਘ ਮੁੰਡੀ, ਪਟਿਆਲਾ

ਪਟਿਆਲਵੀ ਦੀਆਂ ਕਵਿਤਾਵਾਂ ਸਮਾਜਿਕ-ਸਭਿਆਚਾਰਕ ਸਰੋਕਾਰਾਂ ਪ੍ਰਤੀ ਕਵੀ ਦੀ ਚਿੰਤਨਸ਼ੀਲ ਸੋਚ ਨੂੰ ਅਭਿਵਿਅਕਤ ਕਰਨ ਵਿਚ ਸਫ਼ਲ ਹਨ। ਕਵੀ ਦੀ ਸੰਵੇਦਨਸ਼ੀਲਤਾ ਦਾ ਪਾਠਕ ਵੀ ਅਨੁਭਵ ਕਰਦੇ ਹਨ ਤੇ ਇਸ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਪਾਠਕਾਂ ਦੇ ਮਨਾਂ ਵਿਚ ਸਦਾ ਲਈ ਉੱਕਰ ਜਾਂਦੀਆਂ ਹਨ।
-ਡਾ. ਹਰਪ੍ਰੀਤ ਸਿੰਘ ਰਾਣਾ, ਪਟਿਆਲਾ

ਦਵਿੰਦਰ ਪਟਿਆਲਵੀ ਇਕੱਲੀ ਮਿੰਨੀ ਕਹਾਣੀ ਹੀ ਨਹੀਂ ਲਿਖਦਾ ਹੈ, ਉਹ ਲੇਖ, ਰੇਖਾ ਚਿੱਤਰ, ਮੁਲਾਕਾਤਾਂ ਤੇ ਕਵਿਤਾਵਾਂ ਵੀ ਸਿਰਜਦਾ ਹੈ। ਕਵਿਤਾਵਾਂ ਵਿਚ ਉਸਦੇ ਅਹਿਸਾਸ ਗ਼ੌਰ ਕਰਨ ਵਾਲੇ ਹਨ। ਉਹ ਕੋਮਲ ਅਹਿਸਾਸਾਂ ਨੂੰ ਆਪਣੀ ਸ਼ਾਇਰੀ ਦਾ ਕੇਂਦਰ ਬਿੰਦੂ ਬਣਾਉਂਦਾ ਹੈ। ਸ਼ਾਇਰੀ ਹੈ ਹੀ ਕੋਮਲ ਅਹਿਸਾਸਾਂ ਦਾ ਨਾਂ। ਜ਼ਿਆਦਾ ਕਵਿਤਾਵਾਂ ਉਸਦੇ ਨਿੱਜ ਨਾਲ ਜੁੜੀਆਂ ਹੋਈਆਂ ਹਨ। ਘਰ, ਦਫ਼ਤਰ, ਬੱਚੇ ਸਭ ਉਸਦੀਆਂ ਰਚਨਾਵਾਂ ਦਾ ਅਧਾਰ ਹਨ।
-ਜਗਦੀਸ਼ ਰਾਏ ਕੁਲਰੀਆਂ, ਬਰੇਟਾ

ਦਵਿੰਦਰ ਪਟਿਆਲਵੀ ਨੇ ਪੜ੍ਹਾਈ ਅਤੇ ਲੇਖਣੀ ਦੇ ਵਿਚ ਚੰਗੀਆਂ ਪਲਾਂਘਾਂ ਪੁੱਟੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ 'ਬੇਟੀਆਂ ਦਾ ਫ਼ਿਕਰ' ਅਤੇ 'ਘਰ ਤੋਂ ਦਫ਼ਤਰ ਤੱਕ' ਬਹੁਤ ਮਕਬੂਲ ਹਨ।
-ਬਲਬੀਰ ਸਿੰਘ ਦਿਲਦਾਰ, ਪਟਿਆਲਾ

ਦਵਿੰਦਰ ਪਟਿਆਲਵੀ ਰਚਿਤ ਕਵਿਤਾਵਾਂ ਘਰ ਤੋਂ ਦਫ਼ਤਰ ਤੱਕ, ਰਸੋਈ, ਵਾਤਾਵਰਨ, ਪਾਰਕ, ਮੁਸਕਾਨ ਦੇ ਨਾਂ ਮੈਂ ਵਾਰ-ਵਾਰ ਪੜ੍ਹੀਆਂ ਹਨ, ਜਿੰਨੀ ਵਾਰ ਪੜ੍ਹੀਆਂ ਹਨ, ਹਰ ਵਾਰ ਨਵੀਂ ਊਰਜਾ ਮਿਲੀ ਹੈ।
-ਅਜੀਤ ਸਿੰਘ, ਪਟਿਆਲਾ।

ਦਵਿੰਦਰ ਪਟਿਆਲਵੀ ਦੀਆਂ ਕਵਿਤਾਵਾਂ ਦੇ ਵਿਸ਼ੇ ਆਮ ਤੌਰ 'ਤੇ ਪੰਜਾਬੀ ਦੇ ਸ਼ਾਇਰਾਂ ਦੀ ਤਰ੍ਹਾਂ ਰੁਮਾਂਸਵਾਦੀ ਨਹੀਂ ਹਨ, ਸਗੋਂ ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਹਨ। ਉਹ ਸਮਾਜਿਕ ਸਰੋਕਾਰਾਂ ਵਾਲੀਆਂ ਕਵਿਤਾਵਾਂ ਦਾ ਸ਼ਾਇਰ ਹੈ। ਨਸ਼ੇ, ਭਰੂਣ ਹੱਤਿਆ, ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ, ਪਰਿਵਾਰਕ ਰਿਸ਼ਤੇ ਵਰਗੇ ਅਹਿਮ ਮੁੱਦੇ ਉਸ ਦੀਆਂ ਕਵਿਤਾਵਾਂ ਵਿਚ ਉਠਾਏ ਜਾਂਦੇ ਹਨ। ਸਰਕਾਰੀ ਕਰਮਚਾਰੀਆਂ ਦੇ ਦਫ਼ਤਰਾਂ ਵਿਚ ਕੰਮ ਦੇ ਬੋਝ ਅਤੇ ਪਰਿਵਾਰ ਨੂੰ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾ ਮਸਲਾ, ਉਸ ਨੂੰ ਸਤਾਉਂਦਾ ਰਹਿੰਦਾ ਹੈ। ਪ੍ਰੰਤੂ ਇਸ ਦੇ ਨਾਲ ਹੀ ਉਹ ਦਫ਼ਤਰਾਂ ਦੇ ਸਾਥੀਆਂ ਦੇ ਸਹਿਯੋਗ ਨੂੰ ਪਰਿਵਾਰ ਦੇ ਮੈਂਬਰ ਹੀ ਮੰਨਦਾ ਹੈ, ਤਾਂ ਜੋ ਸੁਖੀ ਜੀਵਨ ਬਸਰ ਕੀਤਾ ਜਾ ਸਕੇ। ਨਸ਼ੇ ਦੀ ਬੀਮਾਰੀ ਨੇ ਪੰਜਾਬ ਦੇ ਪਰਿਵਾਰਾਂ ਦੇ ਜੀਵਨ ਤਬਾਹ ਕਰ ਦਿੱਤੇ ਹਨ। ਅਜਿਹੇ ਹਾਲਾਤ ਵਿਚ ਇੱਕ ਔਰਤ ਦਾ ਸੰਤਾਪ ਆਪਣੀ ਕਿਸਮ ਦਾ ਹੁੰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਮੁੜ ਘਿੜ ਕੇ ਦਵਿੰਦਰ ਪਟਿਆਲਵੀ ਦੇ ਪਰਿਵਾਰ ਅਤੇ ਦਫ਼ਤਰ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਇੱਕ ਕਿਸਮ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਦਵਿੰਦਰ ਪਟਿਆਲਵੀ ਨੇ ਘਰ, ਪਰਿਵਾਰ, ਦਫ਼ਤਰ, ਪੁਸਤਕ, ਪੇਂਡੂ ਤੇ ਸ਼ਹਿਰੀ ਸੱਭਿਆਚਾਰ ਨੂੰ ਆਪਣੀਆਂ ਕਵਿਤਾਵਾਂ ਵਿਚ ਦਰਸਾਇਆ ਹੈ। ਭਾਵੇਂ ਇਹ ਕਵਿਤਾਵਾਂ ਕਵੀ ਦੇ ਨਿੱਜੀ ਤਜ਼ਰਬੇ 'ਤੇ ਆਧਾਰਿਤ ਹਨ ਪ੍ਰੰਤੂ ਇਹ ਸਾਰਾ ਕੁਝ ਸਮਾਜ ਵਿਚ ਵਾਪਰ ਰਿਹਾ ਹੈ। ਦਵਿੰਦਰ ਪਟਿਆਲਵੀ ਇਨ੍ਹਾਂ ਨੂੰ ਲੋਕਾਈ ਨਾਲ ਜੋੜਨ ਵਿਚ ਸਫਲ ਹੋਇਆ ਹੈ। ਕਵਿਤਾਵਾਂ ਪੜ੍ਹਨ ਵਾਲਾ ਹਰ ਵਿਅਕਤੀ ਇਹ ਸੋਚੇਗਾ ਕਿ ਇਹ ਕਵਿਤਾਵਾਂ ਉਸ ਨਾਲ ਸੰਬੰਧਤ ਹਨ, ਇਹੋ ਦਵਿੰਦਰ ਪਟਿਆਲਵੀ ਦੀ ਕਾਮਯਾਬੀ ਹੈ। ਦਫ਼ਤਰਾਂ ਅਤੇ ਸਮਾਜ ਵਿਚ ਇਹੋ ਕੁਝ ਵਾਪਰ ਰਿਹਾ ਹੈ, ਜਿਹੜਾ ਦਵਿੰਦਰ ਪਟਿਆਲਵੀ ਨੇ ਕਵਿਤਾਵਾਂ ਵਿਚ ਲਿਖਿਆ ਹੈ। ਇਕ 'ਕੱਪੜੇ ਸਿਉਣ ਵਾਲੀ ਔਰਤ' ਦੇ ਸਿਰਲੇਖ ਵਾਲੀ ਕਵਿਤਾ ਵਿਚ ਉਹ ਦੱਸਦਾ ਹੈ ਕਿ ਪਤੀ ਦੇ ਨਸ਼ਈ ਹੋਣ ਦੇ ਬਾਵਜੂਦ ਔਰਤ ਕੱਪੜੇ ਸਿਉਂ ਕੇ ਪਰਿਵਾਰ ਪਾਲਦੀ ਹੈ ਪ੍ਰੰਤੂ ਜਦੋਂ ਉਹ ਵਿਆਹ ਦੇ ਲਾਲ ਸੂਹੇ ਕੱਪੜੇ ਸਿਉਂਦੀ ਹੈ, ਤਾਂ ਉਸ ਦੀ ਮਾਨਸਿਕਤਾ ਜ਼ਖ਼ਮੀ ਹੋ ਜਾਂਦੀ ਹੈ। ਫਿਰ ਉਹ ਭਾਵਨਾਵਾਂ ਦੇ ਵਹਿਣ ਵਿਚ ਵਹਿੰਦੀ ਹੋਈ ਮਜਬੂਰੀ ਵਸ ਕਿਰਤ ਕਰਦੀ ਰਹਿੰਦੀ ਹੈ। ਔਰਤ ਦੀ ਤ੍ਰਾਸਦੀ ਹੈ ਕਿ ਉਸਨੇ ਬੱਚੇ ਵੀ ਪਾਲਣੇ ਹਨ ਪ੍ਰੰਤੂ ਦੁੱਖ ਵੀ ਸਹਿਣਾ ਹੈ। ਇਹ ਕਵਿਤਾ ਸਮੁੱਚੀ ਇਸਤਰੀ ਜਗਤ ਦੀ ਪ੍ਰਤੀਨਿਧਤਾ ਕਰਦੀ ਹੈ। 'ਸੈਰ ਕਰਦੇ ਕਾਲਜ ਪੜ੍ਹਨ ਵਾਲੇ ਬੱਚੇ' ਕਵਿਤਾ ਵਿਚ ਵਿਦਿਆਰਥੀਆਂ ਵਿਚ ਨਸ਼ੇ ਦੀ ਲੱਤ ਨੂੰ ਕਵੀ ਸਮਾਜਿਕ ਬਰਬਾਦੀ ਦਾ ਕਾਰਨ ਮੰਨਦਾ ਹੈ, ਕਿਉਂਕਿ ਮਾਂ-ਬਾਪ ਦੇ ਆਪਣੇ ਬੱਚਿਆਂ ਬਾਰੇ ਸਿਰਜੇ ਸਪਨੇ ਖੇਰੂੰ-ਖੇਰੂੰ ਹੋ ਜਾਂਦੇ ਹਨ। ਦਵਿੰਦਰ ਪਟਿਆਲਵੀ ਦੀ ਇੱਕ ਹੋਰ ਕਵਿਤਾ 'ਰੋਟੀ, ਰਿਕਸ਼ਾ ਤੇ ਡਿਗਰੀਆਂ' ਬਹੁਤ ਸੰਵੇਦਨਸ਼ੀਲ ਤੇ ਹਿਰਦੇਵੇਦਿਕ ਹੈ, ਕਿਉਂਕਿ ਪੰਜਾਬ ਦੇ ਬੇਰੁਜ਼ਗਾਰੀ ਦੇ ਮੌਕੇ ਵੀ ਇੱਕ ਆਸ ਦੀ ਕਿਰਨ ਰੌਸ਼ਨੀ ਦਿੰਦੀ ਵਿਖਾਈ ਦੇ ਰਹੀ ਹੈ, ਜਦੋਂ ਇੱਕ ਵਿਦਿਅਕ ਡਿਗਰੀਆਂ ਲੈਣ ਵਾਲਾ ਨੌਜਵਾਨ ਰਿਕਸ਼ਾ ਚਲਾ ਕੇ ਆਪਣਾ ਸੁਨਹਿਰਾ ਭਵਿੱਖ ਬਣਾਉਣ ਦੇ ਸੁਪਨੇ ਵੇਖ ਰਿਹਾ ਹੈ। ਉਹ ਨੌਜਵਾਨ ਜਦੋਂ ਕਹਿੰਦਾ ਹੈ ਕਿ ਡਿਗਰੀਆਂ ਨਾਲੋਂ ਰੋਟੀ ਦੀ ਅਹਿਮੀਅਤ ਜ਼ਿਆਦਾ ਹੈ, ਤਾਂ ਸਾਡੇ ਵਰਤਮਾਨ ਵਿਦਿਅਕ ਢਾਂਚੇ 'ਤੇ ਕਰਾਰੀ ਚੋਟ ਮਾਰਦਾ ਹੈ। ਉਸ ਦੀ ਪਹਿਲੀ ਕਵਿਤਾ 'ਪਾਪਾ ਦੇ ਨਾਂ' ਵਿਚ ਉਹ ਬੱਚੇ ਤੋਂ ਬੱਚਿਆਂ ਦਾ ਪਿਤਾ ਬਣਨ 'ਤੇ ਜ਼ਿੰਮੇਵਾਰੀ ਦੇ ਅਹਿਸਾਸ ਦਾ ਪ੍ਰਗਟਾਵਾ ਕਰਦਾ ਹੈ। 'ਪਿੰਗਲਵਾੜਾ ਆਸ਼ਰਮ' ਕਵਿਤਾ ਮਾਪਿਆਂ ਵੱਲੋਂ ਵਿਸ਼ੇਸ਼ ਬੱਚਿਆਂ ਤੋਂ ਖਹਿੜਾ ਛੁਡਾ ਕੇ ਪਿੰਗਲਵਾੜੇ ਛੱਡਣਾ ਰਿਸ਼ਤਿਆਂ ਨੂੰ ਦਾਗ਼ਦਾਰ ਕਰਦਾ ਹੈ। ਇਸ ਕਵਿਤਾ ਤੋਂ ਸਮਾਜਿਕ ਗਿਰਾਵਟ ਦਾ ਪਤਾ ਲੱਗਦਾ ਹੈ। ਖ਼ੂਨ ਦੇ ਰਿਸ਼ਤੇ ਵੀ ਤਾਰ-ਤਾਰ ਹੋ ਜਾਂਦੇ ਹਨ। 'ਮੇਰੇ ਕੋਲ ਕੁਝ ਵੀ ਨਹੀਂ' ਕਵਿਤਾ ਸਮਾਜਿਕ ਬੁਰਾਈਆਂ ਨਸ਼ੇ, ਗ਼ਰੀਬੀ, ਭੁੱਖਮਰੀ, ਜ਼ੁਲਮ, ਬਾਲ ਮਜ਼ਦੂਰੀ ਅਤੇ ਇਨਸਾਨੀਅਤ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਅਖ਼ਬਾਰਾਂ ਅਤੇ ਪੱਤਰਕਾਰਾਂ ਬਾਰੇ ਕਵੀ ਨੇ ਉਨ੍ਹਾਂ ਉਪਰ ਡਿਜ਼ੀਟਲਾਈਜ਼ੇਸ਼ਨ ਦਾ ਪ੍ਰਭਾਵ ਅਤੇ ਪੱਤਰਕਾਰੀ ਦੇ ਮਿਆਰ ਵਿਚ ਗਿਰਾਵਟ ਦੇ ਨੁਕਤੇ ਉਠਾਏ ਹਨ। ਆਧੁਨਿਕਤਾ ਦੇ ਪ੍ਰਭਾਵ ਅਧੀਨ ਅਖ਼ਬਾਰਾਂ ਦੀ ਪ੍ਰਣਾਲੀ ਹੀ ਬਦਲ ਗਈ ਹੈ। ਇਸੇ ਤਰ੍ਹਾਂ ਨੌਕਰੀ ਕਰ ਰਹੇ ਮਰਦ ਔਰਤ ਜੇਕਰ ਘਰ ਦੇ ਕੰਮਾਂ ਵਿਚ ਸਹਿਯੋਗੀ ਨਾ ਬਣਨ ਤਾਂ ਪਰਿਵਾਰਿਕ ਜੀਵਨ ਸਫਲ ਨਹੀਂ ਹੋ ਸਕਦਾ। ਰਸੋਈ 'ਤੇ ਇਕੱਲੀ ਇਸਤਰੀ ਦੀ ਸਰਦਾਰੀ ਨਹੀਂ ਰਹੀ, ਮਰਦ ਵੀ ਪੂਰਾ ਹਿੱਸੇਦਾਰ ਹੈ। ਇਸ ਕਵਿਤਾ ਰਾਹੀਂ ਕਵੀ ਨੇ ਨੌਕਰੀ ਪੇਸ਼ਾ ਇਸਤਰੀਆਂ ਦੀ ਵਕਾਲਤ ਕੀਤੀ ਹੈ। ਬੱਚਿਆਂ ਵਿਚ ਬਾਹਰੋਂ ਖਾਣਾ ਮੰਗਾ ਕੇ ਖਾਣ ਦੀ ਪ੍ਰਵਿਰਤੀ ਨੇ ਵੀ ਪਰਿਵਾਰਿਕ ਮਾਹੌਲ ਨੂੰ ਬਦਲ ਕੇ ਰੱਖ ਦਿੱਤਾ ਹੈ। ਪੰਜਾਬ ਵਿਚੋਂ ਨਵੀਂ ਪਨੀਰੀ ਦਾ ਪ੍ਰਵਾਸ ਵਿਚ ਜਾਣਾ ਵੀ ਸਾਹਿਤ ਦੀ ਹਰ ਵਿਧਾ ਦਾ ਮੁੱਖ ਵਿਸ਼ਾ ਬਣਿਆ ਹੋਇਆ ਹੈ। ਦਵਿੰਦਰ ਪਟਿਆਲਵੀ ਨੇ ਵੀ ਪ੍ਰਵਾਸ ਕਾਰਨ ਮਾਂ-ਬਾਪ ਦੀ ਤ੍ਰਾਸਦੀ ਅਤੇ ਬੱਚਿਆਂ ਵਿਚ ਆਪਸੀ ਪਿਆਰ ਦੀ ਘਾਟ ਬਾਰੇ ਲਿਖਿਆ ਹੈ। ਮਹਿੰਗਾਈ ਵਰਗਾ ਮਹੱਤਵਪੂਰਨ ਵਿਸ਼ਾ ਸਮਾਜਿਕ ਸਰੋਕਾਰਾਂ ਵਾਲੇ ਸ਼ਾਇਰ ਲਈ ਵਿਸ਼ੇਸ਼ ਹੁੰਦਾ ਹੈ। ਕਵੀ ਨੇ ਮਹਿੰਗਾਈ 'ਤੇ ਵੀ ਚਿੰਤਾ ਪ੍ਰਗਟਾਈ ਹੈ। ਵਾਤਵਰਨ ਬਾਰੇ ਪਾਰਕ ਦੀ ਸੈਰ ਕਰਨ ਨੂੰ ਵਿਸ਼ਾ ਬਣਾਕੇ ਕਵੀ ਨੇ ਲੋਕਾਈ ਨੂੰ ਕੁਦਰਤ ਦੀਆਂ ਰਹਿਮਤਾਂ ਦੀ ਸੰਭਾਲ ਕਰਨ ਦਾ ਇਸ਼ਾਰਾ ਕੀਤਾ ਹੈ, ਜਿਸ ਤੋਂ ਇਨਸਾਨ ਨੂੰ ਦੂਹਰਾ ਲਾਭ ਹੁੰਦਾ ਹੈ। ਸਿਹਤ ਵੀ ਚੰਗੀ ਹੁੰਦੀ ਹੈ ਤੇ ਪੰਛੀਆਂ ਦੀ ਆਵਾਜ਼ਾਂ ਸੰਗੀਤਮਈ ਵਾਤਾਵਰਨ ਪੈਦਾ ਕਰਕੇ ਮਹਿਕਾਂ ਖਿਲਾਰਦੀਆਂ ਹਨ। ਕਵੀ ਨੂੰ ਲੈਅ ਬੱਧ ਸੰਗੀਤਮਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਵਿਚਾਰ ਕਹਾਣੀਆਂ ਰਾਹੀਂ ਵਧੀਆ ਪ੍ਰਗਟ ਕੀਤੇ ਜਾ ਸਕਦੇ ਹਨ। ਦਵਿੰਦਰ ਪਟਿਆਲਵੀ ਆਪਣੀ ਸਾਹਿਤਕ ਪ੍ਰਵਿਰਤੀ ਦਾ ਆਧਾਰ ਆਪਣੀਆਂ ਦੋਵੇਂ ਬੇਟੀਆਂ ਅਤੇ ਪਤਨੀ ਨੂੰ ਮੰਨਦਾ ਹੈ।

98 ਪੰਨਿਆਂ, 195 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਕੇ ਪਬਲੀਕੇਸ਼ਨਜ਼, ਬਰੇਟਾ ਨੇ ਪ੍ਰਕਾਸ਼ਤ ਕੀਤਾ ਹੈ।

---

# ਭਵਿੱਖ

## ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



"ਮੈਂ ਕਿਹਾ ਜੀ, ਉਠੋ, ਤੁਹਾਨੂੰ ਕੋਈ ਮਾਂਵਾਂ ਧੀਆਂ ਟੇਵਾ ਵਿਖਾਉਣ ਆਈਆਂ।" ਪੰਡਤ ਜੀ ਦੀ ਘਰਵਾਲੀ ਨੇ ਪੰਡਤ ਜੀ ਨੂੰ ਕਿਹਾ।

"ਕੀ ਹੋਇਆ..? ਐਨਾ ਸੋਹਣਾ ਸੁਪਨਾ ਆ ਰਿਹਾ ਸੀ ਸਾਰਾ ਹੀ ਖਰਾਬ ਕਰ ਦਿੱਤਾ।" ਪੰਡਤ ਨੇ ਪੁੱਛਿਆ

"ਉਠ ਕੇ ਮੂੰਹ ਧੋ ਲਉ, ਕੋਈ ਟੇਵਾ ਵਿਖਾਉਣ ਆਇਆ।" ਘਰਵਾਲੀ ਗੁੱਸੇ 'ਚ ਬੋਲੀ ਤੇ ਰਸੋਈ 'ਚ ਚਲੀ ਗਈ ਤੇ ਪੰਡਤ ਜੀ ਮੂੰਹ ਹੱਥ ਧੋ ਪੰਜ ਇਸ਼ਨਾਨਾਂ ਕਰਕੇ ਬੈਠਕ 'ਚ ਚਲੇ ਗਏ।



"ਪੰਡਤ ਜੀ ਨਮਸ਼ਕਾਰ।" ਬੈਠਕ 'ਚ ਬੈਠੀ ਕੁੜੀ ਤੇ ਉਸਦੀ ਮਾਂ ਨੇ ਕਿਹਾ ।

"ਨਮਸ਼ਕਾਰ ਭਾਈ ਨਮਸ਼ਕਾਰ, ਹਾਂ ਭਾਈ ਪੁੱਛੋ ਕੀ ਪੁੱਛਣਾ .....?" ਪੰਡਤ ਜੀ ਨੇ ਅੱਖਾਂ ਬੰਦ ਕਰਕੇ ਕਿਹਾ।

"ਪੰਡਤ ਜੀ ਕੁੜੀ ਨੇ ਪਲੱਸ ਟੂ ਕਰ ਲਈ ਹੈ ਤੇ ਹੁਣ ਨਰਸਿੰਗ ਦਾ ਕੋਰਸ ਕਰਨਾ ਚਾਹੁੰਦੀ ਆ, ਕਰਾ ਦੇਈਏ ਕੋਰਸ ਏਹਨੂੰ ਕੇ ਨਾ ਕਰਾਈਏ?"

"ਕਰੋ ਭਾਈ ਕਰੋ, ਦੱਬ ਕੇ ਪੜ੍ਹੋ, ਤੂੰ ਭਾਈ ਕੁੜੀਏ ਨਰਸ ਬਨਣਾ?" ਅੱਖਾਂ ਬੰਦ ਹੀ ਰੱਖੀਆਂ।

"ਹਾਂ ਪੰਡਤ ਜੀ ਮੈਂ ਨਰਸ ਬਣ ਕੇ ਕਨੈਡਾ ਜਾਂ ਅਮਰੀਕਾ ਸੈਟਲ ਹੋਣਾ ਚਾਹੁੰਦੀ ਹਾਂ, ਵੇਖੋ ਮੇਰਾ ਟੇਵਾ ਮੈਂ ਜਾ ਸਕਾਂਗੀ ਕਿ ਨਹੀਂ....?" ਕੁੜੀ ਨੇ ਪੰਡਤ ਜੀ ਦੇ ਮੂੰਹ ਵੱਲ ਬੜੀ ਗਹੁ ਨਾਲ ਵੇਖਿਆ।

ਦਸ-ਪੰਦਰਾਂ ਮਿੰਟ ਟੇਵੇ ਨੂੰ ਫਰੋਲ ਕੇ ਪੰਡਤ ਜੀ ਅੱਖਾਂ ਬੰਦ ਕਰਕੇ ਬੋਲੇ

"ਬਹੁਤ ਔਖਾ ਹੈ, ਤੇਰੇ ਭਵਿੱਖ ਨੂੰ ਤੇਰੇ ਗ੍ਰਹਾਂ ਨੂੰ ਬੜੀ ਗਹੁ ਨਾਲ ਵੇਖਿਆ...?"

"ਪੰਡਤ ਜੀ ਕੋਈ ਉਪਾਏ..........?" ਕੁੜੀ ਦੀ ਮਾਂ ਬੋਲੀ


"ਉਪਾਏ ਹੈ.......! ਮੈਂ ਲਗਾਤਾਰ ਚਾਲੀ ਦਿਨ ਹਵਨ ਕਰਾਂਗਾ, ਤੂੰ ਨਰਸ ਬਣ ਕੇ ਫਾਰਨ ਕੰਟਰੀ ਫੋਰਨ ਚਲੀ ਜਾਵੇਂਗੀ।" ਪੰਡਤ ਜੀ ਦੀਆਂ ਅੱਖਾਂ ਹੁਣ ਵੀ ਬੰਦ ਸਨ ।

"ਪੰਡਤ ਜੀ ਕਿੰਨਾ ਕੁ ਖਰਚਾ ਆ ਜਾਵੇਗਾ.......?" ਕੁੜੀ ਦੀ ਮਾਂ ਨੇ ਪੁੱਛਿਆ

"ਇਹੀ ਕੋਈ ਗਿਆਰਾਂ ਕੁ ਹਜ਼ਾਰ.......!" ਪੰਡਤ ਜੀ ਨੇ ਜਕਦੇ ਹੋਏ ਨੇ ਕਿਹਾ। ਅੱਖਾਂ ਹੁਣ ਵੀ ਬੰਦ ਸਨ।

ਪੰਡਤ ਜੀ ਦੇ ਚੇਹਰੇ ਨੂੰ ਤੇ ਉਸਦੇ ਪਾਏ ਘਸੇ ਹੋਏ ਕੁੜਤੇ ਪਜ਼ਾਮੇ ਨੂੰ ਤੇ ਪੁਰਾਣੀ ਟੈਲ ਬੱਤੇ ਦੀ ਪਈ ਛੱਤ ਨੂੰ ਪੁਰਾਣੇ ਦੌਣ ਦੇ ਮੰਜੇ ਨੂੰ ਵੇਖ ਕੇ ਕੁੜੀ ਬੋਲੀ

"ਪੰਡਤ ਜੀ ਤੁਸੀਂ ਆਪਣਾ ਵਰਤਮਾਨ ਵੇਖੋ, ਮੈਂ ਵੀ ਆਪਣਾ ਵਰਤਮਾਨ ਵੇਖਦੀ ਹਾਂ ਤੇ ਭੱਵਿਖ ਵੀ ਵੇਖਾਂਗੀ, ਚੱਲ ਮਾਂ ਚੱਲੀਏ।"




ਪੰਡਤ ਜਾਂਦੀਆਂ ਮਾਵਾਂ ਧੀਆਂ ਨੂੰ ਵੇਖਦਾ ਹੀ ਰਹਿ ਗਿਆ। ਪੰਡਤ ਜੀ ਦੀਆਂ ਬੰਦ ਅੱਖਾਂ ਖੁੱਲ੍ਹ ਗਈਆਂ ਸਨ।

# ਪੰਜਾਬ 'ਚ ਵਾਤਾਵਰਣ ਦਾ ਨਿਘਾਰ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਪੰਜਾਬ 'ਚ ਵਾਤਾਵਰਣ ਦਾ ਨਿਘਾਰ ਲਗਾਤਾਰ ਜਾਰੀ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਇਸਦਾ ਵੱਡਾ ਕਾਰਣ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ 'ਚ ਜੰਗਲਾਤ ਤਹਿਤ ਰਕਬਾ 40 ਫੀਸਦੀ ਸੀ, ਜੋ ਹੁਣ ਘੱਟ ਕੇ 3.7 ਫੀਸਦੀ ਰਹਿ ਗਿਆ ਹੈ। ਮਾਹਿਰਾਂ ਦੀ ਰਾਇ ਅਨੁਸਾਰ ਵਸੋਂ ਲਈ ਵਧੀਆ ਵਾਤਾਵਰਣ ਵਾਸਤੇ ਧਰਤੀ ਦੇ 33 ਫੀਸਦੀ ਹਿੱਸੇ ਉੱਪਰ ਜੰਗਲ ਹੋਣਾ ਜ਼ਰੂਰੀ ਹੈ। ਫ਼ਿਕਰ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਜੋ ਜੰਗਲੀ ਰਕਬਾ ਬਚਿਆ-ਖੁਚਿਆ ਹੈ, ਉਹ ਮਕਾਨ ਉਸਾਰੀ ਅਤੇ ਉਦਯੋਗਿਕ ਪਸਾਰੇ ਦੀ ਮਾਰ ਹੇਠ ਹੈ।

ਪੰਜਾਬ ਦੀ ਆਬੋ-ਹਵਾ ਪਲੀਤ ਹੋ ਰਹੀ ਹੈ। ਸੂਬੇ 'ਚ ਪੀਣ ਵਾਲੇ ਪਾਣੀ ਦੀ ਘਾਟ ਹੋ ਗਈ ਹੈ। ਗੰਦੇ ਪਾਣੀ ਨੇ ਸਾਡੇ ਸਾਫ਼-ਸੁਥਰੇ ਦਰਿਆਵਾਂ ਦਾ ਪਾਣੀ ਤੱਕ ਗਲੀਜ਼ ਕਰ ਦਿੱਤਾ ਹੈ। ਇਹ ਪਾਣੀ ਕੈਂਸਰ ਆਦਿ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੋਇਲੇ ਨਾਲ ਚੱਲਣ ਵਾਲੇ ਬਿਜਲੀ ਕਾਰਖਾਨਿਆਂ 'ਚੋਂ ਨਿਕਲਦੇ ਰਸਾਇਣ, ਵਿਕੀਰਨ ਕਿਰਨਾਂ ਤੇ ਬਦਬੂਦਾਰ ਹਵਾ ਨੇ ਨਵਜੰਮੇ ਬੱਚਿਆਂ ਦੇ ਦਿਮਾਗ਼ ਤੇ ਜਿਸਮਾਂ ਵਿਚ ਨਿਰਯੋਗਤਾ ਲੈ ਆਂਦੀ ਹੈ। ਪੰਜਾਬ ਦੀ ਹਵਾ ਦੂਸ਼ਿਤ ਹੈ, ਪੰਜਾਬ ਦਾ ਪਾਣੀ ਗੰਦਲਾ ਹੈ, ਪਾਣੀ ਦੀ ਥੁੜ ਪੰਜਾਬ ਨੂੰ ਚਿਤਾਵਨੀ ਦੇ ਰਹੀ ਹੈ। ਕੀ ਪੰਜਾਬ, ਹਵਾ, ਪਾਣੀ ਤੇ ਅੰਨ ਤੋਂ ਬਿਨਾਂ ਆਪਣੀ ਹੋਂਦ ਦੀ ਕਲਪਨਾ ਵੀ ਕਰ ਸਕਦਾ ਹੈ?

ਵੀਹਵੀਂ ਸਦੀ ਦੇ ਸ਼ੁਰੂ ਵਿਚ ਵਧਦੀ ਹੋਈ ਵਸੋਂ ਕਾਰਨ ਜਦੋਂ ਦੇਸ਼ ਭੁੱਖਮਰੀ ਦੇ ਕਿਨਾਰੇ ਸੀ, ਅੰਗਰੇਜ਼ੀ ਸ਼ਾਸਨ ਦੌਰਾਨ ਪੰਜਾਬ ਦੇ ਮਿਹਨਤਕਸ਼ ਕਿਸਾਨਾਂ-ਮਜ਼ਦੂਰਾਂ ਨੇ ਪਾਣੀ ਦੇ ਬਲਬੂਤੇ ਪੰਜਾਬ 'ਚ ਅੰਨ ਉਗਾ ਕੇ ਦੇਸ਼ ਦੀ ਬਾਂਹ ਫੜੀ ਸੀ। ਆਜ਼ਾਦੀ ਤੋਂ ਬਾਅਦ ਫਿਰ ਇਕ ਵਾਰ ਹਰੇ ਇਨਕਲਾਬ ਦੌਰਾਨ ਪੰਜਾਬੀ ਕਿਸਾਨਾਂ ਨੇ ਧਰਤੀ ਦਾ ਸੀਨਾ ਪਾੜ ਕੇ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਇੰਤਹਾ ਵਰਤੋਂ ਕਰਕੇ ਦੇਸ਼ ਵਿਚ ਭੁੱਖੇ ਲੋਕਾਂ ਦੇ ਮੂੰਹ ਅਨਾਜ ਪਾਇਆ ਸੀ। ਪਰ ਪੰਜਾਬ ਨੂੰ ਇਸ ਦੀ ਕੀਮਤ ਹੁਣ ਚੁਕਾਉਣੀ ਪੈ ਰਹੀ ਹੈ। ਧਰਤੀ ਹੇਠਲਾ ਪਾਣੀ ਇਸ ਕਦਰ ਮੁੱਕਦਾ ਜਾ ਰਿਹਾ ਹੈ ਤੇ ਚਿਤਾਵਨੀ ਮਿਲ ਰਹੀ ਹੈ ਮਾਹਿਰਾਂ ਵੱਲੋਂ ਕਿ ਜੇਕਰ ਪੰਜਾਬ ਦੇ ਪੰਜ ਦਰਿਆਵਾਂ (ਢਾਈ ਦਰਿਆਵਾਂ) ਦੀ ਧਰਤੀ ਪੰਜਾਬ ਦੇ ਪਾਣੀ ਦੀ ਇੰਜ ਹੀ ਵਰਤੋਂ ਹੁੰਦੀ ਰਹੀ, ਤਾਂ 21ਵੀਂ ਸਦੀ ਦੇ ਅੱਧ ਜਿਹੇ ਵਿਚ ਯਾਨੀ ਅਗਲੇ 20 ਵਰ੍ਹਿਆਂ ਵਿਚ ਹੀ ਪੰਜਾਬ ਦੀ ਧਰਤੀ ਮਾਰੂਥਲ ਬਣ ਜਾਏਗੀ।

ਉਂਞ ਪੰਜਾਬ ਹੀ ਨਹੀਂ, ਪੂਰਾ ਦੇਸ਼ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਨ 2021 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ 2004 ਤੋਂ 2017 ਦੇ ਵਿਚਕਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ 58 ਤੋਂ 63 ਫੀਸਦੀ ਵਧੀ ਹੈ। ਜੇਕਰ ਧਰਤੀ ਹੇਠਲੇ ਪਾਣੀ ਦੀ ਸਥਿਤੀ ਇਹੋ ਜਿਹੀ ਹੀ ਰਹੀ, ਤਾਂ ਪੀਣ ਵਾਲੇ ਪਾਣੀ ਦੀਆਂ ਪ੍ਰੇਸ਼ਾਨੀਆਂ 80 ਫੀਸਦੀ ਤੱਕ ਵਧ ਜਾਣਗੀਆਂ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਿੱਲਤ ਆ ਜਾਂਦੀ ਹੈ। ਪਾਣੀ ਲਈ ਹਿੰਸਕ ਝਗੜੇ ਹੁੰਦੇ ਹਨ। ਅਜਮੇਰ/ਰਾਜਸਥਾਨ ਦੇ ਇਕ ਵਕੀਲ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਸਾਧਨ ਹੋਣ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਲਈ ਪਾਣੀ ਦਾ ਵਾਜਬ ਪ੍ਰਬੰਧ ਨਹੀਂ ਕਰ ਸਕਿਆ।

ਹਾਲਾਤ ਪੰਜਾਬ 'ਚ ਵੀ ਚਿੰਤਾਜਨਕ ਹਨ। ਪੰਜਾਬ 'ਚ ਸਿੰਚਾਈ ਦੇ ਸਾਧਨਾਂ ਦਾ ਮੁੱਖ ਸਰੋਤ ਧਰਤੀ ਹੇਠਲਾ ਪਾਣੀ ਹੈ। ਨਹਿਰੀ ਪਾਣੀ ਦੀ ਵਰਤੋਂ ਪੂਰੀ ਤਰ੍ਹਾਂ ਨਹੀਂ ਹੋ ਰਹੀ। ਬਰਸਾਤੀ ਪਾਣੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਦੀਆਂ ਝੀਲਾਂ ਤੇ ਜਲਗਾਹ ਦਿਨ-ਬ-ਦਿਨ ਘੱਟ ਰਹੇ ਹਨ। ਵੰਡ ਤੋਂ ਬਾਅਦ ਇਨ੍ਹਾਂ ਦਾ ਰਕਬਾ ਅੱਧ ਫੀਸਦੀ ਤੋਂ ਵੀ ਘੱਟ ਹੈ। ਹਰੀਕੇ, ਰੋਪੜ, ਕਾਂਜਲੀ, ਰਣਜੀਤ ਸਾਗਰ ਅਤੇ ਨੰਗਲ ਦੀਆਂ ਝੀਲਾਂ ਵੱਲ ਤਾਂ ਥੋੜ੍ਹਾ ਧਿਆਨ ਦਿੱਤਾ ਜਾਂਦਾ ਹੈ ਪਰ ਕਾਹਨੂੰਵਾਨ ਛੰਭ, ਬਰੋਟਾ, ਲਹਿਲ ਕਲਾਂ ਵਰਗੀਆਂ ਝੀਲਾਂ ਨਜ਼ਰਅੰਦਾਜ਼ ਹਨ। ਪਿੰਡਾਂ ਵਿਚ ਛੱਪੜ, ਸ਼ਹਿਰਾਂ 'ਚ ਤਲਾਅ ਲਗਭਗ ਪੱਧਰੇ ਕਰ ਦਿੱਤੇ ਗਏ ਹਨ।

ਅਜੋਕੇ ਪੰਜਾਬ ਦੇ ਹਾਲਾਤ ਇਹ ਹਨ ਕਿ ਅਸੀਂ ਜਿੰਨਾ ਪਾਣੀ ਧਰਤੀ 'ਚੋਂ ਕੱਢਦੇ ਹਾਂ, ਉਹਦਾ ਅੱਧਾ-ਕੁ ਹੀ ਧਰਤੀ ਨੂੰ ਵਾਪਸ ਕਰਦੇ ਹਾਂ। ਰੀ-ਚਾਰਜਿੰਗ ਕਰਨਾ ਤਾਂ ਅਸੀਂ ਭੁੱਲ ਹੀ ਗਏ ਹਾਂ। ਰੀ-ਚਾਰਜਿੰਗ ਤਾਂ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਣ ਨਾਲ ਹੁੰਦੀ ਹੈ, ਜਦੋਂ ਇਹ ਪਾਣੀ ਧਰਤੀ ਦੀਆਂ ਪਰਤਾਂ ਵਿਚ ਦੀ ਛਣਕੇ ਐਕੂਈਫ਼ਰਜ਼ ਨੂੰ ਫਿਰ ਤੋਂ ਲਬਰੇਜ ਕਰਦਾ ਹੈ, ਪਰ ਅਸੀਂ ਧਰਤੀ ਹੇਠਲੇ ਪਾਣੀ ਦੇ ਪੱਤਣਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਸਿੱਟਾ ਖੂਹਾਂ ਦਾ ਮਿੱਠਾ ਪਾਣੀ ਜੋ ਤਿੰਨ-ਚਾਰ ਮੀਟਰ 'ਤੇ ਹੀ ਸਾਨੂੰ ਮਿਲ ਜਾਂਦਾ ਸੀ, ਹੁਣ ਉਸ ਲਈ ਤਾਂ ਅਸੀਂ ਜਿਵੇਂ ਤਰਸ ਹੀ ਗਏ ਹਾਂ।

ਪੰਜਾਬ ਦੇ ਖੇਤਾਂ ਦੀ 75 ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਇ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਂਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲ੍ਹਿਆਂ ਵਿਚੋਂ 18 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘੱਟ ਰਿਹਾ ਹੈ।

ਜਿਥੇ ਜੰਗਲਾਂ ਦੀ ਕਟਾਈ ਨੇ ਪੰਜਾਬ ਪਲੀਤ ਕੀਤਾ ਹੈ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਗੰਦੇ ਪਾਣੀ ਨੇ ਪੰਜਾਬ ਲਈ ਚੈਲਿੰਜ ਖੜ੍ਹੇ ਕੀਤੇ ਹੋਏ ਹਨ, ਉਥੇ ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਪੰਜਾਬ ਨੂੰ ਤਬਾਹੀ ਦੇ ਕੰਢੇ ਲੈ ਜਾ ਰਿਹਾ ਹੈ।

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60 ਫੀਸਦੀ ਤੇ ਚੌਲਾਂ ਦਾ 40 ਫੀਸਦੀ ਪੰਜਾਬ ਵਿਚ ਰਸਾਇਣਾਂ ਦੀ ਖੁਰਾਕ ਨਾਲ ਪੈਦਾ ਹੁੰਦਾ ਹੈ। ਰਸਾਇਣਕ ਖਾਦਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਨਾਉਣ ਦੇ ਨਾਲ-ਨਾਲ ਖੇਤੀ ਨੂੰ ਜੈਵਿਕ ਤੌਰ 'ਤੇ ਮਾਲਾਮਾਲ ਕਰਨ ਵਾਲੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾਂ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਆਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫਸਲਾਂ ਦੀਆਂ ਬੀਮਾਰੀਆਂ 'ਤੇ ਵੀ ਹੁਣ ਰਸਾਇਣ ਅਸਰ ਕਰਨੋਂ ਹੱਟ ਗਏ ਹਨ, ਜਿਸ ਕਰਕੇ ਹੋਰ ਵੀ ਮਹਿੰਗੇ ਨਵੇਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਨ੍ਹਾਂ ਰਸਾਇਣਾਂ ਨੇ ਕਈ ਥਾਈਂ ਭੂਮੀਗਤ ਪਾਣੀ ਸਲੂਣਾ ਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਰਸਾਇਣਕ ਖੇਤੀ ਨੇ ਪਾਣੀ ਤੇ ਹਵਾ-ਦੋਵਾਂ ਦੇ ਪ੍ਰਦੂਸ਼ਣ ਕਾਰਨ ਕੈਂਸਰ ਦੀ ਬਿਮਾਰੀ ਭਿਆਨਕ ਰੂਪ 'ਚ ਪੰਜਾਬ 'ਚ ਧਾਰਨ ਕਰ ਗਈ ਹੈ

ਪੰਜਾਬ 'ਚ ਲੋਕਾਂ ਦੀ ਜੀਵਨਸ਼ੈਲੀ ਬਦਲੀ ਹੈ। ਗੱਡੀਆਂ ਦੀ ਗਿਣਤੀ ਵਧੀ ਹੈ, ਟਰੈਫਿਕ ਵਧੀ ਹੈ, ਹਾਦਸੇ ਵਧੇ ਹਨ, ਏਅਰ ਕੰਡੀਸ਼ਨਰ ਵਧੇ ਹਨ। ਪਲਾਸਟਿਕ ਦੇ ਲਫ਼ਾਫ਼ੇ, ਬੋਤਲਾਂ, ਥੈਲੇ ਦੀ ਵਰਤੋਂ ਖ਼ਤਰਨਾਕ ਹੱਦ ਤੱਕ ਹੋਈ ਹੈ। ਪੱਛਮੀ ਤਰਜ਼ ਦੀਆਂ ਪੁਸ਼ਾਕਾਂ, ਡੱਬਾਬੰਦ ਭੋਜਨ, ਵਾਸ਼ਿੰਗ ਮਸ਼ੀਨਾਂ, ਡਰਾਇਰ ਆਦਿ ਨੇ ਸਾਡਾ ਰਹਿਣ-ਸਹਿਣ ਬਦਲ ਦਿੱਤਾ ਹੈ। ਕੋਠੀਆਂ 'ਚ ਪੱਥਰ ਦੀ ਵਰਤੋਂ ਨੇ ਹਰੇ-ਭਰੇ ਪੰਜਾਬ ਨੂੰ ਰੇਗਿਸਤਾਨ ਬਨਾਉਣ ਦੇ ਰਾਹੇ ਤੋਰ ਦਿੱਤਾ ਹੈ।

ਕਦੇ ਅਸੀਂ ਖੁਰਾਕੀ ਤੌਰ 'ਤੇ ਸਵੈ-ਨਿਰਭਰ ਸਾਂ। ਸਬਜ਼ੀਆਂ ਖੇਤਾਂ 'ਚ ਉਗਾਉਂਦੇ ਸਾਂ। ਫਲ ਸਾਡੀ ਚੰਗੀ ਪੈਦਾਵਾਰ ਸੀ। ਅੰਬਾਂ ਦੇ ਬਾਗ ਸਾਡੀ ਵਿਰਾਸਤ ਦਾ ਹਿੱਸਾ ਸਨ। ਮੱਕੀ, ਜੌਂ, ਜਵਾਰ, ਬਾਜਰਾ, ਗੰਨਾ, ਨਰਮਾ, ਦਾਲਾਂ, ਛੋਲੇ, ਅਸੀਂ ਆਪ ਉਗਾਉਂਦੇ ਸਾਂ। ਅੱਜ ਅਸੀਂ ਮਹਿੰਗੇ ਭਾਅ ਇਨ੍ਹਾਂ ਦੀ ਖਰੀਦ ਕਰਦੇ ਹਾਂ। ਕਿਉਂਕਿ ਅਸੀਂ ਫਸਲਾਂ 'ਤੇ ਬੀਜਾਂ ਲਈ ਦੂਸਰਿਆਂ 'ਤੇ ਨਿਰਭਰ ਹੋ ਗਏ ਹਾਂ।

ਆਧੁਨਿਕ ਜੀਵਨ ਸ਼ੈਲੀ ਨੇ ਭਾਵੇਂ ਸਾਨੂੰ ਸਹੂਲਤਾਂ ਦਿੱਤੀਆਂ ਹਨ ਪਰ ਸਾਡੇ ਲਈ ਕਈ ਹੋਰ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਹਵਾ ਦੀ ਪਲੀਤਗੀ ਉਨ੍ਹਾਂ 'ਚੋਂ ਇਕ ਹੈ। ਕਾਰਖਾਨਿਆਂ, ਭੱਠਿਆਂ ਅਤੇ ਬਿਜਲੀ ਇਕਾਈਆਂ 'ਚੋਂ ਨਿਕਲਦਾ ਕਾਲਾ ਧੂੰਆਂ ਹਵਾ ਪ੍ਰਦੂਸ਼ਣ 'ਚ ਜ਼ਿਆਦਾ ਯੋਗਦਾਨ ਪਾਉਂਦਾ ਹੈ। ਇਥੇ ਹੀ ਬੱਸ ਨਹੀਂ, ਪੰਜਾਬ ਦੇ ਸ਼ਹਿਰ ਇੰਨਾ ਕੂੜਾ-ਕਚਰਾ ਪੈਦਾ ਕਰਦੇ ਹਨ ਕਿ ਸਾਂਭਿਆ ਨਹੀਂ ਜਾ ਰਿਹਾ। ਮੱਖੀਆਂ-ਮੱਛਰਾਂ, ਕੀੜਿਆਂ-ਮਕੌੜਿਆਂ, ਚੂਹਿਆਂ ਦੀ ਭਰਮਾਰ ਹੋ ਗਈ ਹੈ। ਪਲਾਸਟਿਕ ਦੇ ਲਿਫ਼ਾਫ਼ੇ ਤੇ ਬੋਤਲਾਂ ਉੱਤੇ ਭਾਵੇਂ ਪਾਬੰਦੀ ਹੈ, ਪਰ ਇਨ੍ਹਾਂ ਦੀ ਵਰਤੋਂ ਸ਼ਰੇਆਮ ਹੈ।

ਸਾਡੇ ਪੁਰਖੇ ਸਾਡੇ ਲਈ ਖ਼ੂਬਸੂਰਤ ਜ਼ਮੀਨ ਤੇ ਪਾਣੀ ਦੀ ਵਿਰਾਸਤ ਛੱਡ ਕੇ ਗਏ ਪਰ ਅਸੀਂ ਆਪਣੀ ਅਗਲੀ ਪੀੜ੍ਹੀ ਪੱਲੇ ਬਦਬੂਦਾਰ ਵਿਗੜਿਆ ਵਾਤਾਵਰਣ ਪਾ ਰਹੇ ਹਾਂ। ਸਾਡੇ ਵੱਲੋਂ ਕੀਤੀ ਜਾ ਰਹੀ ਅਜੀਬ ਜਿਹੀ ਅਲਗਰਜ਼ੀ ਸਾਡੀ ਜ਼ਿੰਦਗੀ, ਰੋਜ਼ੀ-ਰੋਟੀ ਤੇ ਮਾਂ-ਭੋਇੰ ਨੂੰ ਬਹੁਤ ਭਾਰੀ ਪੈ ਰਹੀ ਹੈ। ਇਸ ਸਭ ਕੁਝ ਦਾ ਦੋਸ਼ ਸਾਡਾ ਸਭਨਾਂ ਦਾ ਸਾਂਝਾ ਹੈ। ਸਰਕਾਰ ਤੇ ਲੋਕਾਂ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਪੰਜਾਬ ਦੇ ਵਾਤਾਵਰਣ ਦੇ ਵਿਗਾੜ ਦਾ ਵੱਡਾ ਕਾਰਨ ਹੈ। ਅਸੀਂ ਸਭ ਕੁਝ ਸਮਝ ਕੇ ਵੀ ਅੱਖਾਂ ਮੀਟੀ ਬੈਠੇ ਹਾਂ। ਵਿਅਕਤੀ ਅਤੇ ਸਮੂਹਿਕ ਪੱਧਰ ਦੇ ਵਾਤਾਵਰਨ ਸੁਧਾਰ ਦੇ ਯਤਨਾਂ ਦੀ ਘਾਟ ਸਾਨੂੰ ਅੱਖਰਦੀ ਹੈ।

ਸਰਕਾਰੀ ਨੀਤੀਆਂ ਤੇ ਕਾਨੂੰਨ ਸਭ ਕਾਗਜ਼ੀ ਦਿਸ ਰਹੇ ਹਨ। ਇਕੱਲੇ ਇਕਹਿਰੇ ਯਤਨ ਪੰਜਾਬ ਦੇ ਵਿਗੜ ਰਹੇ ਵਾਤਾਵਰਣ ਨੂੰ ਸੁਆਰ ਨਹੀਂ ਸਕਦੇ। ਕਿਸੇ ਨੇ ਸੋਚਿਆ ਹੀ ਨਹੀਂ ਹੋਏਗਾ ਕਿ ਕਦੇ ਆਪਣੀ ਚੰਗੀ ਰਹਿਤਲ ਤੇ ਪਾਣੀਆਂ ਦੇ ਨਾਂ 'ਤੇ ਜਾਣੇ ਜਾਂਦੇ ਪੰਜਾਬ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਅਸੀਂ ਇਹ ਸਮਝ ਕਿਉਂ ਨਹੀਂ ਰਹੇ ਕਿ ਪੰਜਾਬ ਕੋਲ ਪਾਣੀ ਨੂੰ ਛੱਡ ਕੇ ਹੋਰ ਕੋਈ ਕੁਦਰਤੀ ਵਸੀਲਾ ਹੈ ਵੀ ਨਹੀਂ। ਪਾਣੀ ਜਾਂ ਤਾਂ ਮੁੱਕ ਰਿਹਾ ਹੈ ਜਾਂ ਜ਼ਹਿਰੀਲਾ ਹੋ ਰਿਹਾ ਹੈ ਤੇ ਜਾਂ ਇਸ 'ਤੇ ਸਿਆਸੀ ਸੰਨ੍ਹ ਲਾਈ ਜਾ ਰਹੀ ਹੈ। ਹਵਾ ਇਸ ਧਰਤੀ ਦੀ ਪ੍ਰਦੂਸ਼ਣੀ ਤੱਤਾਂ ਨਾਲ ਭਰੀ ਪਈ ਹੈ। ਹਰ ਸਾਲ ਪੰਜਾਬ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਪਤਾ ਨਹੀਂ ਕਿਉਂ ਫਿਰ ਵੀ ਅਸੀਂ ਇਸ ਸਥਿਤੀ ਤੋਂ ਭੈ-ਭੀਤ ਕਿਉਂ ਨਹੀਂ ਹੋ ਰਹੇ?

ਸਰਕਾਰਾਂ, ਸੰਸਥਾਵਾਂ, ਹਰ ਵਰ੍ਹੇ ਲੱਖਾਂ ਪੌਦੇ ਲਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਨ੍ਹਾਂ 'ਚੋਂ ਬਚਦੇ ਕਿੰਨੇ ਹਨ? ਜਿਸ ਢੰਗ ਨਾਲ ਪੰਜਾਬ ਤਬਾਹ ਹੋ ਰਿਹਾ ਹੈ, ਇਸ ਦਾ ਵਾਤਾਵਰਣ ਪਲੀਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਕਿੰਨੇ ਕੁ ਯਤਨ ਪੰਜਾਬ ਨੂੰ ਹਰਿਆ-ਭਰਿਆ ਰੱਖਣ ਲਈ ਸਾਡੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਕਰਦੀਆਂ ਹਨ? ਬਿਨਾਂ ਸ਼ੱਕ ਪਾਣੀ, ਹਵਾ, ਆਵਾਜ਼ ਪ੍ਰਦੂਸ਼ਨ ਵਰਗੇ ਪ੍ਰਦੂਸ਼ਨ ਦੇ ਨਾਲ-ਨਾਲ ਮਨਾਂ ਦੇ ਪ੍ਰਦੂਸ਼ਣ ਨੂੰ ਡੱਕਾ ਲਾਉਣ ਦੀ ਲੋੜ ਹੈ। ਨਰੋਇਆ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੇ ਨਾਹਰੇ ਪੰਜਾਬ ਦਾ ਕੁਝ ਸੁਆਰ ਨਹੀਂ ਸਕਦੇ, ਸਿਆਸੀ ਇੱਛਾ ਸ਼ਕਤੀ ਨਾਲ ਨਿੱਠ ਕੇ ਕੀਤੇ ਸਮੂਹਿਕ ਯਤਨ ਉਜੜ ਰਹੇ ਪੰਜਾਬ ਦੇ ਮੁੜ ਵਸੇਬੇ ਲਈ ਸਾਰਥਿਕ ਹੋ ਸਕਦੇ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਿੱਸਿਆਂ ਵਾਲੇ ਸਾਰੇ ਪ੍ਰੇਮੀਆਂ ਤੋਂ ਵੱਧ ਚਲਾਕ ਸੀ ਸੋਹਣੀ ਦਾ ਪ੍ਰੇਮੀ ਮਹੀਵਾਲ






ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲUSA


ਸੋਹਣੀ ਮਹੀਵਾਲ ਦਾ ਕਿੱਸਾ ਲਿਖਾਰੀ ਸੱਯਦ ਫਜ਼ਲ ਸ਼ਾਹ ਦੁਆਰਾ ਲਿਖਿਆ ਗਿਆ ਸੀ। ਸੋਹਣੀ ਮਹੀਵਾਲ ਸਮੇਤ ਪੰਜਾਬ ਦੀਆਂ ਚਾਰ ਦੁਖਾਂਤਕ ਪ੍ਰੇਮ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੱਸੀ ਪੁੰਨੂ ਹਨ। ਇਸ ਕਹਾਣੀ ਮੁਤਾਬਕ ਸੋਹਣੀ ਦਾ ਜਨਮ ਮੁਗਲ ਕਾਲ ਦੇ ਅੰਤਿਮ ਸਾਲਾਂ ਵਿਚ (18ਵੀਂ ਸਦੀ) ਪਾਕਿਸਤਾਨੀ ਪੰਜਾਬ ਦੇ ਸ਼ਹਿਰ ਗੁਜਰਾਤ ਦੇ ਵਸਨੀਕ ਤੁੱਲੇ ਘੁਮਿਆਰ ਦੇ ਘਰ ਹੋਇਆ ਸੀ। ਕਹਿੰਦੇ ਹਨ ਕਿ ਤੁੱਲੇ ਦੀ ਦੁਕਾਨ ਗੁਜਰਾਤ ਦੀ ਪ੍ਰਸਿੱਧ ਇਮਾਰਤ ਰਾਮ ਪਿਆਰੀ ਮਹਿਲ ਦੇ ਨਜ਼ਦੀਕ ਸੀ। ਸੋਹਣੀ ਬਹੁਤ ਹੀ ਜ਼ਿਆਦਾ ਖੂਬਸੂਰਤ ਅਤੇ ਸਲੀਕੇ ਵਾਲੀ ਸੀ। ਜਦੋਂ ਉਹ ਮੁਟਿਆਰ ਹੋ ਗਈ ਤਾਂ ਮਿੱਟੀ ਦੇ ਭਾਂਡਿਆਂ ’ਤੇ ਰੰਗ ਬਿਰੰਗੇ ਵੇਲ ਬੂਟੇ ਬਣਾ ਕੇ ਆਪਣੇ ਬਾਪ ਦੀ ਮਦਦ ਕਰਨ ਲੱਗ ਪਈ। ਉਸ ਵੱਲੋਂ ਖਾਸ ਤੌਰ ’ਤੇ ਸੁਰਾਹੀਆਂ ’ਤੇ ਪਾਏ ਸੁੰਦਰ ਡਿਜ਼ਾਈਨ ਸ਼ੌਕੀਨਾਂ ਦਾ ਮਨ ਮੋਹ ਲੈਂਦੇ ਸਨ। ਸੋਹਣੀ ਦੇ ਹੁਸਨ ਦਾ ਝਲਕਾਰਾ ਪਾਉਣ ਲਈ ਮਨਚਲਿਆਂ ਦੀ ਆਮਦੋ ਰਫਤ ਦੁਕਾਨ ’ਤੇ ਲੱਗੀ ਰਹਿੰਦੀ ਸੀ ਪਰ ਸੋਹਣੀ ਕਿਸੇ ਨੂੰ ਘਾਹ ਨਹੀਂ ਸੀ ਪਾਉਂਦੀ।

ਮਹੀਵਾਲ ਦਾ ਅਸਲ ਨਾਮ ਇੱਜ਼ਤ ਬੇਗ ਸੀ ਤੇ ਉਹ ਬੁਖਾਰਾ (ਉਜ਼ਬੇਕਿਸਤਾਨ) ਦੇ ਰਹਿਣ ਵਾਲੇ ਇੱਕ ਅਮੀਰ ਵਪਾਰੀ ਦਾ ਬੇਟਾ ਸੀ। ਦਿੱਲੀ ਤੋਂ ਖਰੀਦੋ ਫਰੋਖਤ ਕਰਕੇ ਬੁਖਾਰਾ ਵਾਪਸ ਜਾਂਦਾ ਹੋਇਆ ਉਹ ਆਪਣੇ ਕਾਫਲੇ ਸਮੇਤ ਕੁਝ ਦਿਨ ਆਰਾਮ ਕਰਨ ਲਈ ਗੁਜਰਾਤ ਠਹਿਰ ਗਿਆ। ਆਪਣੇ ਸੰਗੀ ਸਾਥੀਆਂ ਪਾਸੋਂ ਸੋਹਣੀ ਦੇ ਹੁਸਨ ਦੇ ਚਰਚੇ ਸੁਣ ਕੇ ਉਹ ਵੀ ਇੱਕ ਦਿਨ ਤੁੱਲੇ ਦੇ ਚੱਕ ’ਤੇ ਪਹੁੰਚ ਗਿਆ। ਸੋਹਨੀ ਦੇ ਹੁਸਨ ਨੇ ਉਸ ਨੂੰ ਅਜਿਹਾ ਡੰਗ ਮਾਰਿਆ ਕਿ ਉਹ ਗੁਜਰਾਤ ਦਾ ਹੀ ਹੋ ਕੇ ਰਹਿ ਗਿਆ। ਸੋਹਣੀ ਦੀ ਇੱਕ ਝਲਕ ਪਾਉਣ ਲਈ ਉਹ ਰੋਜ਼ਾਨਾ ਦੁਕਾਨ ’ਤੇ ਪਹੁੰਚ ਜਾਂਦਾ ਤੇ ਹੌਲੀ-ਹੌਲੀ ਸੋਹਣੀ ਵੀ ਉਸ ਵੱਲ ਖਿਚੀ ਗਈ। ਸੋਹਣੀ ਦੇ ਇਸ਼ਕ ਵਿਚ ਗ੍ਰਿਫਤਾਰ ਹੋਏ ਇੱਜ਼ਤ ਬੇਗ ਨੇ ਸਾਰਾ ਪੈਸਾ ਟਕਾ ਭਾਂਡੇ ਖਰੀਦਣ ’ਤੇ ਲੁਟਾ ਦਿੱਤਾ। ਜਦੋਂ ਪੈਸੇ ਖਤਮ ਹੋ ਗਏ ਤਾਂ ਉਹ ਬੁਖਾਰਾ ਵਾਪਸ ਜਾਣ ਦੀ ਬਜਾਏ ਸੋਹਣੀ ਦੇ ਘਰ ਹੀ ਮੱਝਾਂ ਚਾਰਨ ਲਈ ਨੌਕਰ ਹੋ ਗਿਆ। ਮੱਝਾਂ (ਮਾਝੇ ਦੀ ਬੋਲੀ ਵਿਚ ਮਹੀਆਂ) ਚਾਰਨ ਕਾਰਨ ਉਸ ਦਾ ਨਾਮ ਮਹੀਵਾਲ ਪੈ ਗਿਆ। ਜਦੋਂ ਤੁੱਲੇ ਨੂੰ ਇਸ ਪ੍ਰੇਮ ਕਹਾਣੀ ਬਾਰੇ ਭਿਣਕ ਲੱਗੀ, ਤਾਂ ਉਸ ਨੇ ਬਦਨਾਮੀ ਤੋਂ ਡਰਦਿਆਂ ਜਲਦੀ-ਜਲਦੀ ਸੋਹਣੀ ਦਾ ਵਿਆਹ ਚਨਾਬ ਤੋਂ ਪਾਰ ਕਿਸੇ ਪਿੰਡ ਆਪਣੀ ਬਰਾਦਰੀ ਦੇ ਲੜਕੇ ਨਾਲ ਕਰ ਦਿੱਤਾ।

ਫੱਟ ਖਾਧਾ ਆਸ਼ਕ ਮਹੀਵਾਲ ਵੀ ਸੋਹਣੀ ਦੀ ਪੈੜ ਨੱਪਦਾ ਉਸ ਦੇ ਸਹੁਰੇ ਪਿੰਡ ਪਹੁੰਚ ਗਿਆ। ਉਸ ਨੇ ਇੱਕ ਦਿਨ ਫਕੀਰ ਬਣ ਕੇ ਸੋਹਣੀ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਮਿਲਣ ਦਾ ਤਰੀਕਾ ਸਮਝਾ ਕੇ ਚਨਾਬ ਦੇ ਪਰਲੇ ਕਿਨਾਰੇ ਝੁੱਗੀ ਬਣਾ ਕੇ ਰਹਿਣ ਲੱਗ ਪਿਆ। ਸੋਹਣੀ ਦਾ ਪਤੀ ਸਿੱਧਾ-ਸਾਦਾ ਬੰਦਾ ਸੀ ਤੇ ਕਾਰੋਬਾਰ ਕਾਰਨ ਬਹੁਤਾ ਘਰੋਂ ਬਾਹਰ ਹੀ ਰਹਿੰਦਾ ਸੀ। ਉਸ ਦੀ ਗੈਰਹਾਜ਼ਰੀ ਵਿਚ ਸੋਹਣੀ ਰਾਤਾਂ ਨੂੰ ਘੜੇ ਰਾਹੀਂ ਦਰਿਆ ਪਾਰ ਕਰ ਕੇ ਮਹੀਵਾਲ ਨੂੰ ਮਿਲਣ ਚਲੀ ਜਾਂਦੀ ਸੀ। ਪਿੰਡਾਂ ਵਿਚ ਅਜਿਹੀਆਂ ਗੱਲਾਂ ਕਿੱਥੇ ਛਿਪਦੀਆਂ ਹਨ। ਜਦੋਂ ਆਂਢ-ਗੁਆਂਢ ਘੁਸਰ-ਮੁਸਰ ਸ਼ੁਰੂ ਹੋ ਗਈ, ਤਾਂ ਸੋਹਣੀ ਦੀ ਨਨਾਣ ਨੂੰ ਵੀ ਉਸ ਦੀਆਂ ਹਰਕਤਾਂ ’ਤੇ ਸ਼ੱਕ ਹੋ ਗਿਆ। ਇੱਕ ਕਾਲੀ ਬੋਲੀ ਰਾਤ ਉਸ ਨੇ ਸੋਹਣੀ ਦਾ ਪਿੱਛਾ ਕੀਤਾ ਅਤੇ ਲੁਕ-ਛਿਪ ਕੇ ਘੜਾ ਰੱਖਣ ਵਾਲਾ ਟਿਕਾਣਾ ਵੀ ਵੇਖ ਲਿਆ। ਉਸ ਨੇ ਪਰਿਵਾਰ ਨੂੰ ਬਦਨਾਮੀ ਤੋਂ ਬਚਾਉਣ ਲਈ ਸੋਹਣੀ ਦਾ ਫਸਤਾ ਵੱਢਣ ਦਾ ਫੈਸਲਾ ਕਰ ਲਿਆ। ਇੱਕ ਦਿਨ ਉਸ ਨੇ ਗੁਪਤ ਤੌਰ ’ਤੇ ਪੱਕੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਕੱਚੇ ਘੜੇ ’ਤੇ ਹੀ ਦਰਿਆ ਵਿਚ ਠਿੱਲ ਪਈ। ਬਰਸਾਤਾਂ ਕਾਰਨ ਦਰਿਆ ਚੜ੍ਹਿਆ ਹੋਇਆ ਸੀ, ਕੱਚਾ ਘੜਾ ਖੁਰਨ ਲੱਗ ਪਿਆ ਤੇ ਸੋਹਣੀ ਗੋਤੇ ਖਾਣ ਲੱਗੀ। ਮਹੀਵਾਲ ਨੇ ਉਸ ਨੂੰ ਬਚਾਉਣ ਲਈ ਪਾਣੀ ਵਿਚ ਛਾਲ ਮਾਰ ਦਿੱਤੀ ਪਰ ਆਫਰੇ ਹੋਏ ਦਰਿਆ ਅੱਗੇ ਉਸ ਦੀ ਕੋਈ ਵਾਹ ਨਾ ਚੱਲੀ ਤੇ ਦੋਵੇਂ ਡੁੱਬ ਕੇ ਮਰ ਗਏ।

ਸੱਯਦ ਫਜ਼ਲ ਸ਼ਾਹ ਦੇ ਕਿੱਸੇ ਵਿਚ ਕਈ ਗੰਭੀਰ ਉਕਾਈਆਂ ਹਨ। ਮਹੀਵਾਲ ਜੇ ਵਪਾਰ ਕਰਕੇ ਦਿੱਲੀ ਤੋਂ ਬੁਖਾਰੇ ਜਾ ਰਿਹਾ ਸੀ, ਤਾਂ ਉਸ ਦਾ ਗੁਜਰਾਤ ਜਾਣ ਦਾ ਕੋਈ ਕਾਰਨ ਨਹੀਂ ਬਣਦਾ। ਗੁਜਰਾਤ ਬਾਦਸ਼ਾਹ ਅਕਬਰ ਨੇ ਵਸਾਇਆ ਸੀ ਤੇ ਉਸ ਵੇਲੇ ਇੱਕ ਛੋਟਾ ਜਿਹਾ ਕਸਬਾ ਸੀ। ਇਹ ਪਾਕਿਸਤਾਨ ਦੇ ਉੱਤਰ ਵੱਲ ਜੰਮੂ ਤੋਂ ਕਰੀਬ 75 ਕਿ.ਮੀ. ਦੂਰੀ ’ਤੇ ਹੈ। ਇਹ ਦਿੱਲੀ - ਕਾਬਲ - ਬੁਖਾਰਾ ਜਾਂ ਹੋਰ ਕਿਸੇ ਵੀ ਵਪਾਰਕ ਸ਼ਾਹਰਾਹ ’ਤੇ ਨਹੀਂ ਪੈਂਦਾ। ਕਿਹਾ ਜਾਂਦਾ ਹੈ ਕਿ ਸੋਹਣੀ ਮਾਹੀਵਾਲ ਦੀਆਂ ਲਾਸ਼ਾਂ ਹੈਦਰਾਬਾਦ (ਸਿੰਧ, ਪਾਕਿਸਤਾਨ) ਤੋਂ 75 ਕਿ.ਮੀ. ਦੂਰ ਸ਼ਾਹਦਾਦਪੁਰ ਨੇੜਿਉਂ ਸਿੰਧ ਦਰਿਆ ’ਚੋਂ ਮਿਲੀਆਂ ਸਨ। ਸੋਹਣੀ ਦਾ ਮਕਬਰਾ ਸ਼ਾਹਦਾਦਪੁਰ ਦੇ ਸ਼ਾਹਪੁਰ ਚੱਕਰ ਰੋਡ ’ਤੇ ਬਣਿਆ ਹੋਇਆ ਹੈ। ਇਹ ਵੀ ਸੰਭਵ ਨਹੀਂ ਹੈ ਕਿਉਂਕਿ ਸੋਹਣੀ ਮਹੀਵਾਲ ਚਨਾਬ ਦਰਿਆ ਵਿਚ ਡੁੱਬ ਕੇ ਮਰੇ ਸਨ। ਚਨਾਬ ਸਤਲੁਜ ਵਿਚ ਅਤੇ ਸਤਲੁਜ ਸਿੰਧ ਦਰਿਆ ਵਿਚ ਡਿੱਗਦਾ ਹੈ। ਗੁਜਰਾਤ ਤੋਂ ਸ਼ਾਹਦਾਦਪੁਰ ਦਾ ਫਾਸਲਾ 1250 ਕਿ.ਮੀ. ਦੇ ਕਰੀਬ ਹੈ। ਲਾਸ਼ਾਂ ਨੂੰ ਐਨੀ ਦੂਰ ਪਹੁੰਚਦੇ-ਪਹੁੰਚਦੇ ਕਈ ਮਹੀਨੇ ਲੱਗ ਜਾਣੇ ਸਨ ਤੇ ਰਸਤੇ ਵਿਚ ਹੀ ਗਲ-ਸੜ ਜਾਣੀਆਂ ਸਨ।

ਸੋਹਣੀ ਦਾ ਬਾਪ ਤੁੱਲਾ ਵੀ ਲਾਲਚੀ ਕਿਸਮ ਦਾ ਇਨਸਾਨ ਲੱਗਦਾ ਹੈ। ਜਦੋਂ ਤੱਕ ਮਹੀਵਾਲ ਮਿੱਟੀ ਦੇ ਭਾਂਡੇ ਸੋਨੇ ਦਾ ਭਾਅ ਖਰੀਦਦਾ ਰਿਹਾ, ਉਹ ਚੁੱਪ ਰਿਹਾ। ਪਰ ਜਦ ਉਸ ਨੇ ਵੇਖਿਆ ਕਿ ਉਹ ਮਲੰਗ ਹੋ ਗਿਆ ਹੈ ਤੇ ਮੱਝਾਂ ਚਾਰਨ ਲੱਗ ਗਿਆ ਹੈ, ਉਸ ਨੇ ਸੋਹਣੀ ਦਾ ਰਿਸ਼ਤਾ ਮਹੀਵਾਲ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ। ਲੱਗਦਾ ਹੈ ਕਿ ਮਹੀਵਾਲ ਕਮਜ਼ੋਰ ਅਤੇ ਡਰਪੋਕ ਕਿਸਮ ਦਾ ਇਨਸਾਨ ਸੀ। ਉਸ ਨੇ ਕਦੇ ਵੀ ਸੋਹਣੀ ਨੂੰ ਭਜਾ ਕੇ ਬੁਖਾਰੇ ਲਿਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਹਾਲਾਂਕਿ ਉਹ ਤੁੱਲੇ ਦੀਆਂ ਮੱਝਾਂ ਚਾਰਦਾ ਸੀ ਤੇ ਉਸੇ ਦੇ ਘਰ ਰਹਿੰਦਾ ਸੀ। ਜਦੋਂ ਸੋਹਣੀ ਵਿਆਹੀ ਗਈ, ਤਾਂ ਮਹੀਵਾਲ ਵੀ ਢੀਠਾਂ ਵਾਂਗ ਪਿੱਛੇ-ਪਿੱਛੇ ਉਸ ਦੇ ਪਿੰਡ ਪਹੁੰਚ ਗਿਆ। ਉਸ ਨੂੰ ਇਲਮ ਸੀ ਕਿ ਜੇ ਉਸ ਨੇ ਸੋਹਣੀ ਦੇ ਪਿੰਡ ਵਿਚ ਰਹਿ ਕੇ ਮੇਲ ਮਿਲਾਪ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਜ਼ਰੂਰ ਹੀ ਕਿਸੇ ਦਿਨ ਉਸ ਦੀ ਗਿੱਦੜ ਕੁੱਟ ਹੋ ਜਾਵੇਗੀ। ਇਸ ਲਈ ਉਸ ਨੇ ਦਰਿਆ ਦੇ ਦੂਸਰੇ ਕਿਨਾਰੇ ਝੁੱਗੀ ਪਾ ਲਈ। ਸੋਹਣੀ ਚੰਗੀ ਤਰ੍ਹਾਂ ਤੈਰਨਾ ਨਹੀਂ ਸੀ ਜਾਣਦੀ। ਇਸ ਦੇ ਬਾਵਜੂਦ ਉਹ ਆਪ ਦਰਿਆ ਪਾਰ ਕਰਕੇ ਇਸ ਪਾਰ ਆਉਣ ਦੀ ਬਜਾਏ ਸੋਹਣੀ ਨੂੰ ਹੀ ਉਸ ਪਾਰ ਆਉਣ ਲਈ ਮਜਬੂਰ ਕਰਦਾ ਸੀ।

ਇਹ ਵੀ ਲੱਗਦਾ ਹੈ ਕਿ ਮਹੀਵਾਲ ਕੋਈ ਬਹੁਤਾ ਅਮੀਰ ਆਦਮੀ ਨਹੀਂ ਸੀ। ਜੇ ਉਹ ਬੁਖਾਰੇ ਦੇ ਕਿਸੇ ਅਮੀਰ ਵਪਾਰੀ ਦਾ ਪੁੱਤਰ ਹੁੰਦਾ ਤਾਂ ਉਸ ਦੇ ਵਾਰਸ ਉਸ ਨੂੰ ਲੱਭਣ ਲਈ ਨਾ ਆਉਂਦੇ? ਉਸ ਨੂੰ ਬਲੋਚਾਂ ਦੁਆਰਾ ਪੁੰਨੂ ਨੂੰ ਬੰਨ੍ਹ ਕੇ ਲਿਜਾਣ ਵਾਂਗ ਧੂਹ ਕੇ ਨਾ ਲੈ ਜਾਂਦੇ? ਉਸ ਦੇ ਪਿੱਛੇ ਤਾਂ ਕੋਈ ਵੀ ਨਾ ਆਇਆ। ਉਸ ਨੂੰ ਝੁੱਗੀ ਪਾ ਕੇ ਸੋਹਣੀ ਦੇ ਪਿੰਡ ਬੈਠਣ ਦੀ ਵੀ ਕੋਈ ਜ਼ਰੂਰਤ ਨਹੀਂ ਸੀ। ਉਸ ਕੋਲ ਸੋਹਣੀ ਨੂੰ ਕੱਢ ਕੇ ਲੈ ਜਾਣ ਦਾ ਬਹੁਤ ਸਮਾਂ ਸੀ। ਸੋਹਣੀ ਦਾ ਪਤੀ ਤਾਂ ਕੰਮ ਧੰਦੇ ਕਾਰਨ ਕਈ-ਕਈ ਹਫਤੇ ਘਰ ਨਹੀਂ ਸੀ ਵੜਦਾ। ਉਸ ਦੇ ਵਾਪਸ ਆਉਣ ਤੱਕ ਤਾਂ ਉਨ੍ਹਾਂ ਨੇ ਪੇਸ਼ਾਵਰ ਵੀ ਟੱਪ ਜਾਣਾ ਸੀ। ਉਹ ਡਰਪੋਕ ਤੇ ਅੱਯਾਸ਼ ਕਿਸਮ ਦਾ ਆਦਮੀ ਸੀ। ਉਸ ਨੇ ਨਾ ਤਾਂ ਮਿਰਜ਼ੇ ਵਾਂਗ ਸੋਹਣੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਰਾਂਝੇ ਵਾਂਗ ਅਦਾਲਤ ਰਾਹੀਂ ਪ੍ਰਾਪਤ ਕੀਤਾ। ਉਹ ਚੁੱਪ ਕਰਕੇ ਅੱਯਾਸ਼ੀ ਕਰਦਾ ਰਿਹਾ ਤੇ ਮੱਛੀਆਂ ਭੁੰਨ-ਭੁੰਨ ਖਾਂਦਾ ਰਿਹਾ।

ਸੋਹਣੀ ਚਾਹੇ ਜਿੰਨੀ ਵੀ ਚਲਾਕੀ ਵਰਤਦੀ, ਪਰ ਇਹ ਸੰਭਵ ਨਹੀਂ ਸੀ ਕਿ ਉਹ ਦਰਿਆ ਦੇ ਪਾਰ ਆਵੇ-ਜਾਵੇ ਤੇ ਕਿਸੇ ਦੀ ਨਜ਼ਰ ਨਾ ਚੜ੍ਹੇ। ਉਹ ਘਰ ਵਾਪਸ ਆ ਕੇ ਆਪਣੇ ਗਿੱਲੇ ਕੱਪੜੇ ਕਿਵੇਂ ਸੁਕਾਉਂਦੀ ਹੋਵੇਗੀ? ਪਰਿਵਾਰ ਵਾਲੇ ਨਹੀਂ ਪੁੱਛਦੇ ਹੋਣਗੇ ਕਿ ਤੇਰੇ ਕੱਪੜੇ ਰੋਜ਼ ਰਾਤ ਨੂੰ ਗਿੱਲੇ ਕਿਵੇਂ ਹੋ ਜਾਂਦੇ ਹਨ? ਸੋਹਣੀ ਸਾਰੀ ਉਮਰ ਭਾਂਡੇ ਬਣਾਉਂਦੀ ਰਹੀ ਸੀ, ਇਹ ਨਹੀਂ ਹੋ ਸਕਦਾ ਹੈ ਕਿ ਉਸ ਨੂੰ ਪਤਾ ਨਾ ਲੱਗਾ ਹੋਵੇ ਕਿ ਘੜਾ ਕੱਚਾ ਹੈ। ਲੱਗਦਾ ਹੈ ਕਿ ਉਹ ਮਹੀਵਾਲ ਦੇ ਪ੍ਰੇਮ ਵਿਚ ਅੰਨ੍ਹੀ ਹੋ ਕੇ ਕੱਚੇ ਘੜੇ ’ਤੇ ਹੀ ਹੜ੍ਹ ਆਏ ਦਰਿਆ ਵਿਚ ਠਿੱਲ੍ਹ ਪਈ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ।

---

ਸਫਾ 1 ਦਾ ਬਾਕੀ

## ਪੰਜਾਬ ’ਚ ਜਲਦ ਹੋ ਸਕਦੀਆਂ ਨੇ ਨਿਗਮ ਚੋਣਾਂ

ਪੰਚਾਇਤਾਂ ਵਿਚ 1.34 ਕਰੋੜ ਵੋਟਰ ਹਨ। ਹਾਲਾਂਕਿ ਇਹ ਗਿਣਤੀ ਵਧ ਸਕਦੀ ਹੈ। ਹਾਲਾਂਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਗ੍ਰਾਮ ਪੰਚਾਇਤ ਅਤੇ ਨਗਰ ਨਿਗਮ ਚੋਣਾਂ ਇੱਕੋ ਸਮੇਂ ਹੋਣਗੀਆਂ ਜਾਂ ਨਹੀਂ। ਜਾਣਕਾਰੀ ਅਨੁਸਾਰ ਸਰਕਾਰ ਨੇ ਨਗਰ ਨਿਗਮ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਤਰ ਦੱਸਦੇ ਹਨ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੀ ਪਾਰਟੀ ਅੰਦਰ ਚੋਣਾਂ ਦੀਆਂ ਤਿਆਰੀਆਂ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਵਿਧਾਨ ਸਭਾ ਦੀਆਂ 4 ਉਪ ਚੋਣਾਂ ਤੋਂ ਪਹਿਲਾਂ ਹੀ ਨਗਰ ਨਿਗਮ ਚੋਣਾਂ ਵੀ ਕਰਵਾ ਸਕਦੀ ਹੈ। ਸਰਕਾਰ ਦੇ ਸਾਹਮਣੇ ਸਮੱਸਿਆ ਇਹ ਹੈ ਕਿ ਇਸ ਵੇਲੇ ਬਰਸਾਤ ਦਾ ਮੌਸਮ ਹੈ, ਜਿਸ ਕਾਰਨ ਸ਼ਹਿਰੀ ਖੇਤਰਾਂ ਵਿਚ ਸੜਕਾਂ ਅਤੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੈ। ਅਜਿਹੇ ਸਮੇਂ ’ਚ ਸਰਕਾਰ ਚੋਣਾਂ ਕਰਵਾਉਣ ਦਾ ਜ਼ੋਖਮ ਨਹੀਂ ਉਠਾਉਣਾ ਚਾਹੁੰਦੀ। ਇਹੀ ਕਾਰਨ ਹੈ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਹੁਣ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਵਿਕਾਸ ਕਾਰਜਾਂ ਸਬੰਧੀ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਤਾਂ ਜੋ ਚੋਣਾਂ ਤੋਂ ਪਹਿਲਾਂ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਇਆ ਜਾ ਸਕੇ।

ਸਫਾ 1 ਦਾ ਬਾਕੀ

## ਟਰੰਪ ’ਤੇ ਦੁਬਾਰਾ ਹਮਲੇ ਦੀ ਸਾਜ਼ਿਸ਼?

ਤੁਰੰਤ ਇਕੱਠੇ ਹੋਏ, ਜਿਨ੍ਹਾਂ ਵਿਚੋਂ ਬਹੁਤਿਆਂ ਨੇ ਸੰਮੇਲਨ ਕਾਰਨ ਸ਼ਹਿਰ ਵਿਚ ਪੁਲਿਸ ਵਿਭਾਗ ਦੀ ਸ਼ਮੂਲੀਅਤ ਬਾਰੇ ਨਾਰਾਜ਼ਗੀ ਜ਼ਾਹਰ ਕੀਤੀ। ਘਟਨਾ ਸਥਾਨ ’ਤੇ ਦਰਜਨਾਂ ਪੁਲਿਸ ਅਧਿਕਾਰੀ ਪੁਲਿਸ ਟੇਪ ਦੇ ਪਿੱਛੇ ਖੜ੍ਹੇ ਸਨ ਅਤੇ ਜੋ ਕੁਝ ਹੋਇਆ ਸੀ ਉਸ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਰਹੇ ਸਨ।

ਇਸ ਸਥਾਨ ਦੇ ਨਜ਼ਦੀਕ ਹੀ ਪੁਲਿਸ ਨੇ ਇਕ

ਸਫਾ 1 ਦਾ ਬਾਕੀ

## ਕੈਨੇਡਾ ’ਚ ਨਵੇਂ ਪ੍ਰਵਾਸੀਆਂ ਨੂੰ ਬੇਰੁਜ਼ਗਾਰੀ ਤੋਂ ਬਾਅਦ ਇੱਕ...

ਪਿਛਲੇ ਸਾਲ 4 ਪ੍ਰਤੀਸ਼ਤ ਦੇ ਕਰੀਬ ਸੀ। ਇੰਨਾ ਹੀ ਨਹੀਂ, ਜੇਕਰ ਅਸੀਂ ਸਮੁੱਚੇ ਤੌਰ ’ਤੇ ਦੇਖੀਏ ਤਾਂ ਕੈਨੇਡਾ ’ਚ 6.4 ਫੀਸਦੀ ਬੇਰੁਜ਼ਗਾਰੀ ਦਰ ਹੈ। ਇਸ ਨਾਲ ਕੈਨੇਡੀਅਨ ਮੂਲ ਦੇ ਨਾਗਰਿਕਾਂ ਵਿਚ ਵੀ ਬੇਰੁਜ਼ਗਾਰੀ ਦੀ ਦਰ ਵੱਧ ਗਈ ਹੈ। ਇੱਕ ਦਹਾਕੇ ਬਾਅਦ, ਉਨ੍ਹਾਂ ਦੇ ਬੇਰੁਜ਼ਗਾਰ ਲੋਕਾਂ ਦੀ ਦਰ ਸਭ ਤੋਂ ਵੱਧ ਹੈ। 30 ਪ੍ਰਤੀਸ਼ਤ ਭਾਰਤੀਆਂ ਨੇ ਪਿਛਲੇ ਪੰਜ ਸਾਲਾਂ ਵਿਚ ਪੀ.ਆਰ. ਨਾਲ ਸਮਝੌਤਾ ਕੀਤਾ ਹੈ। ਇੱਥੋਂ ਤੱਕ ਕਿ ਕੈਨੇਡਾ ਵਿਚ ਪੀ.ਆਰ. ਪ੍ਰਾਪਤ ਕਰਨ ਵਾਲੇ ਭਾਰਤੀਆਂ ਨੂੰ ਹੁਣ ਨੌਕਰੀ ਲੈਣ ਜਾਂ ਨਾ ਪੁੱਛਣ ਲਈ ਬਹੁਤ ਉਲਝਣ ਹੈ। ਅੰਕੜਿਆਂ ਅਨੁਸਾਰ, ਹਾਲ ਹੀ ਵਿਚ ਪੱਕੇ ਵਸਨੀਕ ਬਣੇ ਲੋਕਾਂ ਨੇ ਵੀ ਆਪਣਾ ਪੀ.ਆਰ. ਦਰਜਾ ਛੱਡ ਦਿੱਤਾ ਹੈ। ਹਾਲਾਂਕਿ ਸਾਲ 2023 ’ਚ 4 ਲੱਖ 71 ਹਜ਼ਾਰ 810 ਨਵੇਂ ਪੀ.ਆਰ. ਸਟੇਟਸ ਦਿੱਤੇ ਗਏ ਸਨ, ਜਿਨ੍ਹਾਂ ’ਚੋਂ 1 ਲੱਖ 39 ਹਜ਼ਾਰ 785 ਭਾਰਤੀ ਸਨ। ਭਾਵ ਪੀ.ਆਰ. ਪ੍ਰਾਪਤ ਕਰਨ ਵਾਲਿਆਂ ਵਿਚ 30 ਫੀਸਦੀ ਭਾਰਤੀ ਸਨ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ ਕੁੱਲ ਲੋਕਾਂ ਨੂੰ ਅਲਾਟ ਕੀਤੇ ਗਏ ਪੀ.ਆਰ. ਸਟੇਟਸ ਦਾ 28 ਫੀਸਦੀ ਭਾਰਤੀ ਹਨ। ਲੇਬਰ ਡਿਪਾਰਟਮੈਂਟ ਦੀ ਰਿਪੋਰਟ ਅਨੁਸਾਰ, ਇਕੱਲੇ ਜੂਨ 2024 ਦੇ ਮਹੀਨੇ ਵਿਚ ਇੱਥੇ 1.4 ਮਿਲੀਅਨ ਬੇਰੁਜ਼ਗਾਰ ਦੇਖੇ ਗਏ ਸਨ। ਪਿਛਲੇ ਮਹੀਨੇ ਦੇ ਮੁਕਾਬਲੇ 42 ਹਜ਼ਾਰ ਲੋਕਾਂ ਦੀ ਬੇਰੁਜ਼ਗਾਰੀ ਵਧੀ ਹੈ, ਯਾਨੀ ਕਿ 3.1 ਫੀਸਦੀ ਦਾ ਵਾਧਾ ਹੋਇਆ ਹੈ। ਨੌਜਵਾਨ ਕੈਨੇਡੀਅਨਾਂ ਵਿਚ, 13.5 ਪ੍ਰਤੀਸ਼ਤ ਬੇਰੁਜ਼ਗਾਰ ਹਨ, ਜਿਨ੍ਹਾਂ ਦੀ ਉਮਰ 15 ਤੋਂ 24 ਸਾਲ ਦੇ ਵਿਚਕਾਰ ਹੈ। ਨਾਲ ਹੀ, 24 ਤੋਂ 54 ਸਾਲ ਦੀ ਉਮਰ ਦੇ ਕਾਲੇ ਕੈਨੇਡੀਅਨਾਂ ਵਿਚ, ਬੇਰੁਜ਼ਗਾਰੀ ਦਰ 11.9 ਪ੍ਰਤੀਸ਼ਤ ਹੈ। ਆਊਟਲੈਟ ਬੈਟਰ ਡਵੈਲਿੰਗ ਨੇ ਕਿਹਾ ਕਿ ਸਮੱਸਿਆ ਇਹ ਨਹੀਂ ਹੈ ਕਿ ਕੈਨੇਡਾ ਵਿਚ ਨੌਕਰੀਆਂ ਖਤਮ ਹੋ ਗਈਆਂ ਹਨ, ਪਰ ਇਹ ਹੈ ਕਿ ਅਚਾਨਕ ਪ੍ਰਵਾਸੀਆਂ ਦੀ ਗਿਣਤੀ ਇੰਨੀ ਵੱਧ ਗਈ ਹੈ ਕਿ ਲੋਕਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਵਿਚ ਮੁਸ਼ਕਲ ਆ ਰਹੀ ਹੈ। ਇਮੀਗ੍ਰੇਸ਼ਨ ਇੰਨਾ ਵਧ ਗਿਆ ਹੈ ਕਿ ਰੁਜ਼ਗਾਰ ਪੈਦਾ ਕਰਨ ਲਈ ਦੇਸ਼ ਦੀ ਆਰਥਿਕਤਾ ਦੀ ਸਮਰੱਥਾ ਨਾਲੋਂ ਪ੍ਰਵਾਸੀਆਂ ਦੀ ਗਿਣਤੀ ਵੱਧ ਗਈ ਹੈ, ਉਸੇ ਭੂਮਿਕਾ ਲਈ ਤਜ਼ਰਬੇਕਾਰ ਅਤੇ ਤਜ਼ਰਬੇਕਾਰ ਘੱਟ ਤਨਖਾਹ ਵਾਲੇ ਕਾਮਿਆਂ ਵਿਚਕਾਰ ਮੁਕਾਬਲਾ ਹੈ, ਜਿਸ ਕਾਰਨ ਬੇਰੁਜ਼ਗਾਰੀ ਦਰ ਹੇਠਾਂ ਨਹੀਂ ਆ ਰਹੀ ਹੈ। ਕੈਨੇਡਾ ਵਿਚ ਆਰਥਿਕਤਾ ਭਾਰੀ ਦਬਾਅ ਹੇਠ ਆ ਗਈ ਹੈ। ਇਸ ਦੌਰਾਨ ਤੀਸਰਾ ਨਵਾਂ ਫੈਕਟਰ ਹੈਲਥ ਕੇਅਰ ਵੀ ਸਾਹਮਣੇ ਆਇਆ ਹੈ, ਜਿੱਥੇ ਲੋਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਇੱਥੇ ਚੰਗੀਆਂ ਸਹੂਲਤਾਂ ਨਹੀਂ ਮਿਲ ਰਹੀਆਂ। ਕੈਨੇਡਾ ਵਿਚ ਰਿਹਾਇਸ਼ੀ ਸੰਕਟ ਅਤੇ ਬੇਰੁਜ਼ਗਾਰੀ ਤੋਂ ਬਾਅਦ ਤੀਜੀ ਵੱਡੀ ਚੁਣੌਤੀ ਸਿਹਤ ਖੇਤਰ ਦੇ ਸਾਹਮਣੇ ਹੈ।

# ਅਮਰੀਕਾ ਵਿਚ ਬੰਦੂਕ ਸੱਭਿਆਚਾਰ ਪਾਲਿਸੀ ਹਿੰਸਕ ਘਟਨਾਵਾਂ ਦੀ ਜ਼ਿੰਮੇਵਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਸੰਸਾਰ ਵਿਚ ਸ਼ਾਂਤੀ ਸਥਾਪਤ ਕਰਨ ਦੇ ਦਮਗਜ਼ੇ ਮਾਰਨ ਵਾਲਾ ਅਮਰੀਕਾ ਆਪਣੇ ਦੇਸ਼ ਵਿਚ ਹੋ ਰਹੀਆਂ ਹਿੰਸਕ ਕਾਰਵਾਈਆਂ 'ਤੇ ਕਾਬੂ ਪਾਉਣ ਵਿਚ ਅਸਮਰੱਥ ਸਾਬਤ ਹੋ ਰਿਹਾ ਹੈ। ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਜ਼ਿਆਦਾ ਵਿਕਸਤ ਤੇ ਖ਼ੁਸ਼ਹਾਲ ਦੇਸ਼ ਕਿਹਾ ਜਾਂਦਾ ਹੈ। ਪ੍ਰੰਤੂ ਮਹਿੰਗਾਈ ਅਤੇ ਬੇਰੋਜ਼ਗਾਰੀ ਨੇ ਲੋਕਾਂ ਦੇ ਨੱਕ ਵਿਚ ਦਮ ਲਿਆਂਦਾ ਪਿਆ ਹੈ। ਨੌਜਵਾਨ ਬੇਰੁਜ਼ਗਾਰੀ ਕਰਕੇ ਮਾਨਸਿਕ ਤਣਾਓ ਵਿਚ ਹਨ। ਇਸ ਕਰਕੇ ਉਥੋਂ ਦੇ ਸ਼ਹਿਰੀਆਂ ਵਿਚ ਅਸੰਤੁਸ਼ਟਤਾ ਹੈ। ਉਸ ਅਸੰਤੁਸ਼ਟਤਾ ਦੇ ਨਤੀਜੇ ਤੁਹਾਡੇ ਸਾਹਮਣੇ ਹਨ। ਤਾਜ਼ਾ ਘਟਨਾਕ੍ਰਮ ਵਿਚ ਰਿਪਬਕਲਿਕਨ ਪਾਰਟੀ ਦੇ ਰਾਸ਼ਟਰਪਤੀ ਦੇ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਜੇ ਟਰੰਪ 'ਤੇ ਕਾਤਲਾਨਾ ਹਮਲਾ ਹੈ। ਡੋਨਾਲਡ ਜੇ ਟਰੰਪ ਨੂੰ ਘਾਗ ਅਤੇ ਦਬੰਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿਚ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਜ਼ਬਰਦਸਤ ਇਕੱਠ ਕਰਕੇ ਜੋਅ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਥੋਂ ਤੱਕ ਕਿ ਜ਼ਬਰਦਸਤੀ ਦਫ਼ਤਰ ਵਿਚ ਵੜ੍ਹਨ ਦੀ ਕੋਸ਼ਿਸ਼ ਕੀਤੀ ਸੀ। ਅਮਰੀਕਾ ਦੇ ਕਾਨੂੰਨ ਬੰਦੂਕ ਸੱਭਿਆਚਾਰ ਨੂੰ ਉਤਸ਼ਾਹਤ ਕਰਦੇ ਹਨ, ਜਿਸ ਕਰਕੇ ਅਮਰੀਕਾ ਵਿਚ ਹਿੰਸਕ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ ਵਿਚੋਂ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆ ਹਨ। ਸੰਸਾਰ ਵਿਚ ਜਿਤਨੀਆਂ ਵੀ ਦੇਸ਼ਾਂ ਦੀਆਂ ਆਪਸ ਵਿਚ ਖਹਾਜ਼ੀ ਕਰਕੇ ਜੰਗਾਂ ਹੁੰਦੀਆਂ ਹਨ, ਤਾਂ ਅਮਰੀਕਾ ਇੱਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤਕੇ ਆਪਣੀ ਮਨਮਾਨੀ ਕਰਦਾ ਹੈ। ਪ੍ਰੰਤੂ ਆਪਣਾ ਦੇਸ਼ ਸੰਭਾਲ ਨਹੀਂ ਸਕਦਾ। ਇਥੋਂ ਦੇ ਨਾਗਰਿਕਾਂ ਨੂੰ ਦੇਸ਼ ਦੇ ਕਾਨੂੰਨਾਂ ਦਾ ਪਾਲਣਾ ਕਰਨ ਵਾਲੇ ਕਿਹਾ ਜਾਂਦਾ ਹੈ ਪ੍ਰੰਤੂ ਅਮਰੀਕਾ ਵਿਚ ਨਸਲੀ ਵਿਤਕਰਿਆਂ ਵਿਚ ਵੀ ਵਾਧਾ ਹੋ ਰਿਹਾ ਹੈ, ਜਿਸ ਦਾ ਸੇਕ ਪੰਜਾਬੀਆਂ, ਖਾਸ ਤੌਰ 'ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ।


ਡੋਨਾਲਡ ਜੇ ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਡੋਨਾਲਡ ਜੇ ਟਰੰਪ 12ਵੇਂ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਬੰਦੂਕ ਖਰੀਦ ਸਕਦਾ ਹੈ, ਉਸ ਨੂੰ ਕੋਈ ਲਾਇਸੈਂਸ ਵਗੈਰਾ ਲੈਣ ਦੀ ਲੋੜ ਨਹੀਂ ਅਤੇ ਨਾ ਹੀ ਕੋਈ ਉਸ ਦੇ ਚਰਿਤਰ ਦੀ ਪੁਲਿਸ ਵੈਰੀਫੀਕੇਸ਼ਨ ਦੀ ਲੋੜ ਹੁੰਦੀ ਹੈ। ਬੱਚੇ ਵੀ ਬੰਦੂਕ ਖਰੀਦ ਸਕਦੇ ਹਨ। ਘਰਾਂ ਦੇ ਡਰਾਇੰਗ ਰੂਮਜ਼ ਵਿਚ ਬੰਦੂਕਾਂ ਲਟਕਦੀਆਂ ਰਹਿੰਦੀਆਂ ਹਨ। ਇਸ ਕਰਕੇ ਹੀ ਲਗਪਗ ਹਰ ਰੋਜ਼ ਕਿਸੇ ਨਾ ਕਿਸੇ ਰਾਜ ਵਿਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਵਾਸ਼ਿੰਗਟਨ ਦੇ ਬਰਮਿੰਗਮ ਸ਼ਹਿਰ ਵਿਚ ਜਿਸ ਦਿਨ ਡੋਨਾਲਡ ਜੇ ਟਰੰਪ 'ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ ਵਿਚ 4 ਵਿਅਕਤੀ ਅਤੇ ਇਕ ਹੋਰ ਥਾਂ ਤਿੰਨ ਵਿਅਕਤੀ, ਕੁੱਲ 7 ਲੋਕ ਵੱਖ-ਵੱਖ ਹਮਲਿਆਂ ਵਿਚ ਮਾਰੇ ਗਏ ਹਨ। ਇਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਅਤੇ ਸਾਥੀਆਂ ਨੂੰ ਸਕੂਲਾਂ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਵਿਦਿਆਰਥੀ ਸਕੂਲਾਂ ਵਿਚ ਖਿਡੌਣਿਆਂ ਦੀ ਤਰ੍ਹਾਂ ਬੰਦੂਕਾਂ ਆਮ ਲਈ ਫਿਰਦੇ ਹਨ। ਬੱਚਿਆਂ ਦੇ ਜਨਮ ਦਿਨ ਉਤੇ ਉਨ੍ਹਾਂ ਦੇ ਮਾਪੇ ਅਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ। 2019 ਵਿਚ ਜਦੋਂ ਸਕੂਲਾਂ ਵਿਚ ਹੋਣ ਵਾਲੀਆਂ ਹਿੰਸਕ ਘਟਨਾਵਾਂ ਕਰਕੇ ਗੰਨ ਖਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚੱਲੀ ਸੀ, ਤਾਂ ਬੰਦੂਕ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਬੰਦੂਕ ਲਾਬੀ ਇੰਨੀ ਭਾਰੂ ਹੈ, ਕੋਈ ਵੀ ਸਿਆਸੀ ਪਾਰਟੀ ਬੰਦੂਕ ਖਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂਕਿ ਉਨ੍ਹਾਂ ਦੇ ਦੇਸ਼ ਵਿਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਡੋਨਾਲਡ ਜੇ ਟਰੰਪ ਉਪਰ ਕਾਤਲਾਨਾ ਹਮਲਾ ਪੈਨਸਿਲਵੇਨੀਆ ਰਾਜ ਵਿਚ ਬਟਲਰ ਕਾਊਂਟੀ ਵਿਚ ਹੋਇਆ। ਹਮਲਾ ਕਰਨ ਵਾਲਾ 20 ਸਾਲਾ ਥਾਮਸ ਮੈਥਿਊ ਕਰੁਕਸ ਰਿਪਬਲਿਕਨ ਪਾਰਟੀ ਦਾ ਮੈਂਬਰ ਸੀ। ਉਸ ਨੇ 300 ਫੁੱਟ ਉਚੀ ਥਾਂ ਤੋਂ ਬੈਠਕੇ ਏ.ਆਰ. 15 ਸੈਮੀ ਆਟੋਮੈਟਿਕ ਅਸਾਲਟ ਰਾਈਫਲ ਨਾਲ ਨਿਸ਼ਾਨਾ ਸਾਧਿਆ ਸੀ, ਜਦੋਂ ਡੋਨਾਲਡ ਜੇ ਟਰੰਪ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ। ਤਾੜ-ਤਾੜ ਗੋਲੀਆਂ ਚੱਲਣ ਨਾਲ ਰੈਲੀ ਵਿਚ ਸਨਸਨੀ ਫੈਲ ਗਈ। ਪ੍ਰੰਤੂ ਡੋਨਲਡ ਜੇ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ-ਵਾਲ ਬਚ ਗਏ ਤੇ ਗੋਲੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖ਼ਮੀ ਕਰਦੀ ਅੱਗੇ ਲੰਘ ਗਈ। ਇਸ ਨੂੰ ਚਮਤਕਾਰੀ ਬਚਾਅ ਕਿਹਾ ਜਾ ਸਕਦਾ ਹੈ। ਗੋਲੀ ਲੱਗਣ ਤੋਂ ਬਾਅਦ ਜਦੋਂ ਸੁਰੱਖਿਆ ਦਸਤੇ ਡੋਨਾਲਡ ਜੇ ਟਰੰਪ ਨੂੰ ਬਾਹਰ ਲਿਜਾ ਰਹੇ ਸਨ, ਤਾਂ ਟਰੰਪ ਉੱਚੀ-ਉੱਚੀ ਬੜ੍ਹਕਾਂ ਮਾਰ ਰਹੇ ਸਨ। ਇਸ ਘਟਨਾ ਵਿਚ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿਚੋਂ ਇੱਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿਚੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨਸਿਲਵੇਨੀਆ ਦੇ ਬੈਥਲ ਸ਼ਹਿਰ ਦਾ ਰਹਿਣ ਵਾਲਾ ਸੀ। ਹਮਲਾਵਰ ਥਾਮਸ ਮੈਥਿਊ ਕਰੁਕਸ ਨੇ 2022 ਵਿਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ 'ਇਨੀਸ਼ੀਏਟਿਵ ਸਟਾਰ ਅਵਾਰਡ' ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਕਾਤਲ ਨੂੰ ਪੁਲਿਸ ਦੀ ਸੀਕਰੇਟ ਸਰਵਿਸ ਨੇ ਮੌਕੇ 'ਤੇ ਹੀ ਮਾਰ ਦਿੱਤਾ। ਹਮਲਾ ਕਰਨ ਦੇ ਕਾਰਨਾਂ ਦੀ ਜਾਂਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕਰ ਰਹੀ ਹੈ। 1981 ਵਿਚ ਰੋਨਾਲਡ ਰੀਗਨ 'ਤੇ ਹੋਏ ਹਮਲੇ ਤੋਂ 24 ਸਾਲ ਬਾਅਦ ਵੱਡੀ ਘਟਨਾ ਵਾਪਰੀ ਹੈ।

ਅਮਰੀਕਾ ਵਿਚ ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹਮਲੇ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਇੱਕ ਦਰਜਨ ਦੇ ਕਰੀਬ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿਚ ਕੁਝ ਰਾਸ਼ਟਰਪਤੀ ਮਾਰੇ ਵੀ ਗਏ ਸਨ। ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਿਮ ਲਿੰਕਨ 'ਤੇ 14 ਅਪ੍ਰੈਲ 1865 ਨੂੰ ਫੋਰਡ ਥੇਟਰ ਵਿਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਅਬਰਾਹਿਮ ਲਿੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸਪੋਰਟ ਕਰਨ ਕਰਕੇ ਕੀਤਾ ਸੀ, ਜਿਸ ਵਿਚ ਰਾਸ਼ਟਰਪਤੀ ਅਬਰਾਹਿਮ ਲਿੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ। ਜੇਮਜ਼ ਗੇਰਫੀਲਡ ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਜ਼ਖ਼ਮਾਂ ਵਿਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 ਵਿਚ ਸਵਰਗ ਸਿਧਾਰ ਗਏ ਸਨ। 6 ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ 'ਤੇ ਨਿਊਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫ਼ਾਂਸੀ ਦਿੱਤੀ ਗਈ ਸੀ। 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ 'ਤੇ ਫਰਵਰੀ 1933 ਵਿਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ, ਜਿਸ ਵਿਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ ਪ੍ਰੰਤੂ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਬਾਅਦ ਵਿਚ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ ਐੱਸ. ਟਰੂਮੈਨ ਉਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿਚ ਕੀਤਾ ਸੀ। ਇਸ ਹਮਲੇ ਵਿਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐੱਫ. ਕੈਨੇਡੀ 35ਵੇਂ ਰਾਸ਼ਟਰਪਤੀ 'ਤੇ 22 ਨਵੰਬਰ 1963 ਨੂੰ ਟੈਕਸਾਸ ਦੇ ਡੱਲਾਸ ਸ਼ਹਿਰ ਵਿਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ, ਜਿਸ ਵਿਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। 38ਵੇਂ ਰਾਸ਼ਟਰਪਤੀ ਗਰਾਲਡ ਫੋਰਡ ਉਪਰ 1975 ਵਿਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇਕ ਵਾਰ ਲੀਨੇਟੇ ਫਰੌਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ। ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ 'ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਕਾਤਲਾਨਾ ਹਮਲਾ ਹੋਇਆ ਪ੍ਰੰਤੂ ਉਹ ਵਾਲ-ਵਾਲ ਬਚ ਗਏ। 43ਵੇਂ ਰਾਸ਼ਟਰਪਤੀ ਜੌਰਜ ਡਬਲਯੂ ਬੁਸ਼ 'ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿਚ ਗਰਨੇਡ ਸੁੱਟਿਆ ਗਿਆ, ਜਿਸ ਵਿਚ ਉਹ ਬਚ ਗਏ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ। ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹੋਏ ਹਮਲਿਆਂ ਵਿਚ ਡੋਨਾਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਦੋ ਉਮੀਦਵਾਰਾਂ 'ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉਪਰ 1912 ਵਿਚ ਮਿਲਵਾਕੀ ਵਿਖੇ ਹਮਲਾ ਹੋਇਆ ਪ੍ਰੰਤੂ ਉਹ ਬਚ ਗਏ। ਦੂਜੇ ਉਮੀਦਵਾਰ ਰਾਬਰਟ ਐਫ਼ਕੈਨੇਡੀ ਉਪਰ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਕਾਤਲਾਨਾ ਹਮਲਾ ਹੋਇਆ, ਜਿਸ ਵਿਚ ਰਾਸ਼ਟਰਪਤੀ ਮਾਰੇ ਗਏ। 12 ਰਾਸ਼ਟਰਪਤੀਆਂ 'ਤੇ ਹੋਏ ਹਮਲਿਆਂ ਵਿਚ 5 ਰਾਸ਼ਟਰਪਤੀ ਮਾਰੇ ਗਏ ਸਨ, 7 ਰਾਸ਼ਟਰਪਤੀ ਹਮਲਿਆਂ ਵਿਚ ਬਚ ਗਏ ਸਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਕਿਹਾ ਜਾਂਦਾ ਹੈ ਅਮਰੀਕਾ ਦੇ ਕਾਨੂੰਨ ਬੜੇ ਸਖ਼ਤ ਹਨ ਪ੍ਰੰਤੂ ਬਹੁਤੇ ਹਮਲਾਵਰਾਂ ਨੂੰ ਸਜ਼ਾ ਨਹੀਂ ਹੋ ਸਕੀ। ਜੇ ਅਮਰੀਕਾ ਦੇ ਉੱਚ ਅਹੁਦਿਆਂ ਵਾਲੇ ਸਰੱਖਿਅਤ ਨਹੀਂ ਹਨ, ਤਾਂ ਆਮ ਸ਼ਹਿਰੀਆਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ।

# ਸਿੱਖ ਕੌਣ ਹੈ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਸਿੱਖ ਉਹ ਹੈ, ਜਿਹੜਾ ਸਿਖਿਆਰਥੀ ਹੈ, ਭਾਵ ਜਿਹੜਾ ਸਦਾ ਸਿੱਖਦਾ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਿੱਖੀ ਸਿੱਖਿਆ ਗੁਰ ਵੀਚਾਰੁ॥" ਭਾਵ ਜਿਹੜਾ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਗੁਜ਼ਾਰਦਾ ਹੈ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਇਹ ਮਹਾਂ ਵਾਕ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਦਾ ਉਚਾਰਿਆ ਹੋਇਆ ਹੈ, ਜਿਸ ਦੇ ਅਰਥ ਹਨ ਕਿ ਸੱਚ ਤੋਂ ਸਭ ਥੱਲੇ ਹੈ ਜਾਂ ਇਉਂ ਕਹਿ ਲਵੋ ਕਿ ਸੱਚ ਸਭ ਤੋਂ ਉਪਰ ਹੈ। ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਅਚਾਰੁ ਸੱਚ ਤੋਂ ਵੀ ਉਪਰ ਹੈ। ਪਰ ਹੁਣ ਤੱਕ ਗੁਰੂ ਜੀ ਦੇ ਇਸ ਵਿਚਾਰ ਦਾ ਜਨਤਾ 'ਤੇ ਕੋਈ ਪ੍ਰਭਾਵ ਨਹੀਂ ਪਿਆ ਕਿਉਂਕਿ ਨਿੱਤ ਕਤਲੋਗਾਰਤ, ਬਲਾਤਕਾਰ ਅਤੇ ਲੁੱਟਾਂ-ਖੋਹਾਂ ਹੋ ਰਹੀਆਂ ਹਨ। ਅੰਗਰੇਜ਼ੀ ਕਵੀ ਕੈਂਸਰ ਇਸ ਨੂੰ ਭਾਵ ਆਚਾਰੁ ਨੂੰ ਇਸ ਪ੍ਰਕਾਰ ਆਖਦੇ ਹਨ :

If Wealth is lost, nothing is lost.

If Health is lost, something is lost.

If Characther is lost, everything is lost.

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁੱਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ, ਤਾਂ ਜਦੋਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਚੰਗਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁਭ ਅਮਲਾਂ ਬਾਝੋਂ ਦੋਨੋਂ ਰੋਇ। ਭਾਵ ਮਨੁੱਖ ਦੇ ਕੰਮ ਚੰਗੇ ਹੋਣੇਂ ਚਾਹੀਦੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੈ, ਜਿਤੁ ਅੰਤਿ ਪਛੋਤਾਈਐ।" ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਇਸ ਲਈ ਕਦੀ ਗਲਤ ਕੰਮ ਨਾ ਕਰੋ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਓ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਉ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ ਦਾ ਤਿਆਗ ਕਰੋ। ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋਂ।

ਇਸੇ ਤਰ੍ਹਾਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਫੁਰਮਾਇਆ ਸੀ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰੋ ਲਿਵ ਲਾਇ॥
ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥

ਪਰ ਕੌਮ ਨੇ ਹੁਣ ਤੱਕ ਇਸ ਵਿਚਾਰ 'ਤੇ ਅਮਲ ਨਹੀਂ ਕੀਤਾ, ਜਦੋਂਕਿ ਕਈ ਸਦੀਆਂ ਬੀਤ ਗਈਆਂ, ਭਾਵ ਕੌਮ ਇਕੱਤਰ ਨਹੀਂ, ਵੱਖ-ਵੱਖ ਧੜਿਆਂ ਵਿਚ ਕੌਮ ਵੰਡੀ ਹੋਈ ਹੈ ਅਤੇ ਕੌਮ ਪਾਸ ਕੋਈ ਏਜੰਡਾ ਨਹੀਂ ਕਿ ਕੌਮ ਨੇ ਭਵਿੱਖ ਵਿਚ ਕੀ ਕਰਨਾ ਹੈ?

ਅੰਤ ਵਿਚ Be honest, humble, helpful, respectful, kind, responsible, diligent, humanitarian, sympathetic.

ਇਕ ਚੰਗਾ ਡਾਕਟਰ, ਅਧਿਆਪਕ, ਕਵੀ, ਗਾਇਕ ਹੋਣਾ ਹੋਰ ਗੱਲ ਹੈ, ਪਰ ਚੰਗਾ ਮਨੁੱਖ ਹੋਣਾਂ ਹੋਰ ਗੱਲ ਹੈ।

## ਕਿਸ਼ਤ 3

# ਆਨੰਦਪੁਰ ਸਾਹਿਬ ਦੇ ਮਤੇ ਦਾ ਆਲੋਚਨਾਤਮਕ ਅਧਿਐਨ



ਡਾ. ਚਰਨਜੀਤ ਸਿੰਘ ਗੁਮਟਾਲਾ
1-937-573-9812
(ਡੇਟਨ, ਓਹਾਇਓ, ਯੂ.ਐੱਸ.ਏ.),
ਵਟਸਐਪ : 91-94175-33060
ਪੰਜਾਬ ਮੇਲ USA



## ਸ਼੍ਰੋਮਣੀ ਅਕਾਲੀ ਦਲ ਦੀ ਆਰਥਿਕ ਪਾਲਿਸੀ ਅਤੇ ਪ੍ਰੋਗਰਾਮ

ਜੋ ਵਰਕਿੰਗ ਕਮੇਟੀ ਨੇ 17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਆਪਣੀ ਮੀਟਿੰਗ ਵਿਚ ਪਾਸ ਕੀਤਾ।

ਭਾਵੇਂ ਭਾਰਤੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ ਉਤੇ ਆਧਾਰਿਤ ਹੈ ਅਤੇ ਕੋਈ ਵੀ ਰਾਜਨੀਤਿਕ ਸ਼ਕਤੀ ਜੋ ਨਿਆਂ ਦੇ ਆਧਾਰ 'ਤੇ ਸਮਾਜ ਬਨਾਉਣ ਦਾ ਦਾਅਵਾ ਕਰਦੀ ਹੈ, ਇਸ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ ਪਰ ਸਾਰੀ ਸਮੱਸਿਆਂ ਦਾ ਘੁੰਡੀ ਇਹ ਹੈ ਕਿ ਇਸ ਆਰਥਿਕ ਪ੍ਰਬੰਧ ਦਾ ਮੁੱਖ ਲੀਡਰ ਵੱਡੇ-ਵੱਡੇ ਵਾਪਾਰੀਆਂ, ਸ਼ਾਹੂਕਾਰਾਂ ਅਤੇ ਅਜਾਰੇਦਾਰਾਂ ਦੀ ਸ਼੍ਰੇਣੀ ਦੇ ਹੱਥ ਵਿਚ ਹੈ। ਸਹੀ ਲਫਜ਼ਾਂ ਵਿਚ ਇਹੀ ਸ਼੍ਰੇਣੀ ਆਜ਼ਾਦੀ ਦੇ 29 ਵਰ੍ਹਿਆਂ ਵਿਚ ਅਮੀਰ ਹੋਈ ਹੈ, ਭਾਵੇਂ ਆਰਥਿਕ ਉਨਤੀ ਦੇ ਫਾਇਦਿਆਂ ਨੂੰ ਬਾਕੀ ਸ਼੍ਰੇਣੀਆਂ ਨੇ ਵੀ ਮਾਣਿਆ ਹੈ। ਅਸਲ ਵਿਚ ਇਹ ਸ਼੍ਰੇਣੀ ਰਾਜਨੀਤਿਕ ਤਾਕਤ ਦੀ ਮਾਲਕ ਹੈ ਅਤੇ ਇਹੀ ਇਸ ਨੂੰ ਵਰਤਦੀ ਵੀ ਹੈ। ਇਸ ਲਈ ਸ਼ਾਂਤਮਈ ਤਰੀਕਿਆਂ ਰਾਹੀਂ ਇੱਕ ਨਵੇਂ ਸਮਾਜ ਨੂੰ ਬਣਾਉਣ ਦਾ ਹਰ ਯਤਨ ਆਬਾਦੀ ਦੇ ਇਸ ਜੁੱਟ ਦੇ ਆਰਥਿਕ ਪ੍ਰਬੰਧ ਅਤੇ ਰਾਜਨੀਤਿਕ ਕਿਲ੍ਹਿਆਂ ਨੂੰ ਤੋੜਨ ਲਈ ਹੋਣਾ ਚਾਹੀਦਾ ਹੈ।

ਅਕਾਲੀ ਦਲ ਚਾਹੁੰਦਾ ਹੈ ਕਿ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿਚ ਅਮੀਰ ਅਤੇ ਗਰੀਬ ਵਿਚ ਅੰਤਰ ਖਤਮ ਕੀਤਾ ਜਾਵੇ ਪਰ ਇਸ ਦੀ ਇੱਛਾ ਹੈ ਕਿ ਧਨ ਦੇ ਸੰਗ੍ਰਹਿ 'ਤੇ ਪਹਿਲਾਂ ਹੱਲਾ ਉਨ੍ਹਾਂ ਲੋਕਾਂ ਉਪਰ ਕੀਤਾ ਜਾਵੇ, ਜੋ ਅਸਲ ਵਿਚ ਆਰਥਿਕ ਪ੍ਰਬੰਧ ਨੂੰ ਕੰਟਰੋਲ ਕਰਦੇ ਹਨ। ਪੇਂਡੂ ਇਲਾਕਿਆਂ ਵਿਚ ਵੀ ਅਕਾਲੀ ਦਲ ਆਬਾਦੀ ਦੇ ਇਨ੍ਹਾਂ ਕਮਜ਼ੋਰ ਵਰਗਾਂ ਅਣਸੂਚਿਤ ਜਾਤੀਆਂ, ਪੱਛੜੇ ਹੋਏ ਬੇ-ਜ਼ਮੀਨ ਮੁਜਾਰਿਆਂ, ਮਜ਼ਦੂਰ ਗਰੀਬ ਕਿਸਾਨਾਂ ਅਤੇ ਮੱਧ-ਸ਼੍ਰੇਣੀ ਦੇ ਕਿਸਾਨਾਂ ਦੀ ਹਮਾਇਤ ਕਰਦਾ ਹੈ। ਇਸ ਲਈ ਇਹ ਇੱਕ ਅਜਿਹੇ ਤਰੀਕੇ ਨਾਲ ਭੂਮੀ ਸੁਧਾਰਾਂ ਦੀ ਹਮਾਇਤ ਕਰਦਾ ਹੈ, ਜਿਨ੍ਹਾਂ ਅਨੁਸਾਰ 80 ਸਟੈਂਡਰਡ ਏਕੜ ਤੋਂ ਜ਼ਿਆਦਾ ਸਾਰੀ ਭੋਂ ਜ਼ਿੰਮੀਦਾਰਾਂ ਕੋਲੋਂ ਲੈ ਕੇ ਪੇਂਡੂ ਗਰੀਬਾਂ ਵਿਚ ਵੰਡ ਗਰੀਬਾਂ ਵਿਚ ਦਿੱਤੀ ਜਾਵੇ। ਇਸ ਲਈ ਅਕਾਲੀ ਦਲ ਦੀ ਆਰਥਿਕ ਪਾਲਿਸੀ ਮੁੱਖ ਤੌਰ 'ਤੇ ਇਨ੍ਹਾਂ ਨਿਸ਼ਾਨਿਆਂ ਨੂੰ ਪ੍ਰਾਪਤ ਕਰਨਾ ਹੋਵੇਗੀ।

### ਖੇਤੀਬਾੜੀ ਖੇਤਰ

ਸਾਡੇ ਦੇਸ਼ ਵਿਚ ਖੇਤੀਬਾੜੀ ਦੇ ਖੇਤਰ ਵਿਚ ਇੱਕ ਪਾਸੇ ਤਾਂ ਬਹੁਤ ਸਾਰੇ ਭੋਂ-ਸੁਧਾਰ ਹੋਂਦ ਵਿਚ ਆਏ ਹਨ ਅਤੇ ਦੂਜੇ ਪਾਸੇ ਹਰੀ ਕ੍ਰਾਂਤੀ ਦਾ ਇੱਕ ਨਵਾਂ ਦੌਰ। ਇੱਕ ਹੱਥ ਅਕਾਲੀ ਦਲ ਹਰੀ-ਕ੍ਰਾਂਤੀ ਵਿਚ ਵਾਧੇ ਦੀ ਪ੍ਰਤੀਕਿਰਿਆ ਕਰਦਾ ਹੈ ਅਤੇ ਦੂਸਰੇ ਹੱਥ ਇਹ ਪ੍ਰਣ ਕਰਦਾ ਹੈ ਕਿ ਖੇਤੀਬਾੜੀ ਦੀ ਉਪਜ ਵਿਚ ਵਾਧਾ ਹੋਵੇ। ਪੇਂਡੂ ਆਬਾਦੀ ਦੇ ਸਾਰੇ ਵਰਗਾ ਖਾਸ ਤੌਰ 'ਤੇ ਮੱਧ ਸ਼੍ਰੇਣੀ ਦੇ ਕਿਸਾਨਾਂ ਅਤੇ ਗਰੀਬਾਂ ਅਤੇ ਭੌਂ-ਰਹਿਤ ਮੁਜਾਰੇਦਾਰਾਂ ਦੀ ਰਹਿਣੀ-ਬਹਿਣੀ ਦੇ ਮਿਆਰ ਵਿਚ ਸੁਧਾਰ ਯਕੀਨੀ ਲਿਆਵੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਅਕਾਲੀ ਦਲ ਨਿਮਨ ਲਿਖਤ ਤਜਵੀਜ਼ਾਂ ਨੂੰ ਅਪਣਾਉਣ ਦਾ ਸੰਕਲਪ ਰੱਖਦਾ ਹੈ।

(ੳ) ਗਰੀਬ ਅਤੇ ਵਿਚਲੇ ਫਰਕ ਨੂੰ ਖਤਮ ਕਰਨ ਲਈ ਅਤੇ ਖੇਤੀਬਾੜੀ ਦੀ ਉਪਜ ਵਧਾਉਣ ਲਈ ਭੌਂ-ਸੁਧਾਰਾਂ ਨੂੰ ਸ਼ੁਰੂ ਕਰਨਾ। ਭੌਂ-ਹੱਦਬੰਦੀ ਬਾਰੇ ਅਜੋਕੀ ਵਿਧਾਨਕਾਰੀ () 'ਤੇ ਪੁਨਰ ਵਿਚਾਰ ਕੀਤਾ ਜਾਵੇਗਾ ਅਤੇ ਹੱਦਬੰਦੀ ਨੂੰ 30 ਸਟੈਂਡਰਡ ਏਕੜ ਫੀ ਪਾਵਰ ਦੇ ਲਿਹਾਜ਼ ਨਾਲ ਪੱਕਾ ਨੀਯਤ ਕੀਤਾ ਜਾਵੇਗਾ ਅਤੇ ਅਸਲ ਵਾਹਿਕਾਂ (") ਨੂੰ ਭੌਂ ਦਾਰੀ ਦੀ ਪ੍ਰਪੱਕਤਾ ਦਿੱਤੀ ਜਾਵੇਗੀ। ਭੌਂ-ਰਹਿਤ ਮੁਜਾਰਿਆਂ ਅਤੇ ਗਰੀਬ ਕਿਸਾਨਾਂ ਨੂੰ ਵਾਧੂ ਭੌਂ 'ਤੇ ਵਸਾਇਆ ਜਾਵੇਗਾ ਅਤੇ ਵਿਹਲੀ ਸਰਕਾਰੀ ਵਾਹੀ ਯੋਗ ਭੌਂ ਗਹਿਣੇ ਰੱਖਣ ਦਾ ਹੱਕ ਦਿੱਤਾ ਜਾਵੇ ਅਤੇ ਸਰਕਾਰ ਰਾਹੀਂ ਅਣਸੂਚਿਤ ਕਬੀਲਿਆਂ ਅਤੇ ਪੱਛੜੀਆਂ ਜਾਤੀਆਂ ਨੂੰ ਮਿਲੀ ਭੌਂ ਦੀ ਵੇਚ (ਬੈ) ਉਪਰ ਪਾਬੰਦੀਆਂ ਨੂੰ ਕਿਵੇਂ ਲਾਇਆ ਜਾ ਸਕਦਾ ਹੈ।

(ਅ) ਅਕਾਲੀ ਦਲ ਖੇਤੀ ਬਾੜੀ ਦੇ ਆਧੁਨਿਕਰਣ ਦੀ ਭਰਪੂਰ ਕੋਸ਼ਿਸ਼ ਕਰੇਗਾ ਅਤੇ ਇਹ ਵੀ ਵਿਚਾਰੇਗਾ ਕਿ ਮੱਧ ਸ਼੍ਰੇਣੀ ਅਤੇ ਛੋਟੇ ਅਤੇ ਗਰੀਬ ਕਿਸਾਨ ਦੀ ਬਿਜਲੀ, ਪਾਣੀ ਬੀਜ਼, ਖਾਦਾਂ ਅਤੇ ਸਰਕਾਰੀ ਸੇਵਾਵਾਂ ਅਤੇ ਦੂਸਰਿਆਂ ਜਨਤਕ ਏਜੰਸੀਆਂ ਰਾਹੀਂ ਮਿਲ ਰਹੇ ਕਰਜ਼ਿਆਂ ਅਤੇ ਸਾਧਨਾਂ (") ਦਾ ਕਿਵੇਂ ਲਾਭ ਉਠਾਈਏ।

(ੲ) ਅਕਾਲੀ ਦਲ ਭਰਪੂਰ ਕੋਸ਼ਿਸ਼ ਕਰੇਗਾ ਕਿ ਖੇਤੀਬਾੜੀ ਦੀ ਉਪਜ ਦੀਆਂ ਕੀਮਤਾਂ ਮੱਧ ਦਰਜ਼ੇ ਦੇ ਕਿਸਾਨਾਂ ਦੀ ਪੈਦਾਵਾਰ ਦੇ ਖਰਚੇ ਦੀ ਬੁਨਿਆਦ 'ਤੇ ਨੀਯਤ ਹੋ ਜਾਣ। ਕੀਮਤਾਂ ਨੂੰ ਵਿਸਾਖੀ ਤੋਂ ਕਾਫੀ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਣਾ ਚਾਹੀਦਾ ਹੈ। ਕੀਮਤਾਂ ਨੀਯਤ ਕਰਨ ਦਾ ਅਧਿਕਾਰ ਲਾਜ਼ਮੀ ਤੌਰ 'ਤੇ ਰਾਜ-ਸਰਕਾਰ ਕੋਲ ਹੋਣਾ ਚਾਹੀਦਾ ਹੈ।

(ਸ) ਅਕਾਲੀ ਦਲ ਅੰਨ ਵਪਾਰ ਦੇ ਸੰਪੂਰਨ ਕੌਮੀ ਕਰਨ ਦੀ ਹਿਮਾਇਤ ਕਰਦਾ ਹੈ ਅਤੇ ਰਾਜ ਸਰਕਾਰ ਅਤੇ ਸਰਕਾਰੀ ਏਜੰਸੀਆਂ ਰਾਹੀਂ ਅੰਨ ਅਤੇ ਦੂਜੀਆਂ ਹੋਰ ਫਸਲਾਂ ਦੀ ਥੋਕ ਦੇ ਵਪਾਰ ਦਾ ਪੂਰਨ ਤੌਰ 'ਤੇ ਸਰਕਾਰੀ ਕਰਨ ਲਈ ਹਰ ਕਦਮ ਉਠਾਏਗਾ।

(ਹ) ਅਕਾਲੀ ਦਲ ਹਰੇਕ ਤਰ੍ਹਾਂ ਦੀ ਫੂਡ-ਜ਼ੋਨਾਂ ਦੇ ਅਤੇ ਦੇਸ਼ ਵਿਚ ਅੰਨ ਦੀ ਆਵਾਜ਼ਾਈ 'ਤੇ ਲਾਈਆਂ ਪਾਬੰਦੀਆਂ ਦੇ ਵਿਰੁੱਧ ਹੈ। ਸਮੁੱਚੇ ਦੇਸ਼ ਨੂੰ ਇੱਕ ਫੂਡ-ਜ਼ੋਨ ਮੰਨਿਆ ਜਾਵੇ।

(ਕ) ਥੀਨ-ਡੈਮ ਅਤੇ ਬਠਿੰਡਾ ਥਰਮਲ ਪਲਾਂਟ ਨੂੰ ਸਿਰੇ ਚਾੜ੍ਹਨ ਲਈ ਖਾਸ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ, ਤਾਂ ਕਿ ਰਾਜ ਵਿਚ ਸੰਚਾਈ ਦੀਆਂ ਸੁਵਿਧਾਵਾਂ ਅਤੇ ਬਿਜਲੀ ਦੀ ਬਹੁਤਾਤ ਹੋ ਜਾਵੇ ਅਤੇ ਸਿੱਟੇ ਵਜੋਂ ਇਹ ਹੋਰ ਸਸਤੀਆਂ ਹੋਣ। ਰਾਜ ਵਿਚ ਐਟਮੀ ਬਿਜਲੀ ਦਾ ਪਲਾਂਟ ਲਾਉਣ ਲਈ ਇੱਕ ਨਿਰਣੇਮਈ ਕੋਸ਼ਿਸ਼ ਕੀਤੀ ਜਾਵੇ।

(ਖ) ਪੇਂਡੂ ਇਲਾਕਿਆਂ ਵਿਚ ਸਹਿਕਾਰੀ ਸੇਵਾਵਾਂ ਕਾਇਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜਿਥੇ ਨਹਿਰੀ ਸੰਚਾਈ ਦੀ ਘਾਟ ਹੈ, ਉਨ੍ਹਾਂ ਇਲਾਕਿਆਂ ਵਿਚ ਛੋਟੇ-ਸੰਚਾਈ ਪ੍ਰਾਜੈਕਟਾਂ ਲਈ ਖਾਸ ਧਿਆਨ ਦੇਣਾ ਚਾਹੀਦਾ ਹੈ।

### ਉਦਯੋਗ

ਅਕਾਲੀ ਦਲ ਮੰਗ ਕਰਦਾ ਹੈ ਕਿ ਸਾਡੇ ਬੁਨਿਆਦੀ ਉਦਯੋਗ ਪਬਲਿਕ ਸੈਕਟਰ (ਜਨਤਾ ਦੇ ਮੈਦਾਨ) ਵਿਚ ਲਿਆਂਦੇ ਜਾਣ।

ਅਕਾਲੀ ਦਲ ਚਾਹੁੰਦਾ ਹੈ ਕਿ ਉਹ ਸਾਰੇ ਖਪਤਕਾਰੀ ਉਦਯੋਗ ਜੋ ਜ਼ਰੂਰੀ ਵਸਤਾਂ ਨਾਲ ਸੰਬੰਧਤ ਹਨ, ਕੌਮੀ ਲਏ ਜਾਣ, ਤਾਂ ਕਿ ਕੀਮਤਾਂ ਨੂੰ ਕਾਬੂ ਹੇਠ ਰੱਖਿਆ ਜਾ ਸਕੇ ਅਤੇ ਗਰੀਬ ਖਪਤਕਾਰ ਦੀ ਉਦਯੋਗਕਾਰੀਆਂ ਅਤੇ ਦਲਾਲਾਂ ਰਾਹੀਂ ਲੁੱਟ-ਖਸੁੱਟ ਨੂੰ ਖਤਮ ਕੀਤਾ ਜਾ ਸਕੇ।

ਪਬਲਿਕ ਸੈਕਟਰ ਦੇ ਉਦਯੋਗਾਂ ਨੂੰ ਇਸ ਤਰੀਕੇ ਨਾਲ ਸਥਾਪਤ ਕੀਤਾ ਜਾਵੇ ਕਿ ਉਹ ਪ੍ਰਾਦੇਸ਼ਿਕ ਅੰਸਤੁਲਨ ਖਤਮ ਹੋ ਸਕੇ, ਜਿਹੜਾ ਕੇਂਦਰੀ ਸਰਕਾਰ ਦੀਆਂ ਭੇਦਭਾਵ ਵਾਲੀਆਂ ਨੀਤੀਆਂ ਸਦਕਾ ਹੋਂਦ ਵਿਚ ਆ ਚੁੱਕਾ ਹੈ।

ਪੇਂਡੂ ਇਲਾਕਿਆਂ ਵਿਚ ਖੇਤੀਬਾੜੀ 'ਤੇ ਨਿਰਭਰ ਉਦਯੋਗਾਂ ਨੂੰ ਸਥਾਪਤ ਕਰਨ ਦੀ ਇੱਕ ਯੋਜਨਾਬੱਧ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਸ਼ਹਿਰਾਂ ਵਿਚ ਆਬਾਦੀ ਦਾ ਜ਼ੋਰ ਘੱਟ ਜਾਵੇ। ਉਦਯੋਗਾਂ ਦੇ ਪ੍ਰਬੰਧ ਨੂੰ ਇਸ ਤਰ੍ਹਾਂ ਲੋਕਤੰਤਰੀ ਕੀਤਾ ਜਾਵੇ ਕਿ ਪ੍ਰਬੰਧਕਾਂ ਵਿਚ ਕਾਮੇ ਹੋਣ ਅਤੇ ਇੱਕ ਅਜਿਹੀ ਸਕੀਮ ਬਣਾਈ ਜਾਵੇ, ਜਿਸ ਨਾਲ ਕਾਮਿਆਂ ਅਤੇ ਉਦਯੋਗਪਤੀਆਂ (ਕਾਰਖਾਨੇਦਾਰਾਂ) ਵਿਚ ਲਾਭ ਵੰਡਿਆ ਜਾ ਸਕੇ। ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਅਤੇ ਖਾਸ ਕਰਕੇ ਕੌਮੀਕਰਨ ਬੈਂਕਾਂ ਦੀ ਇੱਕ ਨਿਸ਼ਚਿਤ ਪ੍ਰਤੀਸ਼ਤ ਰਕਮ ਪੇਂਡੂ ਉਦਯੋਗਾਂ ਵਿਚ ਲਾਣ ਲਈ ਨੀਯਤ ਕੀਤੀ ਜਾਵੇ। ਇੱਕ ਕਰੋੜ ਤੋਂ ਵੱਧ ਲਾਗਤ ਵਾਲੇ ਸਾਰੇ ਉਦਯੋਗਿਕ ਪ੍ਰਾਜੈਕਟ ਪਬਲਿਕ ਸੈਕਟਰ ਵਿਚ ਲਿਆਣੇ ਚਾਹੀਦੇ ਹਨ। ਅਕਾਲੀ ਦਲ ਪਰਿਵਾਹਿਨ (9-) ਦੇ ਅਗਾਂਹ-ਵਧੂ ਕੌਮੀ ਕਰਨ ਦੀ ਪ੍ਰਤੀਕਿਰਿਆ ਕਰ ਚੁੱਕਾ ਹੈ।

ਪਬਲਿਕ ਸੈਕਟਰ ਦੇ ਪ੍ਰਾਜੈਕਟਾਂ ਨੂੰ ਵਧੇਰੇ ਖ਼ੁਦਮੁਖਤਾਰੀ ਦੇਣੀ ਚਾਹੀਦੀ ਹੈ। ਉਨ੍ਹਾਂ ਦੇ ਚਾਲਕ ਯੋਗ ਜੁਆਨ ਨੌਜਵਾਨ ਹੋਣੇ ਚਾਹੀਦੇ ਹਨ, ਜੋ ਪ੍ਰਾਜੈਕਟਾਂ ਵਿਚ ਲਗਨ ਦੇ ਪੱਕੇ ਹੋਣ ਅਤੇ ਪਬਲਿਕ ਸੈਕਟਰ ਪ੍ਰਾਜੈਕਟ ਦੀ ਇੱਕ ਸ਼੍ਰੇਣੀ (ਕੇਡਫ) ਬਨਾਉਣ ਲਈ ਇੱਕ ਖਾਸ ਕੋਸ਼ਿਸ਼ ਕਰਨੀ ਚਾਹੀਦੀ ਹੈ।

### ਆਰਥਿਕ ਨੀਤੀ

ਅਕਾਲੀ ਦਲ ਦੀ ਮੰਗ ਹੈ ਕਿ ਟੈਕਸ ਦੀ ਸਮੁੱਚੇ ਢਾਂਚੇ ਨੂੰ ਕੁਝ ਇਸ ਤਰ੍ਹਾਂ ਮੁੜ ਵਿਚਾਰਿਆ ਜਾਵੇ ਕਿ ਟੈਕਸ ਦੀ ਦੇਰੀ ਅਤੇ ਕਾਲੇ ਧਨ ਦੇ ਸਾਰੇ ਲਾਲਚ ਪੂਰੀ ਤਰ੍ਹਾਂ ਜੜ੍ਹੋਂ ਪੁੱਟੇ ਜਾਣ। ਅਕਾਲੀ ਦਲ ਇੱਕ ਅਜਿਹੇ ਟੈਕਸ ਸਿਸਟਮ ਦੀ ਹਿਮਾਇਤ ਕਰਦਾ ਹੈ, ਜਿਸ ਨਾਲ ਟੈਕਸ ਦੀ ਕਾਟ ਸੁਖਾਲੀ ਅਤੇ ਆਮ ਲੋਕਾਂ ਨੂੰ ਚੱਕਰਾਂ ਵਿਚ ਪਾਉਣ ਵਾਲੀ ਨਾ ਹੋਵੇ। ਅਜੋਕੀ ਟੈਕਸ-ਪ੍ਰਣਾਲੀ ਸਜ਼ਾ ਸਿਰਫ ਗਰੀਬਾਂ ਨੂੰ ਦਿੰਦੀ ਹੈ ਅਤੇ ਅਮੀਰਾਂ ਲਈ ਵੱਡੇ-ਵੱਡੇ ਬਚਾਓ ਦੇ ਰਾਹ ਰਹਿਣ ਦਿੰਦੀ ਹੈ। ਅਕਾਲੀ ਦਲ ਅਮਲੀ ਕਰਣ ਦੇ ਹੱਕ ਵਿਚ ਹੈ। ਤਾਂਕਿ ਦੇਸ਼ ਵਿਚ ਮੁਕਾਬਲੇ 'ਤੇ ਚੱਲ ਰਹੇ ਕਾਲੇ ਧਨ ਦੇ ਆਰਥਿਕ ਪ੍ਰਬੰਧ ਵਿਕਾਸ ਕੀਤਾ ਜਾ ਸਕੇ।

ਕਾਮੇ, ਮੱਧ ਸ਼੍ਰੇਣੀ ਦੇ ਨੌਕਰੀ ਪੇਸ਼ਾ ਲੋਕ ਅਤੇ ਖੇਤੀਬਾੜੀ ਦੇ ਕਾਮੇ

ਅਕਾਲੀ ਦਲ ਨਿਮਨ ਲਿਖਿਤ ਗੱਲਾਂ ਲਈ ਭਰਪੂਰ ਕੋਸ਼ਿਸ਼ ਕਰੇਗਾ।

(ੳ) ਉਦਯੋਗਿਕ ਕਾਮਿਆਂ ਲਈ ਲੋੜ ਦੇ ਆਧਾਰ 'ਤੇ ਘੱਟੋ-ਘੱਟ ਵੇਤਨ।

(ਅ) ਸਰਕਾਰੀ ਕਰਮਚਾਰੀਆਂ ਦੀ ਰਹਿਣੀ-ਬਹਿਣੀ ਦੇ ਮਿਆਰ ਵਿਚ ਲਗਾਤਾਰ ਸੁਧਾਰ।

(ੲ) ਖੇਤੀਬਾੜੀ ਦੇ ਕਾਮਿਆਂ ਲਈ ਘੱਟੋ-ਘੱਟ ਤਨਖਾਹ ਬਾਰੇ ਪੁਨਰ-ਵਿਚਾਰ ਅਤੇ ਜੇ ਲੋੜ ਮਹਿਸੂਸ ਹੋਵੇ, ਤਾਂ ਵੇਤਨ ਵਿਚ ਵਾਧਾ।

(ਸ) ਮੌਜੂਦਾ ਲੇਬਰ ਵਿਧਾਨਕਾਰੀ ਦੀਆਂ ਤਰੁੱਟੀਆਂ ਦੂਰ ਕਰਨਾ, ਤਾਂ ਕਿ ਕਾਮਿਆਂ ਤੇ ਮਜ਼ਦੂਰਾਂ ਦੀ ਰਹਿਣੀ-ਬਹਿਣੀ ਯਕੀਨਨ ਚੰਗੀ ਹੋਵੇ।

(ਹ) ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਸਮਾਜ ਦੇ ਸਭ ਤੋਂ ਵੱਧ ਗਰੀਬ ਲੋਕਾਂ ਵਾਸਤੇ ਘਰ ਲਵਾਉਣ ਲਈ ਲੋੜੀਂਦੇ ਜ਼ਰੂਰੀ ਕਦਮ ਉਠਾਣੇ।

### ਬੇਰੁਜ਼ਗਾਰੀ

ਅਕਾਲੀ ਦਲ ਦਾ ਸੰਕਲਪ ਹੈ ਕਿ ਦੇਸ਼ ਵਿਚ ਸੰਪੂਰਨ ਰੁਜ਼ਗਾਰੀ ਹੋਵੇ। ਆਰੰਭ ਕਰਨ ਲਈ ਅਕਾਲੀ ਦਲ ਇਹ ਮਹਿਸੂਸ ਕਰਦਾ ਹੈ ਕਿ ਇਹ ਸਰਕਾਰ ਦਾ ਫਰਜ਼ ਹੈ ਕਿ ਘੱਟੋ-ਘੱਟ ਪੜ੍ਹੇ ਲਿਖੇ ਅਤੇ ਨਿਪੁੰਨ ਲੋਕਾਂ ਨੂੰ ਇਕਦਮ ਨੌਕਰੀ ਦੇਵੇ। ਜਦੋਂ ਤੱਕ ਨੌਕਰੀਆਂ ਨਹੀਂ ਮਿਲਦੀਆਂ, ਇਨ੍ਹਾਂ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਮਿਲਣਾ ਚਾਹੀਦਾ ਹੈ, ਜਿਸ ਦਾ ਖਰਚ ਕੇਂਦਰੀ ਅਤੇ ਰਾਜ ਸਰਕਾਰਾਂ ਅੱਧੋ-ਅੱਧ ਬਰਦਾਸ਼ਤ ਕਰਨ। ਇਹ ਭੱਤਾ ਨਿਮਨ ਲਿਖਤ ਦਰਾਂ 'ਤੇ ਹੋਵੇ :

- ਮੈਟਰੀਕੁਲੇਟ ਅਤੇ ਨਿਪੁੰਨ ਕਾਰੀਗਰ ਰੁਪਏ 50
- ਬੀ.ਏ. ਰੁਪਏ 75
- ਐੱਮ.ਏ. ਰੁਪਏ 100
- ਇੰਜੀਨੀਅਰ ਅਤੇ ਡਾਕਟਰ ਰੁਪਏ 150
- ਹੋਰ ਨਿਪੁੰਨ ਕਾਰੀਗਰ ਰੁਪਏ 50

65 ਸਾਲ ਦੀ ਉਮਰ ਤੋਂ ਵੱਧ ਲੋੜਵੰਦ ਬਜ਼ੁਰਗਾਂ ਨੂੰ ਬੁਢੇਪਾ ਪੈਨਸ਼ਨ ਮਿਲਣੀ ਚਾਹੀਦੀ ਹੈ।

### ਅਣਸੂਚਿਤ ਜਾਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗ

ਅਕਾਲੀ ਦਲ ਅਣਸੂਚਿਤ ਜਾਤੀਆਂ ਅਤੇ ਸਮਾਜ ਦੇ ਦੂਸਰੇ ਕਮਜ਼ੋਰ ਵਰਗਾਂ ਦਾ ਆਰਥਿਕ ਮਿਆਰ ਉਹਨੂੰ ਵਿਦਿਅਕ ਸਹੂਲਤਾਂ, ਨੌਕਰੀਆਂ ਅਤੇ ਦੂਸਰੀਆਂ ਕਈ ਹੋਰ ਰਿਆਸਤਾਂ ਦੇ ਕੇ ਉੱਚਾ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਕਿ ਉਹ ਵੀ ਸਮਾਜ ਦੇ ਦੂਸਰੇ ਵਰਗਾਂ ਦੇ ਬਰਾਬਰ ਆ ਜਾਣ। ਇਨ੍ਹਾਂ ਸ਼੍ਰੇਣੀਆਂ ਨੂੰ ਅੰਨ ਸਸਤੇ ਦਰਾਂ 'ਤੇ ਦਿੱਤਾ ਜਾਵੇਗਾ।

ਵਿਚਾਰਨ ਵਾਲੀ ਗੱਲ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਤੇ 'ਤੇ ਨੇਕ ਨੀਅਤ ਨਾਲ ਅਮਲ ਕੀਤਾ ਹੁੰਦਾ, ਤਾਂ ਜੋ ਪੰਜਾਬ ਦੀ ਹਾਲਤ ਅੱਜ ਹੈ, ਇਹ ਨਹੀਂ ਸੀ ਹੋਣੀ। ਬੜੀ ਮਿਹਨਤ ਨਾਲ ਸੱਤ ਸਾਲ ਲਾ ਕੇ ਸ. ਭਾਨ ਸਿੰਘ ਤੇ ਸ. ਅਜਮੇਰ ਸਿੰਘ ਦੀ ਅਗਵਾਈ ਵਾਲੀ ਟੀਮ ਵਲੋਂ ਤਿਆਰ ਇਸ ਮਤੇ ਉਪਰ ਅਜੇ ਵੀ ਅਕਾਲੀ ਦਲ ਜੇ ਸੂਬਾਈ ਖ਼ੁਦ ਮੁਖਤਿਆਰੀ ਲਈ ਦੂਜੀਆ ਪਾਰਟੀਆਂ ਨੂੰ ਨਾਲ ਲੈ ਕੇ ਜਨਤਕ ਲਹਿਰ ਉਸਾਰੇ, ਤਾਂ ਇਸ ਨਾਲ ਪੰਜਾਬ ਦੇ ਨਾਲ ਉਸ ਦਾ ਆਪਣਾ ਵੀ ਭਲਾ ਹੋ ਸਕਦਾ ਹੈ। ਇਹ ਮਤਾ ਸਰਬੱਤ ਦੇ ਭਲੇ ਲਈ ਲੜਨ ਦਾ ਸਦਾ ਦੇਂਦਾ ਹੈ, ਜੋ ਕਿ ਸਿੱਖੀ ਦਾ ਧੁਰਾ ਹੈ। ਲੋੜ ਹੈ ਇਸ ਮਤੇ ਵਿਚ ਮੌਜੂਦਾ ਹਾਲਾਤ ਅਨੁਸਾਰ ਸੁਧਾਈ ਕੀਤੀ ਜਾਵੇ। ਸਾਡੇ ਪਾਸ ਬੜੇ ਸੂਝਵਾਨ ਦੂਰ ਅੰਦੇਸ਼ੀ ਵਾਲੇ ਵਿਦਵਾਨ ਹਨ, ਜਿਹੜੇ ਇਸ ਕੰਮ ਨੂੰ ਬਖ਼ੂਬੀ ਕਰ ਸਕਦੇ ਹਨ।

## 23 ਜੁਲਾਈ ਜਨਮ ਦਿਨ 'ਤੇ ਵਿਸ਼ੇਸ਼

# ਕਪਾਹਾਂ ਨੂੰ ਫੁੱਲ ਪੈਣ ਵਾਲੀ ਰੁੱਤ ਮੁੱਲ ਮੰਗਣ ਵਾਲਾ ਸ਼ਿਵ ਕੁਮਾਰ ਬਟਾਲਵੀ




ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਐਪ : +91-99141-84794
ਪੰਜਾਬ ਮੇਲ USA






ਬਿ੍ਰਹੋ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਬੜਾ ਪਿੰਡ ਲੋਹਟੀਆਂ ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਸਿਆਲਕੋਟ (ਪੱਛਮੀ ਪੰਜਾਬ) ਵਿਚ 23 ਜੁਲਾਈ 1936 ਨੂੰ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ ਬਾਅਦ ਵਿਚ ਕੰਨਗੋਂ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਦੇ ਪ੍ਰਿੰਸੀਪਲ ਸਨ।

ਦੇਸ਼ ਦੀ ਵੰਡ ਤੋਂ ਬਾਅਦ 1947 'ਚ ਇਹ ਪਰਿਵਾਰ ਬਟਾਲੇ, ਜ਼ਿਲ੍ਹਾ ਗੁਰਦਾਸਪੁਰ ਆ ਵਸਿਆ। ਇੱਥੇ ਹੀ ਸ਼ਿਵ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ।

1953 ਵਿਚ ਇਸ ਨੇ ਸਾਲਵੇਸ਼ਨ ਆਰਮੀ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਪਹਿਲਾਂ ਸ਼ਿਵ ਕੁਮਾਰ ਨੇ ਕ੍ਰਿਸ਼ਚੀਅਨ ਕਾਲਜ ਬਟਾਲੇ ਦਾਖ਼ਲਾ ਲਿਆ। ਫਿਰ ਕੁਝ ਸਮੇਂ ਲਈ ਨਾਭਾ ਵਿਖੇ ਸਰਕਾਰੀ ਰਿਪਦੂਮਨ ਕਾਲਜ ਵਿਚ ਦਾਖ਼ਲਾ ਲਿਆ। ਫਿਰ ਸਿੱਖ ਨੈਸ਼ਨਲ ਕਾਦੀਆਂ ਵਿਖੇ ਦਾਖ਼ਲਾ ਲਿਆ। ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਉਵਰਸੀਰੀ ਦੇ ਕੋਰਸ ਵਿਚ ਦਾਖਲਾ ਲਿਆ ਪਰ ਡਿਪਲੋਮਾ ਕਿਸੇ ਥਾਂ ਤੋਂ ਵੀ ਪ੍ਰਾਪਤ ਨਾ ਕੀਤਾ। ਉਸ ਦੇ ਪਿਤਾ ਨੇ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ। 1961 ਵਿਚ ਸ਼ਿਵ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। 1966 ਤੱਕ ਕੋਈ ਕੰਮ ਨਾ ਕੀਤਾ। ਇਸ ਸਾਲ ਹੀ ਇਸ ਨੇ ਸਟੇਟ ਬੈਂਕ ਆਫ਼ ਇੰਡੀਆ ਦੀ ਬਟਾਲਾ ਸਾਖਾ ਵਿਚ ਕਲਰਕ ਦੀ ਨੌਕਰੀ ਕਰ ਲਈ।

5 ਫ਼ਰਵਰੀ 1967 ਨੂੰ ਸ਼ਿਵ ਕੁਮਾਰ ਦਾ ਵਿਆਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੀੜੀ ਮੰਗਿਆਲ ਦੀ ਅਰੁਣਾ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਬੱਚੇ ਪੁੱਤਰ ਮਿਹਰਬਾਨ ਬਟਾਲਵੀ ਅਤੇ ਧੀ ਪੂਜਾ ਨੇ ਜਨਮ ਲਿਆ। 1968 'ਚ ਸਟੇਟ ਬੈਂਕ ਆਫ਼ ਇੰਡੀਆ ਦੇ ਮੁਲਾਜਮ ਵਜੋਂ ਬਦਲ ਕੇ ਉਹ ਚੰਡੀਗੜ੍ਹ ਆ ਗਿਆ। ਚੰਡੀਗੜ੍ਹ ਆ ਕੇ ਸ਼ਿਵ ਨੇ ਨੌਕਰੀ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ। ਉਹ 21 ਸੈਕਟਰ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਹਫ਼ਤੇ ਵਿਚ ਇਕ ਜਾਂ ਦੋ ਦਿਨ ਹੀ ਕੰਮ 'ਤੇ ਜਾਂਦਾ।

ਸ਼ਿਵ ਕੁਮਾਰ ਨੇ ਇਕ ਕਾਵਿ ਰਚਨਾ 'ਲੂਣਾ' 1965 ਵਿਚ ਲਿਖੀ। ਉਸ ਨੇ ਇਸ ਸਮਾਜ ਵਿਚ ਭੰਡੀ ਜਾਣ ਵਾਲੀ ਲੂਣਾ ਨੂੰ ਨਿਰਦੋਸ਼ ਸਾਬਤ ਕਰ ਦਿੱਤਾ। ਸ਼ਿਵ ਕੁਮਾਰ ਨੇ ਕਿਹਾ, ਰਾਜੇ ਸਲਵਾਨ ਤੋਂ ਲੂਣਾ ਉਮਰ ਵਿਚ ਬਹੁਤ ਛੋਟੀ ਸੀ। ਇਸ ਕਰਕੇ ਲੂਣਾ ਦਾ ਰਾਜੇ ਸਲਵਾਨ ਨਾਲ ਵਿਆਹ ਕਰਨ ਦੇ ਦੋਸ਼ੀ ਲੂਣਾ ਦੇ ਮਾਂ ਪਿਓ ਅਤੇ ਸਮਾਜ ਦੇ ਲੋਕ ਹਨ। ਇਸ ਕਿਤਾਬ ਵਿਚ ਲੂਣਾ ਕਹਿੰਦੀ ਹੈ:-

-- ਹਰ ਬਾਬਲ ਵਰ ਢੂੰਡਣ ਜਾਵੇ
ਹਰ ਅਗਨੇ ਮੇਚ
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ
ਨੀਂ ਮੈ ਅੰਗ ਟੁਰੀ ਪਰਦੇਸ
-- ਖੋਹ ਲਓ ਮਹਿਲ ਚੁਬਾਰੇ
ਤੇ ਝਿੱਕਾ ਘਰ ਦੇਵੋ
ਜਿਸ ਕੰਧੀ ਦੀ ਇੱਟ ਮੈਂ
ਉਥੇ ਹੀ ਜੜ ਦੇਵੋ
ਮੈਨੂੰ ਭਿਟ- ਅੰਗੀ ਨੂੰ
ਭਿਟ ਅੰਗਾ ਵਰ ਦੇਵੋ

ਰਾਜੇ ਸਲਵਾਨ ਨੇ ਰਾਣੀ ਇੱਛਰਾਂ ਨੂੰ ਧੋਖਾ ਦੇ ਕੇ ਲੂਣਾ ਨਾਲ ਵਿਆਹ ਕਰਵਾ ਲਿਆ। ਜਦ ਰਾਣੀ ਇੱਛਰਾਂ ਨੂੰ ਪਤਾ ਲੱਗਿਆ, ਉਹ ਮਰਦ ਜਾਤ ਨੂੰ ਦੁਰਕਾਰਦੀ ਹੋਈ ਰਾਜੇ ਸਲਵਾਨ ਨੂੰ ਕਹਿੰਦੀ ਹੈ:-

-- ਮੱਚੇ ਕਾਲਜਾ ਜੀਭੇ ਕੁੜੱਲ ਪੈਂਦੇ
ਕਰਨੋ ਗੱਲ ਕੁਚੱਜੀ ਪਈ ਸੰਗਦੀ ਹਾਂ
ਮੇਰੇ ਸੰਗ 'ਚੋਂ ਮੇਰਾ ਨਾ ਸਾਹ ਲੰਘੇ
ਕਾਲੇ ਪੰਧ ਨਮੋਸ਼ੀ ਦੇ ਅੰਗਦੀ ਹਾਂ
ਰਾਜੇ ਹੋਏ, ਚਮਾਰੀ ਪਰਨਾਏ ਆਂਦੀ
ਫੜ ਕਾਲਜਾ ਪੀੜ ਪਈ ਧੰਮਦੀ ਹਾਂ
--ਨੀਂ ਮੈਂ ਗਿਰਗਟਾਂ ਦੇ ਰੰਗ ਸਮਝਦੀ ਹਾਂ
ਪਰ ਇਹ ਮਰਦਾਂ ਦੇ ਰੰਗ ਨਾ ਸਮਝ ਸਕੀ
ਡੰਗ ਸਮਝਾਂ ਮੈਂ ਕਾਲੇ ਖੜੱਪਿਆਂ ਦੇ
ਪਰ ਇਹ ਮਰਦਾਂ ਦੇ ਡੰਗ ਨਾ ਸਮਝ ਸਕੀ

ਇਸ ਲੂਣਾ ਕਿਤਾਬ ਬਦਲੇ ਸ਼ਿਵ ਨੂੰ 1967 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸ਼ਿਵ ਕੁਮਾਰ ਆਪਣੀਆਂ ਜ਼ਿੰਦਗੀ ਦੀਆਂ ਦਰਦ ਭਰੀਆਂ ਯਾਦਾਂ ਨੂੰ ਗੀਤਾਂ ਵਿਚ ਦੇਸੀ ਮਹੀਨਿਆਂ ਅਤੇ ਖੇਤਾਂ ਵਿਚ ਉਗੀਆਂ ਫਸਲਾਂ ਦੇ ਹਿਸਾਬ ਨਾਲ ਯਾਦ ਕਰਦਾ ਲਿਖਦਾ ਹੈ:-

-- ਜਦ ਪੈਣ ਕਪਾਹੀ ਫੁੱਲ ਵੇ ਧਰਮੀ ਬਾਬਲਾ
ਸਾਨੂੰ ਉਹ ਰੁੱਤ ਲੈ ਦਈ ਮੁੱਲ ਵੇ ਧਰਮੀ ਬਾਬਲਾ
ਇਸ ਰੁੱਤੇ ਮੇਰਾ ਗੀਤ ਗੁਆਚਾ
ਜਿਦ੍ਹੇ ਗੱਲ ਬਿਰਹੋਂ ਦੀ ਗਾਨੀ
ਮੁੱਖ ਤੇ ਕਿੱਲ ਗਮਾਂ ਦੇ
ਨੈਣੀ ਉੱਜੜੇ ਖੂਹ ਦਾ ਪਾਣੀ
-- ਨੈਣੀ ਉਹਦੇ ਚੇਤ ਦੀ ਆਥਣ
ਅਤੇ ਜ਼ੁਲਫੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇਂ ਦਾ
ਕੋਈ ਦਿਹੁੰ ਚੜ੍ਹਨੇ ਤੇ ਆਇਆ
ਨੀ ਮੈਂ ਵਾਰੀ ਜਾਂ

ਉਸ ਦੀਆਂ ਰਚਨਾਵਾਂ 'ਪੀੜਾਂ ਦਾ ਪਰਾਗਾ' (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਦਰਦਮੰਦਾਂ ਦੇ ਆਹੀ (1964), ਲੂਣਾ (1965), ਮੈਂ ਤੇ ਮੈਂ (1970), ਆਰਤੀ (1971) ਵਿਚ ਛਪੀਆਂ।

1960 ਦੇ ਛਪੇ ਪਲੇਠੇ ਕਾਵਿ ਸੰਗ੍ਰਹਿ ਨੇ ਸ਼ਿਵ ਨੂੰ ਪ੍ਰਸਿੱਧੀ ਵੱਲ ਲੈ ਆਂਦਾ। ਇਸ ਵਿਚ ਔਰਤ ਦੇ ਮਨ ਦੀਆਂ ਰੀਝਾਂ, ਸਧਰਾਂ, ਦੁੱਖ-ਦਰਦ ਅਤੇ ਘੋਰ ਨਿਰਾਸ਼ਾ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ:-

-- ਲਾ ਲਾ ਲੂਣ ਖੁਆਏ ਦਿਲ ਦੇ
ਡੱਕਰੇ ਕਰ ਕਰ ਪੀੜਾਂ ਨੂੰ
ਪਰ ਇਕ ਪੀੜ ਵਸਲ ਦੀ ਤਾਂ ਵੀ
ਭੁੱਖੀ ਮਰਦੀ ਜਾਏ ਨੀ
ਹੰਝੂਆਂ ਦੀ ਅੱਗ ਸੇਕ ਸੇਕ ਕੇ
ਸੜ ਚੱਲੀਆਂ ਜੇ ਪਲਕਾਂ ਨੀ
ਪਰ ਪੀੜਾਂ ਦੇ ਪੋਹ ਦਾ ਅੜੀਓ
ਘਟਿਆ ਸੀਤ ਨਾ ਮਾਸਾ ਨੀ

ਸ਼ਿਵ ਕੁਮਾਰ ਦੀਆਂ ਰਚਨਾਵਾਂ ਸੁਰਿੰਦਰ ਕੌਰ, ਨੁਸਰਤ ਫਤਿਹ ਅਲੀ ਖਾਨ, ਜਗਜੀਤ ਸਿੰਘ, ਦੀਦਾਰ ਸਿੰਘ ਪ੍ਰਦੇਸੀ, ਬੱਬੂ ਮਾਨ, ਆਸਾ ਸਿੰਘ ਮਸਤਾਨਾ, ਕੇ. ਦੀਪ, ਮਹਿੰਦਰ ਕਪੂਰ ਆਦਿ ਕਈ ਗਾਇਕਾਂ ਨੇ ਗਾਈਆਂ।

ਮਈ 1972 ਵਿਚ ਸ਼ਿਵ ਨੇ ਡਾ. ਗੋਪਾਲ ਪੁਰੀ ਅਤੇ ਸ਼੍ਰੀਮਤੀ ਕੈਲਾਸ਼ ਪੁਰੀ ਦੇ ਸੱਦੇ 'ਤੇ ਇੰਗਲੈਂਡ ਦਾ ਦੌਰਾ ਕੀਤਾ। ਇੰਗਲੈਂਡ ਦੇ ਪੰਜਾਬੀ ਭਾਈਚਾਰੇ ਵਿਚ ਸ਼ਿਵ ਕੁਮਾਰ ਦੀ ਪ੍ਰਸਿੱਧੀ ਪਹਿਲਾਂ ਹੀ ਬਹੁਤ ਸੀ। ਉਸ ਦਾ ਸਥਾਨਕ ਅਖ਼ਬਾਰਾਂ ਵਿਚ ਸੁਰਖੀਆਂ ਤਸਵੀਰਾਂ ਨਾਲ ਉਸ ਦੇ ਆਉਣ ਦਾ ਐਲਾਨ ਕੀਤਾ ਗਿਆ। ਉਸ ਦੇ ਸਨਮਾਨ ਲਈ ਕਈ ਜਨਤਕ ਸਮਾਗਮਾਂ ਅਤੇ ਨਿੱਜੀ ਪਾਰਟੀਆਂ ਦਾ ਪ੍ਰਬੰਧ ਕੀਤਾ ਗਿਆ। ਸ਼ਿਵ ਨੇ ਰਾਤ ਨੂੰ ਪਾਰਟੀਆਂ ਤੋਂ ਲੇਟ ਆਉਣਾ ਸਵੇਰੇ-ਸਵੱਖਤੇ ਉਠਣਾ ਉਸ ਦੀ ਸਿਹਤ ਘੱਟਣੀ ਸ਼ੁਰੂ ਹੋ ਗਈ।

ਸਤੰਬਰ 1972 ਨੂੰ ਸ਼ਿਵ ਕੁਮਾਰ ਇੰਗਲੈਂਡ ਤੋਂ ਵਾਪਸ ਪਰਤਿਆ, ਤਾਂ ਉਸ ਦੀ ਸਿਹਤ ਵਿਚ ਕਾਫ਼ੀ ਗਿਰਾਵਟ ਆ ਚੁੱਕੀ ਸੀ। ਸ਼ਿਵ ਕੁਮਾਰ ਮਹਿਸੂਸ ਕਰ ਰਿਹਾ ਸੀ, ਲੋੜ ਵੇਲੇ ਉਸ ਦੇ ਬਹੁਤ ਸਾਰੇ ਦੋਸਤਾਂ ਨੇ ਉਸ ਦਾ ਸਾਥ ਛੱਡ ਦਿੱਤਾ ਸੀ। ਉਸ ਦੇ ਜਿਗਰ ਵਿਚ ਨੁਕਸ ਪੈ ਚੁੱਕਾ ਸੀ, ਉਸ ਨੂੰ ਉਸ ਦੀ ਪਤਨੀ ਨੇ ਚੰਡੀਗੜ੍ਹ 16 ਸੈਕਟਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿੱਥੇ ਕੁਝ ਦਿਨ ਇਲਾਜ ਚੱਲਿਆ।

ਕੁਝ ਮਹੀਨਿਆਂ ਬਾਅਦ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਪਰ ਸ਼ਿਵ ਕੁਮਾਰ ਡਾਕਟਰਾਂ ਦੀ ਮਰਜ਼ੀ ਤੋਂ ਬਿੰਨਾਂ ਹੀ ਛੁੱਟੀ ਲੈ ਗਿਆ। ਉਹ ਹਸਪਤਾਲ ਵਿਚ ਮਰਨਾ ਨਹੀਂ ਚਾਹੁੰਦਾ ਸੀ। ਉਹ ਬਟਾਲੇ ਆਪਣੇ ਪਰਿਵਾਰ ਕੋਲ ਚਲਿਆ ਗਿਆ। ਬਾਅਦ ਵਿਚ ਉਸ ਨੂੰ ਉਸ ਦੇ ਸੁਹਰੇ ਪਿੰਡ ਕੀੜੀ ਮੰਗਿਆਲ ਪਾਕਿਸਤਾਨ ਦੀ ਸਰਹੰਦ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਵਿਚ ਲਿਜਾਇਆ ਗਿਆ। 6 ਮਈ 1973 ਨੂੰ 37ਵੇਂ ਸਾਲ ਭਰ ਜਵਾਨੀ ਵਿਚ ਉੱਥੇ ਹੀ ਉਸ ਦੀ ਮੌਤ ਹੋ ਗਈ।

-- ਅਸਾਂ ਤਾਂ ਜੋਬਨ ਰੁੱਤੇ ਮਰਨਾ
ਤੁਰ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪ੍ਰਕਰਮਾਂ
ਅਸਾਂ ਤਾਂ ਜੋਬਨ ਰੁੱਤੇ ਮਰਨਾ!

ਸ਼ਿਵ ਕੁਮਾਰ ਦੇ ਮਰਨ ਉਪਰੰਤ ਬਿਰਹੜਾ (1974), ਅਲਵਿਦਾ (1974), ਅਸਾਂ ਤਾਂ ਜੋਬਨ ਰੁੱਤੇ ਮਰਨਾਂ (1976), ਸਾਗਰ ਤੇ ਕਣੀਆਂ (1982), ਸ਼ਿਵ ਕੁਮਾਰ ਪੂਰਨ ਕਾਵਿ ਸੰਗ੍ਰਹਿ (1983) ਵਿਚ ਛਪਿਆ।

## 'ਯਾਦ ਰੱਖਣ ਯੋਗ ਗੱਲਾਂ'


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325




- ਉੱਜੜਨਾ ਏਨਾ ਔਖਾ ਨਹੀਂ, ਜਿੰਨਾ ਵੱਸਣਾ ਔਖਾ ਹੁੰਦਾ ਹੈ।
- ਨਸੀਹਤ ਇੱਕ ਸੱਚਾਈ ਹੁੰਦੀ ਹੈ, ਜਿਸ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਤਾਰੀਫ ਇੱਕ ਧੋਖਾ ਹੁੰਦਾ ਹੈ, ਜਿਸ ਤੋਂ ਬਚਣ ਦੀ ਲੋੜ ਹੁੰਦੀ ਹੈ ਪਰ ਅਸੀਂ ਕਰਦੇ ਦੋਵੇਂ ਗੱਲਾਂ ਉਲਟ ਹਾਂ।
- ਸੱਪ ਦਾ ਕੰਮ ਹੁੰਦਾ ਹੈ ਡੰਗ ਮਾਰਨਾ, ਉਸ ਨੂੰ ਉਹੇ ਸੱਪਾ ਕਹੋ ਜਾਂ ਸੱਪ ਜੀ ਕਹੋ! ਇਸ ਲਈ ਹਰੇਕ ਬੰਦੇ ਨੂੰ ਇੱਜ਼ਤ ਉਸਦੀ ਔਕਾਤ ਅਨੁਸਾਰ ਹੀ ਦਿਉ।
- ਕਿਸੇ ਨਾਲ ਵੀ ਰਿਸ਼ਤਾ ਜਾਂ ਦੋਸਤੀ ਜਿੰਨੀ ਮਰਜ਼ੀ ਨਜ਼ਦੀਕੀ ਹੋਵੇ, ਉਹ ਮਰਨ ਵਾਲੇ ਨਾਲ ਸਿਵਿਆਂ ਤੱਕ ਹੀ ਜਾ ਸਕਦਾ ਹੈ, ਉਸ ਤੋਂ ਅੱਗੇ ਉਸ ਦੀ ਵੀ ਮਜਬੂਰੀ ਹੁੰਦੀ ਹੈ।
- ਜੇਬ ਵਿਚ ਲਕਸ਼ਮੀ ਕਾਂਤ ਹੋਵੇ, ਤਾਂ ਜ਼ਿੰਦਗੀ ਪਿਆਰੇ ਲਾਲ ਵਰਗੀ ਆਪੇ ਹੋ ਜਾਂਦੀ ਹੈ।
- ਬਿਨਾਂ ਵਜ੍ਹਾ ਨਾ ਬੋਲਿਆ ਕਰੋ। ਜੇ ਬੋਲਣਾ ਹੀ ਹੋਵੇ ਤਾਂ ਅਜਿਹੇ ਬੋਲ ਬੋਲੋ, ਜੋ ਚੁੱਪ ਨਾਲੋਂ ਜ਼ਿਆਦਾ ਕੀਮਤੀ ਹੋਣ। (ਪਾਈਥਾਗੋਰਸ)
- ਦੋਸਤੀ ਨਿਭਾਉਣ ਵਾਲੇ ਰਾਹ ਲੱਭਦੇ ਹੁੰਦੇ ਹਨ ਅਤੇ ਤੋੜਨ ਵਾਲੇ ਬਹਾਨਾ।

ਪੰਜਾਬ ਮੇਲ USA

# ਡਰੋਨ ਰਾਹੀਂ ਹੋ ਰਹੀ ਨਸ਼ਿਆਂ ਦੀ ਸਮੱਗਲਿੰਗ ਚਿੰਤਾ ਦਾ ਵਿਸ਼ਾ



-ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ ਪਾਤੜਾਂ,
ਜ਼ਿਲ੍ਹਾ ਪਟਿਆਲਾ
98761-01698
ਪੰਜਾਬ ਮੇਲ USA



ਕੌਮੀ ਅਪਰਾਧ ਬਿਊਰੋ ਨੇ ਦੇਸ਼ ਅੰਦਰ ਨਸ਼ਿਆਂ ਦੀ ਸਮੱਗਲਿੰਗ ਅਤੇ ਵਰਤੋਂ ਬਾਰੇ ਹੈਰਾਨੀਜਨਕ ਖ਼ੁਲਾਸੇ ਕੀਤੇ ਹਨ। ਜਿਸ ਦੌਰਾਨ ਪੰਜਾਬ ਨੂੰ ਪੂਰੀ ਤਰ੍ਹਾਂ ਕਾਲੀ ਨਾਗਨੀ ਦੀ ਜਕੜ੍ਹ ਵਿਚ ਅਤੇ ਗੁਜਰਾਤ ਨੂੰ ਹੈਰੋਇਨ ਦੇ ਭਾਰ ਹੇਠ ਦੱਬੇ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਨਸ਼ਿਆਂ ਦੀ ਮਾਰ ਦਾ ਮਸਲਾ ਹੁਣ ਇਕੱਲੇ ਪੰਜਾਬ ਦਾ ਨਹੀਂ ਰਿਹਾ, ਸਗੋਂ ਕੌਮੀ ਪੱਧਰ ਦਾ ਮਸਲਾ ਬਣ ਕੇ ਉਭਰਿਆ ਹੈ। ਕਿਉਂਕਿ ਨਸ਼ਿਆਂ ਦੀ ਸਮੱਗਲਿੰਗ ਕਰਨ ਦੇ ਨਵੇਂ ਸਾਧਨ ਪੈਦਾ ਕੀਤੇ ਗਏ ਹਨ। ਕਿਸੇ ਵੇਲੇ ਪਾਕਿ ਸਰਹੱਦ ’ਤੇ ਕੰਡਿਆਲੀ ਤਾਰ ਰਾਹੀਂ ਹੈਰੋਇਨ ਦੇ ਪੈਕੇਟ ਪੰਜਾਬ ਵਾਲੇ ਪਾਸੇ ਸੁੱਟੇ ਜਾਂਦੇ ਸਨ ਜਾਂ ਫਿਰ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਨਸ਼ਿਆਂ ਦੀ ਸਮੱਗਲਿੰਗ ਲਈ ਵਰਤਿਆ ਜਾਦਾ ਸੀ ਪਰ ਹੁਣ ਡਰੋਨ ਵਰਗੇ ਸਾਧਨਾਂ ਰਾਹੀਂ ਮਹਿੰਗੇ ਨਸ਼ੇ ਪੰਜਾਬ ਵਾਲੇ ਪਾਸੇ ਸੁੱਟੇ ਜਾ ਰਹੇ ਹਨ। ਫਰਵਰੀ 2024 ਤੋਂ ਲੈ ਕੇ ਜੂਨ ਮਹੀਨੇ ਤੱਕ ਮਤਲਬ ਕਿ ਪੰਜ ਮਹੀਨੇ ’ਚ 126 ਡਰੋਨ ਅਤੇ 700 ਕਰੋੜ ਰੁਪਏ ਤੋਂ ਵੱਧ ਦੀ ਹੈਰੋਇਨ ਸੁਰੱਖਿਆ ਬਲਾਂ ਵਲੋਂ ਬਰਾਮਦ ਕੀਤੀ ਗਈ ਹੈ। ਅਫਗਾਨਿਸਤਾਨ ਹੈਰੋਇਨ ਵਰਗੇ ਨਸ਼ੇ ਨੂੰ ਪਾਕਿਸਤਾਨ ਸਰਹੱਦ ਰਾਹੀਂ ਪੰਜਾਬ ਨੂੰ ਮੁੱਖ ਕੇਂਦਰ ਬਣਾ ਕੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਸਮੱਗਲਿੰਗ ਕਰ ਰਿਹਾ ਹੈ। ਜਿਸ ਤਰ੍ਹਾਂ ਹਰ ਰੋਜ਼ ਹੀ ਪੰਜਾਬ ਪਾਕਿਸਤਾਨ ਸਰਹੱਦ ਅਤੇ ਪੰਜਾਬ ਦੇ ਸ਼ਹਿਰਾਂ ਵਿਚੋਂ ਅਰਬਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਜਾ ਰਹੀ ਹੈ। ਕੌਮੀ ਅਪਰਾਧ ਬਿਊਰੋ ਨੇ ਖੁਲਾਸਾ ਕੀਤਾ ਹੈ ਕਿ ਦੇਸ਼ ਅੰਦਰ ਅਫੀਮ, ਹੈਰੋਇਨ, ਭੰਗ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਵਿਚ ਪਿਛਲੇ ਸਮਿਆਂ ਦੌਰਾਨ ਤਿੰਨ ਸੌ ਫੀਸਦੀ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ 2017 ਵਿਚ ਸਭ ਤੋਂ ਵੱਧ 3.6 ਲੱਖ ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਸਨ। ਦੇਸ਼ ਅੰਦਰ ਨਸ਼ੀਲੇ ਪਦਾਰਥਾਂ ਨੂੰ ਫੜ੍ਹਨ ਲਈ ਕੰਮ ਕਰ ਰਹੀਆਂ ਵੱਖ-ਵੱਖ ਏਜ਼ਸੀਆਂ ਵੱਲੋਂ ਪੰਜ ਸਾਲਾਂ ਦੌਰਾਨ 2551 ਕਿਲੋ ਅਫੀਮ,2146 ਕਿਲੋ ਹੈਰੋਇਨ, 352379 ਕਿਲੋ ਭੰਗ, 3218 ਕਿਲੋ ਹਸ਼ੀਸ਼ 69 ਕਿਲੋ ਕੋਕੀਨ ਬਰਾਮਦ ਕੀਤੀ ਗਈ ਹੈ। ਸਾਲ 2017 ਵਿਚ 3 ਲੱਖ 60 ਹਜ਼ਾਰ ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਹੋਏ। ਜਦੋਂਕਿ ਸਾਲ 2016 ਵਿਚ ਬਰਾਮਦਗੀ ਦੀ ਇਹ ਮਾਤਰਾ 3 ਲੱਖ ਇੱਕ ਹਜ਼ਾਰ ਕਿਲੋਗ੍ਰਾਮ ਸੀ। ਸਾਲ 2015 ’ਚ 1 ਲੱਖ ਕਿਲੋਗ੍ਰਾਮ, ਸਾਲ 2014 ’ਚ 1.1 ਲੱਖ ਕਿਲੋਗ੍ਰਾਮ, ਸਾਲ 2013 ’ਚ 1 ਲੱਖ ਕਿਲੋਗ੍ਰਾਮ ਸੀ। ਪਿਛਲੇ ਪੰਜ ਸਾਲਾਂ ਦੌਰਾਨ ਬਰਾਮਦ ਹੋਏ ਨਸ਼ੀਲੇ ਪਦਾਰਥਾਂ ਦੀ ਮਾਤਰਾ ਸਭ ਤੋਂ ਵੱਧ ਹੈ। ਦੇਸ਼ ਦੇ ਸਾਰੇ ਰਾਜਾਂ ਦੀਆਂ ਏਜੰਸੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਮਾਮਲੇ ਨੂੰ ਜਨਤਕ ਕੀਤਾ ਸੀ। ਸਾਲ 2017 ’ਚ ਦੇਸ਼ ਦੇ ਸਾਰੇ ਰਾਜਾਂ ਵਿਚੋਂ ਵੱਧ ਅਫੀਮ ਦੀ ਬਰਾਮਦਗੀ ਪੰਜਾਬ ਵਿਚੋਂ ਹੋਈ ਸੀ, ਜਿਸ ਦੀ ਮਾਤਰਾ 505.86 ਕਿਲੋਗ੍ਰਾਮ ਦੱਸੀ ਗਈ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਪੂਰਾ ਪੰਜਾਬ ਕਾਲੀ ਨਾਗਨੀ ਦਾ ਡੰਗਿਆ ਪਿਆ ਹੈ। ਜਿਥੇ ਅਫੀਮ ਨੂੰ ਸ਼ਾਹੀ ਨਸ਼ਾ ਸਮਝ ਕੇ ਸਭ ਤੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਰਾਜਸਥਾਨ ਵਿਚੋਂ 426.95 ਕਿਲੋਗ੍ਰਾਮ, ਗੁਜਰਾਤ ਵਿਚੋਂ 1.017 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੰਜਾਬ ਵਿਚੋਂ 406 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਆਂਧਰਾ ਪ੍ਰਦੇਸ਼ ਵਿਚੋਂ 78.767 ਅਤੇ ਉੜੀਸਾ ਵਿਚੋਂ 55.875 ਕਿਲੋਗ੍ਰਾਮ ਭੰਗ ਬਰਾਮਦ ਹੋਈ। ਉਤਰ ਪ੍ਰਦੇਸ਼ ਵਿਚੋਂ 702 ਅਤੇ ਮੱਧ ਪ੍ਰਦੇਸ਼ ਵਿਚੋਂ 625 ਕਿਲੋਗ੍ਰਾਮ ਚਰਸ ਬਰਾਮਦ ਕੀਤੀ ਗਈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚੋਂ 30 ਕਿਲੋ ਅਤੇ ਮਹਾਂਰਾਸ਼ਟਰ ਵਿਚੋਂ 21.83 ਕਿਲੋ ਕੋਕੀਨ ਬਰਾਮਦ ਕੀਤੀ ਗਈ ਸੀ। ਨਾਰਕੋਟਿਕਸ ਕੰਟਰੋਲ ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਰੀਅਰ, ਪਾਰਸਲ ਆਦਿ ਰਾਹੀਂ ਦੇਸ਼ ਵਿਚ ਹਰ ਸਾਲ 1550 ਕਰੋੜ ਰੁਪਏ ਤੋਂ ਜ਼ਿਆਦਾ ਨਸ਼ਿਆਂ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ, ਜਿਸ ਵਿਚ 472 ਕਰੋੜ ਦੀ ਹੈਰੋਇਨ ਵੀ ਸ਼ਾਮਲ ਹੈ। ਪੰਜਾਬ ਰਾਹੀਂ ਵਿਦੇਸ਼ਾਂ ਵਿਚ ਪਹੁੰਚਿਆ ਇਹ ਕਾਰੋਬਾਰ ਹਰ ਸਾਲ ਵਧਦਾ ਜਾ ਰਿਹਾ ਹੈ। ਅੰਕੜਿਆਂ ਮੁਤਾਬਕ ਸਾਲ 2005 ਵਿਚ 80 ਕਿਲੋ ਹੈਰੋਇਨ ਫੜੀ ਸੀ ਪਰ ਸਾਲ 2010 ਦੇ ਜਨਵਰੀ ਤੋਂ ਲੈ ਕੇ ਪੰਦਰਾਂ ਮਾਰਚ ਤੱਕ ਹੀ ਢਾਈ ਕੁ ਮਹੀਨੇ ਵਿਚ ਅੱਸੀ ਕਿਲੋ ਤੋਂ ਜ਼ਿਆਦਾ ਹੈਰੋਇਨ ਫੜੀ ਗਈ। ਨਸ਼ੇ ਦੇ ਇਸ ਕਾਰੋਬਾਰ ਵਿਚ ਇੰਨਾ ਜ਼ਿਆਦਾ ਵਾਧਾ ਹੋਇਆ ਕਿ ਸਾਲ 2006 ਵਿਚ 260 ਕਿਲੋ ਹੈਰੋਇਨ ਬਰਾਮਦ ਹੋਈ। ਇਸ ਤੋਂ ਕਈ ਗੁਣਾਂ ਵੱਧ ਬਾਹਰਲੇ ਦੇਸ਼ਾਂ ਵਿਚ ਸਪਲਾਈ ਕੀਤੀ ਗਈ, ਇਸ ਮਹਿੰਗੇ ਨਸ਼ੇ ਦੀ ਸਮੱਗਲਿੰਗ ਨੂੰ ਰੋਕਣ ਲਈ ਤਿਆਰ ਕੀਤੀਆਂ ਗਈਆਂ ਸਪੈਸ਼ਲ ਟੀਮਾਂ ਪੁਲਿਸ, ਕਸਟਮ, ਬੀ.ਐੱਸ.ਐੱਫ., ਨਾਰਕੋਟਿਕਸ ਸੈੱਲ ਵੱਲੋਂ ਸਖਤਾਈ ਵਰਤਣ ਦੇ ਬਾਵਜੂਦ ਵੀ ਜਨਵਰੀ ਤੋਂ ਲੈ ਕੇ ਜੂਨ 2007 ਤੱਕ ਫਿਰੋਜ਼ਪੁਰ, ਮਮਦੋਟ, ਫਾਜ਼ਿਲਕਾ ਨੇੜੇ ਦੋ ਸੌ ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਖੁਲਾਸਾ ਹੋਇਆ ਹੈ ਕਿ ਅਫਗਾਨਿਸਤਾਨ ਵਿਚ ਅਫੀਮ ਤੋਂ ਹੈਰੋਇਨ ਤਿਆਰ ਕਰਨ ਵਾਲੇ ਕਈ ਪਲਾਂਟ ਲੱਗੇ ਹੋਏ ਹਨ। ਜਿਹੜੇ ਇੱਕ ਸਾਲ ਵਿਚ 6010 ਮੀਟਰਕ ਟਨ ਹੈਰੋਇਨ ਤਿਆਰ ਕਰਨ ਦੀ ਸਮਰੱਥਾ ਰੱਖਦੇ ਹਨ। ਫਾਜ਼ਿਲਕਾ ਨੇੜੇ ਪੈਂਦੇ ਪਿੰਡ ਚੱਕ ਖੀਵਾ ਦੇ ਖੇਤਾਂ ਵਿਚੋਂ ਕੰਡਿਆਲੀ ਤਾਰ ਉਪਰੋਂ ਸੁੱਟੀ ਪੰਦਰਾਂ ਕਰੋੜ ਦੀ ਹੈਰੋਇਨ ਬਰਾਮਦ ਕੀਤੀ ਗਈ। ਸਾਲ 2007 ਵਿਚ 417 ਕਿਲੋ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਮਾਰਚ-ਅਪ੍ਰੈਲ ਦੇ ਮਹੀਨਿਆਂ ਦੌਰਾਨ ਸਭ ਤੋਂ ਵੱਧ ਹੈਰੋਇਨ ਸਪਲਾਈ ਕੀਤੀ ਜਾਂਦੀ ਹੈ। ਕਿਉਂਕਿ ਇਨ੍ਹਾਂ ਦਿਨਾਂ ਵਿਚ ਅਫੀਮ ਦੀ ਨਵੀਂ ਫਸਲ ਤਿਆਰ ਹੋ ਜਾਂਦੀ ਹੈ। ਮਾਰਚ 2007 ਦੌਰਾਨ ਸਭ ਤੋਂ ਵੱਧ 126 ਕਿਲੋ ਹੈਰੋਇਨ ਪੰਜਾਬ ਵਿਚੋਂ ਬਰਾਮਦ ਹੋਈ ਸੀ। ਕੌਮੀ ਅਪਰਾਧ ਬਿਊਰੋ ਵੱਲੋਂ ਨਸ਼ਿਆਂ ਦੀ ਸਮੱਗਲਿੰਗ ’ਚ ਹੋ ਰਹੇ ਵਾਧੇ ਬਾਰੇ ਕੀਤੇ ਗਏ ਖੁਲਾਸੇ ਨੇ ਰਾਜ ਸਰਕਾਰਾਂ ਦੇ ਨਾਲ ਹੀ ਕੇਂਦਰ ਸਰਕਾਰ ਵੱਲ ਨਸ਼ੇ ਨੂੰ ਰੋਕਣ ਲਈ ਫੌਰੀ ਕਦਮ ਚੁੱਕੇ ਜਾਣ ਵੱਲ ਇਸ਼ਾਰਾ ਹੀ ਨਹੀਂ ਕੀਤਾ, ਸਗੋਂ ਨਸ਼ਿਆਂ ਵਾਲੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਸੋਚਣ ਲਈ ਵੀ ਮਜਬੂਰ ਕੀਤਾ ਹੈ ਅਤੇ ਨਵੀ ਤਕਨੀਕ ਡਰੋਨ ਰਾਹੀਂ ਨਸ਼ਿਆਂ ਦੀ ਸਮੱਗਲਿੰਗ ਹੋਣ ਨਾਲ ਹੋਰ ਵੀ ਚਿੰਤਾਂ ’ਚ ਵਾਧਾ ਹੋਇਆ ਹੈ। ਇਸ ਤਰ੍ਹਾਂ ਦੇ ਢੰਗ ਤਰੀਕਿਆਂ ਨਾਲ ਕਾਫੀ ਦੂਰੋਂ ਹੀ ਨਸ਼ਾ ਪੰਜਾਬ ਵਾਲੇ ਪਾਸੇ ਭੇਜਿਆ ਜਾ ਰਿਹਾ ਹੈ ਅਤੇ ਨਸ਼ੇ ਦੀ ਸਪਲਾਈ ਕਰਨ ਵਾਲੇ ਬਚ ਨਿਕਲਦੇ ਹਨ।

# ‘ਸੌ ਦੇ ਨੋਟ’ ਗੀਤ ਦਾ ਰਚੇਤਾ ਬਿੱਕਰ ਮਹਿਰਾਜ ਵਾਲਾ

## ਗੀਤਾਂ ਦੇ ਵਣਜਾਰੇ



-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਪੁਰਾਣੇ ਤੇ ਚਰਚਿਤ ਗੀਤਕਾਰ ਬਿੱਕਰ ਮਹਿਰਾਜ ਵਾਲਾ ਨੇ ਗੀਤ ਤਾਂ ਬਹੁਤ ਲਿਖੇ ਤੇ ਰਿਕਾਰਡ ਕਰਵਾਏ ਪਰ ਜੋ ਪਛਾਣ ਉਸ ਨੂੰ ‘ਸੌ ਦੇ ਨੋਟ’ ਗੀਤ ਨੇ ਦਿੱਤੀ, ਉਹ ਸਾਰਿਆਂ ਤੋਂ ਉੱਤੇ ਹੈ। ਮੁਹੰਮਦ ਸਦੀਕ ਦਾ ਹਰੇਕ ਅਖਾੜਾ/ਸਟੇਜ ਇਸ ਦੋਗਾਣੇ ਬਿਨਾਂ ਅਧੂਰਾ ਰਹਿੰਦਾ ਹੈ। ਸਦੀਕ ਤੋਂ ਇਲਾਵਾ ਆਰਕੈਸਟਰਾਂ ਪਾਰਟੀਆਂ ਵਲੋਂ ਵੀ ਇਸ ਗੀਤ ਨੂੰ ਵਾਰ-ਵਾਰ ਫ਼ਰਮਾਇਸ਼ਾਂ ’ਤੇ ਸੁਣਾਇਆ ਜਾਂਦਾ ਹੈ। ਇੱਕ ਦਿਓਰ-ਭਰਜਾਈ ਵਿਚਕਾਰ ਸੌ ਰੁਪਏ ਦੇ ਖ਼ਰਚ ਦਾ ਹਿਸਾਬ-ਕਿਤਾਬ ਭਾਵੇਂ ਬਹੁਤ ਪੁਰਾਣਾ ਹੈ ਪਰ ਸਦੀਕ ਵਲੋਂ ਇਸ ਦੋਗਾਣੇ ਦੀ ਪੇਸ਼ਕਾਰੀ ਦਾ ਢੰਗ-ਤਰੀਕਾ ਬਹੁਤ ਹੀ ਰੌਚਕਤਾ ਭਰਪੂਰ ਹੁੰਦਾ ਹੈ ਕਿ ਸਰੋਤੇ ਹਰ ਵਾਰੀ ਵੱਖਰਾ ਨਜ਼ਾਰਾ ਲੈਂਦੇ ਹਨ।

ਇੱਥੇ ਇੱਕ ਗੱਲ ਹੋਰ ਵੀ ਧਿਆਨ ਮੰਗਦੀ ਹੈ, ਉਹ ਇਹ ਕਿ ‘ਸੌ ਦੇ ਨੋਟ’ ਜੇਹੀ ਇੱਕ ਸ਼ਾਹਕਾਰ ਰਚਨਾ ਲਿਖਣ ਵਾਲਾ ਇਹ ਗੀਤਕਾਰ ਇਸ ਦੇ ਹਾਣ ਦੀ ਕੋਈ ਹੋਰ ਲਿਖਤ ਕਿਉਂ ਨਾ ਲਿਖ ਸਕਿਆ, ਜਦਕਿ ਸਦੀਕ ਦੀ ਗਾਇਕੀ ਨਾਲ ਜੁੜੇ ਅਨੇਕਾਂ ਗੀਤਕਾਰ ਉਸ ਨਾਲ ਲੰਮਾ ਸਮਾਂ ਨਿਭੇ ਹਨ। ਇਸ ਪਿੱਛੇ ਵੀ ਇੱਕ ਵੱਖਰੀ ਕਹਾਣੀ ਹੈ।

ਕੁੰਢੀਆਂ ਮੁੱਛਾਂ, ਘੋਟਵੀਂ ਟੇਢੀ ਪੱਗ, ਕਣਕ ਵੰਨੇ ਰੰਗ ਦਾ ਮਾਲਕ ਗੀਤਕਾਰ ਬਿੱਕਰ ਮਹਿਰਾਜ ਪੁਲਿਸ ਮਹਿਕਮੇ ’ਚ ਰਹਿਕੇ ਵੀ ਕਲਮ ਕਲਾ ਨਾਲ ਜੁੜਿਆ ਰਿਹਾ ਹੈ। ਜਿੱਥੇ ਉਸਨੇ ਮੁਹੰਮਦ ਸਦੀਕ, ਕੁਲਦੀਪ ਮਾਣਕ, ਕਰਤਾਰ ਰਮਲਾ, ਪਰਮਿੰਦਰ ਸੰਧੂ, ਫਕੀਰ ਚੰਦ ਪਤੰਗਾ ਆਦਿ ਆਪਣੇ ਵੇਲੇ ਦੇ ਅਨੇਕਾਂ ਨਾਮੀ ਗਾਇਕਾਂ ਦੀ ਆਵਾਜ਼ ’ਚ ਰਿਕਾਰਡ ਹੋਣ ਦਾ ਮਾਣ ਖੱਟਿਆ, ਉੱਥੇ ਕੈਸਟ ਕਲਚਰ ਦੇ ਦੌਰ ਵਿਚ ਕਰਮਜੀਤ ਰੰਧਾਵਾ, ਮੇਜਰ ਰਾਜਸਥਾਨੀ ਵਰਗੇ ਕਈ ਨਵੇਂ ਗਾਇਕਾਂ ਨੂੰ ਆਪਣੇ ਗੀਤਾਂ ਨਾਲ ਸੰਗੀਤ ਜਗਤ ਦੇ ਖੇਤਰ ’ਚ ਪਹਿਚਾਣ ਦਿਵਾਈ। ਜ਼ਿੰਦਗੀ ਵਿਚ ਵਾਪਰੇ ਹਾਦਸਿਆਂ ਨੇ ਉਸਦੀ ਕਲਮ ਦੀ ਨੋਕ ਅਤੇ ਸੋਚ ਨੂੰ ਖੁੰਡੀ ਕਰ ਦਿੱਤਾ। ਜਵਾਨ ਪੁੱਤ ਦੀ ਅਰਥੀ ਦੇ ਬੋਝ ਨੇ ਉਸ ’ਚੋਂ ਸਾਹ-ਸੱਤ ਹੀ ਕੱਢ ਦਿੱਤਾ। ਇਸੇ ਗਮ ’ਚ ਉਹ ਕਲਾ ਸਰਗਰਮੀਆਂ ਤੋਂ ਟੁੱਟ ਗਿਆ।

ਪਿਤਾ ਸ. ਜਵਰਾ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਘਰ 15 ਮਈ, 1962 ਨੂੰ ਜਨਮੇ ਬਿੱਕਰ ਨੂੰ ਨਿੱਕੇ ਹੁੰਦਿਆਂ ਗਾਉਣ ਵਾਲਿਆਂ ਦੇ ਅਖਾੜੇ ਸੁਣਨ ਦਾ ਬਹੁਤਾ ਸ਼ੌਂਕ ਸੀ, ਜਿਸ ਦੇ ਪ੍ਰਭਾਵ ਸਦਕਾ ਉਹ ਗੀਤ ਲਿਖਣ ਲੱਗਿਆ। ਬਿੱਕਰ ਨਾਮੀ ਗੀਤਕਾਰ ਕਰਮ ਸਿੰਘ ਭੱਟੀ ਦਾ ਚੇਲਾ ਹੈ। ਉਸਦੇ ਗੀਤਾਂ ਦੀ ਪਹਿਲੀ ਰਿਕਾਡਿੰਗ ਬਲਵਿੰਦਰ ਭਗਤਾ ਤੇ ਹਰਮਿੰਦਰ ਕੌਰ ਦੀ ਆਵਾਜ਼ ਵਿਚ ਕੈਸਟ ‘ਨਣਦਾਂ ਨੱਢੀਆਂ’ ਨਾਲ ਹੋਈ। ਭਾਵੇਂਕਿ ਇਨ੍ਹਾਂ ਗੀਤਾਂ ਨਾਲ ਉਸ ਨੂੰ ਕੋਈ ਬਹੁਤੀ ਪ੍ਰਸਿੱਧੀ ਨਾ ਮਿਲੀ ਪਰ ਉਸ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਨ੍ਹਾਂ ਹੀ ਸਮਿਆਂ ਵਿਚ ਕਈ ਹੋਰ ਨਵੇਂ ਕਲਾਕਾਰਾਂ ਨੇ ਵੀ ਬਿੱਕਰ ਦੇ ਗੀਤ ਗਾਏ। ਉਨ੍ਹੀਂ ਦਿਨੀਂ ਮੁਹੰਮਦ ਸਦੀਕ ਆਮ ਗਾਇਕੀ ਤੋਂ ਹੱਟ ਕੇ ਕੁਝ ਵੱਖਰਾ ਕਰਨਾ ਚਾਹੁੰਦਾ ਸੀ, ਜਦ ਬਿੱਕਰ ਦਾ ਉਸ ਨਾਲ ਮੇਲ ਹੋਇਆ, ਤਾਂ ਇੱਕ ਦਿਲਚਸਪ ਕਹਾਣੀ ਦੀ ਵਾਰਤਾਲਾਪ ਪੇਸ਼ ਕਰਦਾ ਗੀਤ ‘ਸੌ ਦਾ ਨੋਟ’ ਦੀ ਸਿਰਜਣਾ ਹੋਈ। ਜਦ ਇਹ ਦੋਗਾਣਾ ਰਿਕਾਰਡ ਹੋ ਕੇ ਆਇਆ, ਤਾਂ ‘ਮਲਕੀ -ਕੀਮਾ’, ਸੁੱਚਾ ਸੂਰਮਾ’ ਵਾਂਗ ਇਸ ਨੇ ਇੱਕ ਵੱਖਰਾ ਇਤਿਹਾਸ ਸਿਰਜਿਆ। ਬਿੱਕਰ ਦੇ ਦੱਸਣ ਮੁਤਾਬਕ ਇਸ ਗੀਤ ਦੀ ਪ੍ਰਸਿੱਧੀ ਮਗਰੋਂ ਉਸ ਨੇ ਸਦੀਕ ਨੂੰ ਹੋਰ ਵੀ ਕਈ ਦੋਗਾਣੇ ਲਿਖ ਕੇ ਦਿੱਤੇ ਪਰ ਸਦੀਕ ਨੂੰ ਦਿੱਤੇ ਇੱਕ ਗੀਤ ਦਾ ਕਿਸੇ ਇੱਕ ਹੋਰ ਗਾਇਕ ਦੀ ਆਵਾਜ਼ ਵਿਚ ਰਿਕਾਰਡ ਹੋਣ ਕਰਕੇ ਉਨ੍ਹਾਂ ਵਿਚਲੀ ਦੂਰੀ ਵਧ ਗਈ। ਪਰ ਉਹ ਸਦੀਕ ਦੇ ਗਾਏ ਇਸ ਇੱਕ ਗੀਤ ਤੋਂ ਹੀ ਸੰਤੁਸ਼ਟ ਹੈ, ਜਿਸ ਨਾਲ ਉਸਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ।

ਸਦੀਕ ਤੋਂ ਬਾਅਦ ਕੁਲਦੀਪ ਮਾਣਕ ਦੀ ਆਵਾਜ਼ ਵਿਚ ਬਿੱਕਰ ਦੇ ਗੀਤਾਂ ‘ਸਿੱਖੀ ਦੀਆਂ ਜੜ੍ਹਾਂ ਪਤਾਲੋਂ ਜ਼ਾਲਮ ਪੁੱਟ ਸਕਦਾ ਨੀ..’ ਅਤੇ ‘ਟੁੱਟੀ ਤੋਂ ਹਰੇਕ ਮੰਦੇ ਬੋਲਦਾ ਏ ਬੋਲ’ ਨਾਲ ਉਸ ਦੀ ਕਲਮ ਮੁੜ ਸਰਗਰਮ ਹੋਈ। ਕੁਲਦੀਪ ਮਾਣਕ ਦਾ ਰਿਕਾਰਡ ਸ਼ਰਾਬ ਬਾਰੇ ਬਿੱਕਰ ਦਾ ਲਿਖਿਆ ਗੀਤ-‘ਤੂੰ ਨਾ ਮੁੱਕੇ ਨੀਂ ਸਰਾਬ ਦੀਏ ਬੋਤਲੇ-ਪੀਣ ਵਾਲੇ ਮੁੱਕੀ ਜਾਂਦੇ ਨੇ...’ ਵੀ ਇੱਕ ਵਧੀਆ ਸੋਚ ਵਾਲਾ ਹੈ। ਉਸਤਾਦ ਗਾਇਕ ਕਰਤਾਰ ਰਮਲੇ ਦੀ ਆਵਾਜ਼ ਵਿਚ ਰਿਕਾਰਡ ਹੋ ਕੇ ਬਿੱਕਰ ਨੇ ਆਪਣੀ ਚਿਰੌਕਣੀ ਰੀਝ ਵੀ ਪੂਰੀ ਕੀਤੀ। ਰਮਲੇ ਨੇ ਉਸਦੇ ਕਈ ਗੀਤ ਗਾਏ।

ਕੈਸਟ ਕਲਚਰ ਦੇ ਮਘਦੇ ਦੌਰ ਵਿਚ ਗੀਤਕਾਰ ਬਿੱਕਰ ਨੇ ਵੀ ਨਵੇਂ ਗਾਇਕਾਂ ਦਾ ਪੇਸ਼ਕਾਰ ਬਣ ਕੇ ਆਪਣੇ ਦੋਵੇਂ ਹੱਥ ਸੇਕੇ। ਜਿਨ੍ਹਾਂ ’ਚੋਂ ਕਰਮਜੀਤ ਰੰਧਾਵਾ ਨਾਂ ਦੇ ਅਸਲੋਂ ਨਵੇਂ ਗਾਇਕ ਦੀ ਪਛਾਣ ਨੂੰ ਬਿੱਕਰ ਆਪਣੀ ਇੱਕ ਵੱਡੀ ਪ੍ਰਾਪਤੀ ਮੰਨਦਾ ਹੈ। ਕੁਝ-ਕੁ ਮਹੀਨੇ ਪਹਿਲਾਂ ਦੁਨੀਆਂ ਛੱਡਣ ਵਾਲੇ ਇਸ ਗਾਇਕ ਦੀਆਂ ਕੈਸਟਾਂ ‘ਭੁੱਲ ਗਿਆ ਗਰੀਬੜੀ ਦਾ ਪਿਆਰ, ਮਰ ਗਿਆ ਇੱਕ ਪ੍ਰੇਮੀ ਜੋੜਾ, ਆਸ਼ਕਾਂ ਦੀ ਗੱਲ, ਚੰਨੀ ਤੇਰੀ ਮੰਗ ਦਿੱਤੀ, ਯਾਦ ਕੀਤਾ ਸੀ ਕਿ ਨਾ, ਆਦਿ ਬੇਹੱਦ ਮਕਬੂਲ ਹੋਈਆਂ। ਮਾਲਵੇ ਦੀ ਉਦਾਸ ਗਾਇਕੀ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਉਣ ਵਾਲੇ ਮਰਹੂਮ ਗਾਇਕ ਮੇਜਰ ਰਾਜਸਥਾਨੀ ਨੇ ਬਿੱਕਰ ਕਲਮ ਨੂੰ ਗਾ ਕੇ ਆਪਣੀ ਪਛਾਣ ਹੋਰ ਗੂੜ੍ਹੀ ਕੀਤੀ ਸੀ। ਉਸਦੀ ਆਵਾਜ਼ ਵਿਚਲੇ ਅਨੇਕਾਂ ਚਰਚਿਤ ਗੀਤ ‘ਕਾਰ ਰੀਬਨਾ ਵਾਲੀ, ਧੰਨਵਾਦ ਵਿਚੋਲੇ ਦਾ, ਆਤਮ ਹੱਤਿਆ, ਨੋਟ ਚੰਦਰੇ ਅਸੀਂ ਕੀ ਦੱਸ ਫੂਕਣੇ ਮਾਹੀ ਤਾਂ ਸਾਡੇ ਕੋਲ ਨਾ ਰਹੇ, ਆਦਿ ਬਿੱਕਰ ਮਹਿਰਾਜ ਦੀ ਕਲਮ ’ਚੋਂ ਹਨ। ਬਿੱਕਰ ਦੇ ਗੀਤਾਂ ਨੂੰ ਬਲਵਿੰਦਰ ਭਗਤਾ, ਕੁਲਦੀਪ ਮਾਣਕ, ਕਰਤਾਰ ਰਮਲਾ, ਪਰਮਿੰਦਰ ਸੰਧੂ, ਫਕੀਰ ਚੰਦ ਪਤੰਗਾ-ਸੁਚੇਤ ਬਾਲਾ, ਦਿਲਸ਼ਾਦ ਅਖਤਰ, ਰਾਜਾ ਸਿੱਧੂ-ਰਾਜਵਿੰਦਰ ਕੌਰ, ਬਲਕਾਰ ਸਿੱਧੂ, ਕਰਮਜੀਤ ਰੰਧਾਵਾ ਆਦਿ ਗਾਇਕ ਕਲਾਕਾਰਾਂ ਨੇ ਰਿਕਾਰਡ ਕਰਵਾਇਆ ਹੈ।

ਉਸਦਾ ਬੇਟਾ ਗਾਇਕ ਮਿੱਠੂ ਮਹਿਰਾਜ ਉਭਰਦਾ ਗਾਇਕ ਸੀ, ਜਿਸਦਾ ਆਪਣਾ ਮਿਊਜ਼ਿਕਲ ਗਰੁੱਪ ਸੀ। ਬਿੱਕਰ ਨੂੰ ਆਪਣੇ ਬੇਟੇ ਤੋਂ ਬਹੁਤ ਆਸਾਂ ਸੀ, ਪਰ ਉਸਦੀ ਬੇਵਕਤੀ ਮੌਤ ਹੋਣ ਕਰਕੇ ਪੂਰੀਆਂ ਨਾ ਹੋ ਸਕੀਆਂ।

ਬਿੱਕਰ ਦੇ ਲਿਖੇ ਚਰਚਿਤ ਹੋਏ ਕੁਝ ਹੋਰ ਗੀਤ ਇਹ ਵੀ ਹਨ:-

-ਭਾਬੀ-ਭਾਬੀ ਕਰਦਾ ਪਹਿਲਾ ਮਿੰਨਤਾਂ ਕਰਦਾ ਸੀ-(ਪਰਮਿੰਦਰ ਸੰਧੂ)

-ਵੱਸ ਚੱਲਦਾ ਹੋਵੇ ਚੰਨ ਮੱਖਣਾ - (ਸੁਚੇਤ ਬਾਲਾ)

- ਤੁੱਕਿਆਂ ਦਾ ‘ਚਾਰ ਭਾਈ ਜੀ- (ਸੁਚੇਤ ਬਾਲਾ)

- ਵਿਛੜਿਆਂ ਦੇ ਮੇਲੇ - (ਬਲਕਾਰ ਸਿੱਧੂ)

- ਅਸੀਂ ਉਜੜੇ ਚੰਗੇ ਹਾਂ, ਚੱਲ ਤੂੰ ਵਸਦਿਆਂ- (ਬਲਕਾਰ ਸਿੱਧੂ)

- ਚਾਕੂ ਸੀਨੇ ਵਿਚ ਮਾਰ ਕੇ - (ਦਿਲਸ਼ਾਦ ਅਖਤਰ)

- ਕਾਰ ਰੀਬਨਾ ਵਾਲੀ - (ਮੇਜਰ ਰਾਜਸਥਾਨੀ)

- ਮੈਨੂੰ ਆਖਦੇ ਸਨੁੱਖੀ ਸਾਰੇ ਪਿੰਡ ਤੋਂ - (ਕਰਤਾਰ ਰਮਲ੍ਹਾ)

ਇੱਕ ਹੈਰਾਨੀ ਦੀ ਗੱਲ ਸਾਂਝੀ ਕਰਦਾ ਹਾਂ ਕਿ ਜਦ ਦੋ ਕੁ ਸਾਲ ਪਹਿਲਾਂ ਇਸ ਗੀਤਕਾਰ ਬਿੱਕਰ ਮਹਿਰਾਜ ਨਾਲ ਉਸਦੇ ਘਰ ਗੱਲਬਾਤ ਕੀਤੀ, ਤਾਂ ਉਸ ਮੁਲਾਕਾਤ ਦੀ ਫੋਟੋ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ, ਤਾਂ ਸੰਗੀਤ ਜਗਤ ਦੇ ਅਨੇਕਾਂ ਲੋਕਾਂ ਨੇ ਹੈਰਾਨੀ ਨਾਲ ਪੁੱਛਿਆ ਕਿ ਇਹ ਗੀਤਕਾਰ ਜਿਊਂਦਾ ਹੈ! ਇਹ ਤਾਂ ਕਈ ਸਾਲ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ ਸੀ ? ਇਸ ਤਰ੍ਹਾਂ ਦੇ ਕੁਮੈਂਟ ਪੜ੍ਹ ਕੇ ਮੈਂ ਵੀ ਸੋਚਾਂ ਵਿਚ ਪੈ ਗਿਆ ਕਿ ਸੱਚਾਈ ਕੀ ਹੈ, ਕਿਤੇ ਸੌ ਦੇ ਨੋਟ ਵਾਲਾ ਗੀਤਕਾਰ ਬਿੱਕਰ ਕੋਈ ਹੋਰ ਤਾਂ ਨਹੀਂ ? ਪਰ ਜਦ ਮੈਂ ਇਹ ਗੱਲ ਬਿੱਕਰ ਨਾਲ ਕੀਤੀ, ਤਾਂ ਉਸਨੇ ਦੱਸਿਆ ਕਿ ਬੇਟੇ ਦੇ ਵਿਛੋੜੇ ਤੋਂ ਬਾਅਦ ਮੈਂ ਕਈ ਸਾਲ ਗੁੰਮਨਾਮੀ ਦੇ ਆਲਮ ’ਚ ਰਿਹਾ। ਯਾਰਾਂ, ਦੋਸਤਾਂ ਨਾਲੋਂ ਟੁੱਟਿਆ ਰਿਹਾ, ਤਾਂ ਸਭ ਨੇ ਇਸ ਤਰ੍ਹਾਂ ਸੋਚ ਲਿਆ ਪਰ ਅੱਜ ਮੈਂ ਤੁਹਾਡੇ ਸਾਹਮਣੇ ਹਾਂ ਤੇ ਲੰਮੀ ਚੁੱਪ ਤੋਂ ਬਾਅਦ ਅਜੋਕੇ ਸਮੇਂ ਦੀ ਗਾਇਕੀ ਨੂੰ ਵੇਖਦਿਆਂ ਮੁੜ ਸਰਗਰਮ ਹੋਇਆ ਹਾਂ।

ਹੁਣੇ ਉਸਦਾ ਲਿਖਿਆ ਇੱਕ ਗੀਤ ‘ਸੋਹਣੀਏ’ ਅਲੀ ਬ੍ਰਦਰਜ਼ ਦੀ ਆਵਾਜ਼ ਵਿਚ ਆਇਆ ਹੈ ਤੇ ਜਲਦ ਹੀ ਕੁਝ ਗੀਤ ਕਰਤਾਰ ਰਮਲਾ ਦੀ ਆਵਾਜ਼ ਵਿਚ ਵੀ ਆ ਰਹੇ ਹਨ, ਜਿਸ ਨਾਲ ਉਸਦੀ ਫਿੱਕੀ ਪਈ ਪਛਾਣ ਮੁੜ ਗੂੜ੍ਹੀ ਹੋ ਸਕੇਗੀ। ਬਠਿੰਡਾ ਜ਼ਿਲ੍ਹੇ ਦੇ ਮਹਿਰਾਜ ਪਿੰਡ ਦਾ ਜੰਮਪਲ ਬਿੱਕਰ ਅੱਜਕੱਲ੍ਹ ਬਰਨਾਲੇ ਰਹਿ ਰਿਹਾ ਹੈ।

# ਪੰਜਾਬੀਓ ਜਾਗਦੇ ਕਿ ਸੁੱਤੇ




ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445
ਪੰਜਾਬ ਮੇਲ USA

ਪੈਂਤੀ ਅੱਖਰੀ ਨੂੰ ਪੰਜਾਬੀਆਂ ਦੀ ਮਾਂ-ਬੋਲੀ ਕਿਹਾ ਜਾਂਦਾ ਹੈ। ਇਸ ਤੋਂ ਬਿਨ੍ਹਾਂ ਹੋਰਾਂ ਨੂੰ ਦੂਜੀ ਭਾਸ਼ਾ ਕਿਹਾ ਜਾਂਦਾ ਹੈ। ਕਿਸੇ ਦੀ ਮਾਂ-ਬੋਲੀ ਨੂੰ ਉਸ ਤੋਂ ਦੂਰ ਕਰ ਦੇਣਾ ਵੱਡਾ ਗੁਨਾਹ ਹੈ। ਬੋਲੀ ਦੇ ਸਿਰ ਉੱਤੇ ਹੀ ਕੌਮ ਦਾ ਵਿਕਾਸ ਖੜ੍ਹਾ ਹੁੰਦਾ ਹੈ। ਪੰਜਾਬੀਆਂ ਦੇ ਸਮਾਜ ਦੀ ਚੇਤਨਾ ਤੇ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਪੰਜਾਬੀ ਮਾਂ-ਬੋਲੀ ਦੀ ਬੁੱਕਲ ਵਿਚ ਹਨ। ਇਸ ਜ਼ਰੀਏ ਪੰਜਾਬੀਆਂ ਨੂੰ ਹੁਲਾਰਾ, ਹੁੰਗਾਰਾਂ ਅਤੇ ਸਰਬਪੱਖੀ ਉਤਸ਼ਾਹ ਮਿਲਦਾ ਹੈ। ਇਸ ਕਰਕੇ ਪੰਜਾਬ ਮਾਂ-ਬੋਲੀ ਦੇ ਸਿਰ 'ਤੇ ਨੈਤਿਕ ਨਾਬਰੀ ਦਾ ਪ੍ਰਤੀਕ ਰਿਹਾ। ਇਸੇ ਕਾਰਨ ਹੀ ਪੰਜਾਬੀ ਬੋਲੀ ਨੂੰ ਪੰਜਾਬੀਆਂ ਤੋਂ ਦੂਰ ਕਰਨ ਦੀ ਨਜ਼ਰ ਲੱਗੀ ਰਹੀ। ਉਂਝ 1952 ਵਿਚ ਪੰਜਾਬ ਵਿਚ ਮਰਦਮਸ਼ੁਮਾਰੀ ਵੇਲੇ ਆਪਣੀ ਮਾਤ-ਭਾਸ਼ਾ ਪੰਜਾਬੀ ਲਿਖਵਾਉਣ ਵਿਚ ਹੀ ਅਸੀਂ ਬੌਂਦਲ ਗਏ ਸਾਂ। ਲਛਮਣ ਸਿੰਘ ਗਿੱਲ ਤਤਕਾਲੀ ਮੁੱਖ ਮੰਤਰੀ ਨੇ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਕਦਮ ਚੁੱਕੇ ਪਰ ਅੱਜ ਤੱਕ ਕਿਸੇ ਵੀ ਸਰਕਾਰ ਵੱਲੋਂ ਪੰਜਾਬੀ ਬੋਲੀ ਦਾ ਪਹਿਰੇਦਾਰ ਬਣਨ ਲਈ ਸਿਹਰਾ ਨਹੀਂ ਲਿਆ ਕਾਰਨ ਇਹ ਹੈ ਕਿ ਪੰਜਾਬੀ ਮਾਂ-ਬੋਲੀ ਨੂੰ ਲਾਗੂ ਕਰਨ ਲਈ ਸਖਤੀ ਅਤੇ ਸ਼ਖਤ ਸਜ਼ਾ ਦਾ ਪ੍ਰਬੰਧ ਨਹੀਂ ਹੈ। ਇਸੇ ਕਰਕੇ ਪੰਜਾਬ ਬੋਲੀ ਤੋਂ ਬਾਅਦ ਬਹੁਪਰਤੀ ਸਮੱਸਿਆਵਾਂ ਵਿਚ ਘਿਰਦਾ ਗਿਆ। ਪਿਛੋਕੜ 'ਤੇ ਝਾਤ ਮਾਰੀਏ ਤਾਂ ਦਾਨਿਸ਼ਵੰਦਾ ਦੇ ਕਥਨ ਅਨੁਸਾਰ, ਜਿਵੇਂ ਗੁਲਾਬ ਦੀ ਕੀਮਤ ਉਸ ਦੀ ਖੁਸ਼ਬੂ ਅਤੇ ਸੁਹੱਪਣ ਕਰਕੇ ਹੁੰਦੀ ਹੈ, ਇਸੇ ਅਨੁਸਾਰ ਪੰਜਾਬ ਦੀ ਕੀਮਤ ਵੀ ਇਸ ਦੀ ਨੈਤਿਕ ਨਾਬਰੀ ਅਤੇ ਖੁਸ਼ਹਾਲੀ ਲਈ ਹੈ। ਜਦੋਂ ਡਾਲੀ ਨਾਲੋਂ ਟੁੱਟਕੇ ਫੁੱਲ ਮੁਰਝਾ ਜਾਂਦਾ ਹੈ, ਤਾਂ ਉਸਦੀ ਖੁਸ਼ਬੂ ਖਤਮ ਹੋ ਜਾਂਦੀ ਹੈ। ਅੱਜ ਲੜੀਵਾਰ ਦੁੱਖਾਂ ਨੇ ਪੰਜਾਬ ਨੂੰ ਘੇਰ ਕੇ ਮੁਰਝਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਰੇ ਮੁੱਦਿਆਂ ਤੋਂ ਅੱਜ ਪੰਜਾਬ ਦੀ ਨਸਲ, ਬਾਂਝਪਣ, ਨਾਮਰਦੀ ਅਤੇ ਟੈਸਟ ਟਿਊਬ ਸੈਂਟਰਾਂ ਦਾ ਮੁੱਦਾ ਸਭ ਤੋਂ ਉਪਰ ਹੋ ਗਿਆ ਹੈ। ਪ੍ਰੋਫੈਸਰ ਮੋਹਨ ਸਿੰਘ ਨੇ ਕਾਵਿਕ ਰਚਨਾ ਰਾਹੀਂ ਨਕਸ਼ਾ ਪੇਸ਼ ਕੀਤਾ ਸੀ॥ਪਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ, ਖੇੜੇ ਦੇ ਵਿਚ ਲਿਆਈਏ ਮੁੜ ਫੁੱਲ ਗੁਲਾਬ ਦੀ। ਭਾਰਤ ਹੈ ਵਾਂਗ ਮੁੰਦਰੀ ਵਿਚ ਨਗ ਪੰਜਾਬ ਨੀ ਸਈਓ। ਇਸੇ ਤਰਜ਼ 'ਤੇ ਦੇਖਿਆ ਜਾਵੇ, ਤਾਂ ਪੰਜਾਬ ਸਿਰ ਦੁੱਖਾਂ ਦਾ ਕਾਰਵਾਂ ਵੱਧਦਾ ਗਿਆ। ਸਪਤ ਸਿੰਧੂ ਤੋਂ ਅੱਜ ਤੱਕ ਇਤਿਹਾਸਿਕ ਝਰੋਖੇ ਵਿਚੋਂ ਪੰਜਾਬ ਨੂੰ ਦੇਖਿਆ ਜਾਵੇ, ਤਾਂ ਤਰ੍ਹਾਂ-ਤਰ੍ਹਾਂ ਦੇ ਦੁੱਖ ਹੰਢਾ ਕੇ ਫਿਰ ਵੀ ਖੁਸ਼ਹਾਲ ਰਿਹਾ। ਸਾਜ਼ਿਸ਼ੀ ਅਤੇ ਬਦਕਿਸਮਤੀ ਵਾਲਾ ਵਰਤਾਰਾ ਨਾਲ ਦੀ ਨਾਲ ਚੱਲਦਾ ਰਿਹਾ ਪਰ ਆਪਣੇ ਸੁਭਾਅ ਅਤੇ ਆਦਤ ਸਦਕੇ ਦੁੱਖਾਂ ਦਾ ਪਹਾੜ ਢਾਉਂਦਾ ਰਿਹਾ।

ਬੋਲੀ ਤੋਂ ਬਾਅਦ ਪੰਜਾਬ ਨੂੰ ਹਰੀਕ੍ਰਾਂਤੀ ਰਾਹੀਂ ਉਤਸ਼ਾਹਿਤ ਕੀਤਾ ਗਿਆ। ਇਸ ਨਾਲ ਪੰਜਾਬ ਵੱਲੋਂ ਕੇਂਦਰੀ ਪੂਲ ਵਿਚ ਵੱਡਾ ਹਿੱਸਾ ਅਨਾਜ ਦਾ ਭੇਜਿਆ ਗਿਆ। ਪੰਜਾਬ ਵਿਚ ਝੋਨੇ ਨੂੰ ਉਤਸ਼ਾਹਿਤ ਕੀਤਾ ਗਿਆ, ਜਦੋਂ ਕਿ ਇਹ ਪੰਜਾਬ ਦੀ ਵਿਰਾਸਤੀ ਅਤੇ ਜੱਦੀ ਫਸਲ ਨਹੀਂ ਸੀ। ਇਸ ਵਰਤਾਰੇ ਨੇ ਪੰਜਾਬ ਦੀ ਜਰਖੇਜ਼ ਜ਼ਮੀਨ ਨੂੰ ਲੱਖਾਂ ਮਣ ਖਾਂਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਰਾਹੀਂ ਬਰਬਾਦ ਕੀਤਾ ਗਿਆ। ਇਸ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਹਮੇਸ਼ਾ ਜਦੋਂ ਵੀ ਕੋਈ ਨਵੀਂ ਚੀਜ਼ ਆਉਂਦੀ ਹੈ, ਤਾਂ ਉਸ ਦੇ ਮਾੜੇ ਪ੍ਰਭਾਵ ਵੀ ਦੇਖੇ ਜਾਂਦੇ ਹਨ। ਹਰੀਕ੍ਰਾਂਤੀ ਗੁਲਾਮੀ ਦਾ ਝੁੱਲ ਲਾਉਣ ਤੋਂ ਬਾਅਦ ਜ਼ਰੂਰੀ ਤਾਂ ਸੀ ਪਰ ਇਸ ਦੇ ਭੱਵਿਖਮੁੱਖੀ ਨਾਂਹ-ਪੱਖੀ ਪ੍ਰਭਾਵ ਦੇਖੇ ਹੀ ਨਹੀਂ ਗਏ। ਇਸ ਲਈ ਪੰਜਾਬ ਦੀ ਜਰਖੇਜ਼ ਜ਼ਮੀਨ, ਪੰਜਾਬ ਦਾ ਸੁਗੰਧਮਈ ਵਾਤਾਵਰਨ ਅਤੇ ਪੰਜਾਬੀਆਂ ਦੀ ਸਿਹਤ ਨਾਲ ਜੋ ਧੋਖਾ ਹੋਇਆ ਹੈ, ਉਸ ਨੇ ਪੰਜਾਬੀਅਤ ਨੂੰ ਧੋਖਾ ਝੱਲਣ ਲਈ ਮਜਬੂਰ ਕੀਤਾ ਹੈ। ਝੋਨੇ ਅਤੇ ਖਾਦਾਂ ਦਵਾਈਆਂ ਕਰਕੇ ਪਾਣੀ ਦਾ ਪੱਧਰ ਬਹੁਤ ਨੀਵਾਂ ਅਤੇ ਬਹੁਤ ਦੂਸ਼ਿਤ ਹੋ ਚੁੱਕਿਆ ਹੈ। ਇਸ ਨਾਲ ਤਰ੍ਹਾਂ-ਤਰ੍ਹਾਂ ਦੀਆਂ ਚੁਣੌਤੀਆਂ ਉਤਪੰਨ ਹੋ ਰਹੀਆਂ ਹਨ, ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਵੀ ਪੰਜਾਬ ਸਮੱਰਥ ਨਹੀਂ ਰਿਹਾ।

ਬੇਰੁਜ਼ਗਾਰੀ ਦੇ ਆਲਮ ਨੇ ਪੰਜਾਬ ਨੂੰ ਹਾਸ਼ੀਆਗਤ ਕੀਤਾ, ਇਸ ਵਿਚੋਂ ਦੋ ਰੋਗ ਨਸ਼ਾ ਅਤੇ ਪਰਵਾਸ ਪੈਦਾ ਹੋਏ। ਨਸ਼ੇ ਦੇ ਆਲਮ ਨੇ ਪੰਜਾਬ ਨੂੰ ਉੜਦਾ ਪੰਜਾਬ ਬਣਾਇਆ। ਇਸ ਪਿੱਛੇ ਪੰਜਾਬੀ ਸੱਥਾਂ ਵਿਚ ਵੱਡੀ ਪਲਾਨਿੰਗ ਵਿਚਾਰੀ ਜਾਂਦੀ ਹੈ। ਜਿਸ ਤਰੀਕੇ ਨਾਲ ਨਸ਼ੇ ਦਾ ਕਹਿਰ ਪੰਜਾਬ ਵਿਚ ਭਾਰੂ ਰਿਹਾ, ਉਸ ਤੋਂ ਮਾਪੇ ਘਬਰਾ ਕੇ ਆਪਣੇ ਬੱਚਿਆਂ ਨੂੰ ਨਸ਼ੇ ਤੋਂ ਬਚਾਉਣ ਲਈ ਹੀ ਜ਼ਿੰਦਗੀ ਦਾ ਮਕਸਦ ਸਮਝਣ ਲੱਗੇ। ਬੇਰੁਜ਼ਗਾਰੀ ਅਤੇ ਨਸ਼ੇ ਦੇ ਝੰਬੇ ਪੰਜਾਬ ਨੇ ਪਰਵਾਸ ਦਾ ਰੁੱਖ ਅਖਤਿਆਰ ਕੀਤਾ। ਇਸ ਨਾਲ ਪੰਜਾਬੀ ਜਵਾਨੀ ਦੀ ਬੁੱਧੀ ਅਤੇ ਪੈਸਾ ਬਾਹਰਲੇ ਮੁਲਕਾਂ ਵਿਚ ਚਲਾ ਗਿਆ, ਜੋ ਲਗਾਤਾਰ ਜਾਰੀ ਹੈ। ਇਸ ਸਮੱਸਿਆ ਨੇ ਪਿੱਛੇ ਰਹਿ ਰਹੇ ਬਜ਼ੁਰਗਾਂ ਲਈ ਇਕੱਲਤਾ ਦਾ ਰੋਗ ਪੈਦਾ ਕੀਤਾ, ਜਿਸ ਨਾਲ ਉਨ੍ਹਾਂ ਦਾ ਬੁਢਾਪਾ ਸਰਾਪਿਆ ਗਿਆ। ਬੱਚੇ ਵਿਦੇਸ਼ ਵਿਚ ਅਤੇ ਮਾਪੇ ਪੰਜਾਬ ਵਿਚ ਝੂਰਦੇ ਹਨ। ਆਪਣੇ ਦਿਲ 'ਤੇ ਪੱਥਰ ਧਰਨ ਲਈ ਇਸ ਗੱਲ ਦਾ ਸਹਾਰਾ ਲੈ ਲੈਂਦੇ ਹਨ ਕਿ ਚੱਲੋਂ ਇੱਥੋਂ ਤਾਂ ਚੰਗੇ ਹੀ ਹਨ। ਜਿਹੜੇ ਪੰਜਾਬ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਨਸ਼ਾ, ਬੇਰੁਜ਼ਗਾਰੀ ਅਤੇ ਸਿਹਤ ਦਾ ਭੂਤ ਹਰ ਪਲ ਸਤਾ ਰਿਹਾ ਹੈ। ਸਰਕਾਰੀ ਉਪਰਾਲੇ ਵੀ ਜਾਰੀ ਹਨ ਪਰ ਬੇਵਸੀ ਦਾ ਆਲਮ ਚਾਰੇ ਪਾਸੇ ਫੈਲਿਆ ਹੋਇਆ ਹੈ। ਇਸ ਸਾਰੇ ਦਾ ਨਿਚੋੜ ਇਹ ਨਿਕਲਦਾ ਹੈ ਕਿ ਪੰਜਾਬ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਗ੍ਰਹਿਣ ਲੱਗਿਆ ਹੈ। ਡਾਕਟਰ ਸੁਰਜੀਤ ਪਾਤਰ ਦੀ ਕਲਮ ਨੂੰ ਮਜਬੂਰ ਹੋ ਕੇ ਲਿਖਣਾ ਪਿਆ, "ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ, ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ"॥

ਸੰਸਾਰ, ਸੰਤਾਨ, ਉੱਤਪਤੀ ਅਨੁਸਾਰ ਪੀੜ੍ਹੀ ਦਰ ਪੀੜ੍ਹੀ ਦੇ ਪਾੜੇ ਦਾ ਨਿਰੰਤਰ ਵਰਤਾਰਾ ਚੱਲਦਾ ਰਿਹਾ। ਜਣਨ ਪ੍ਰਕਿਰਿਆ ਦੁਆਰਾ ਨਵੇਂ ਜੀਵ ਪੈਦਾ ਹੁੰਦੇ ਹਨ, ਇਹ ਕੁਦਰਤ ਦਾ ਅਨਮੋਲ ਤੋਹਫਾ ਹੁੰਦਾ ਹੈ। ਜੀਵ ਵਿਗਿਆਨਿਕ ਤੌਰ 'ਤੇ ਚਾਰਲਸ ਡਾਰਵਿਨ ਦਾ ਸਿਧਾਂਤ ਵੀ ਉੱਤਪਤੀ 'ਤੇ ਅਧਾਰਿਤ ਹੈ। ਪੰਜਾਬ ਅਤੇ ਮੁੱਦਿਆਂ ਅਤੇ ਚੁਣੌਤੀਆਂ ਦੀ ਹਾਲਤ ਇਹ ਬਣੀ ਹੈ ਕਿ ਕੋਈ ਮਾਂਵਾਂ ਨੂੰ ਰੋ ਰਿਹਾ, ਕੋਈ ਮਾਸੀਆਂ ਨੂੰ ਰੋ ਰਿਹਾ ਹੈ। ਬੇਰੁਜ਼ਗਾਰੀ, ਨਸ਼ਾ, ਬੇਇਨਸਾਫੀ, ਖੇਤੀ ਸੰਕਟ ਅਤੇ ਪਰਵਾਸ ਤੋਂ ਇਲਾਵਾ ਅੱਜ ਭੱਖਦਾ ਮਸਲਾ ਬੇਗਾਨਾ ਵੀਰਜ ਅਤੇ ਬੇਗਾਨੀ ਕੁੱਖ ਨੇ ਪੰਜਾਬ ਦੀ ਸੱਭਿਅਤਾ ਨੂੰ ਨਿਗਲਣ ਦੀ ਕੋਸ਼ਿਸ ਕੀਤੀ ਹੋਈ ਹੈ। ਮਨੁੱਖੀ ਵਿਕਾਸ ਲਈ ਅੱਜ ਸੈਕਸੂਅਲ ਸਿਹਤ ਦੀ ਜਾਣ-ਪਹਿਚਾਣ ਦੀ ਸਖਤ ਜ਼ਰੂਰਤ ਹੈ। ਜਦੋਂ ਕਦੇ ਸੈਕਸੂਅਲ ਸਿਹਤ ਵਿਗੜਦੀ ਹੈ, ਤਾਂ ਸਭ ਪਾਸੇ ਰੁਕਾਵਟਾਂ, ਚਿੰਤਾ, ਬੇਚੈਨੀ ਅਤੇ ਅਸੁਰੱਖਿਆ ਵੱਧ ਜਾਂਦੀ ਹੈ। ਸਮਾਜਿਕ ਹਿੰਸਾ ਅਤੇ ਸ਼ੰਕਾ ਸ਼ੁਰੂ ਹੋ ਜਾਂਦੀ ਹੈ।

ਸਵੈਮਾਣ ਅਤੇ ਨੈਤਿਕ ਨਾਬਰੀ ਦਾ ਪ੍ਰਤੀਕ ਪੰਜਾਬ ਅੱਜ ਨਸਲਾਂ ਅਤੇ ਫਸਲਾਂ ਨੂੰ ਉਜਾੜਨ ਵਾਲੇ ਵਿਰੁੱਧ ਲੜਾਈ ਲੜ ਰਿਹਾ ਹੈ, ਨਾਲ ਦੀ ਨਾਲ ਸੁਚੇਤ ਹੋ ਕੇ ਵੀ ਚੱਲ ਰਿਹਾ ਹੈ। ਇਸ ਪ੍ਰਤੀ ਹਰ ਪੰਜਾਬੀ ਨੂੰ ਜਾਗਰੂਕ ਹੋਣ ਦੀ ਬੇਹੱਦ ਲੋੜ ਹੈ। ਸੱਪ ਲੰਘਣ ਤੋਂ ਬਾਅਦ ਲੀਕ ਕੁੱਟਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਪੰਜਾਬ ਦੇ ਜੰਮੇ ਨਿੱਤ ਨਵੀਆਂ ਮੁਹਿੰਮਾਂ ਵਿਚ ਖੜ੍ਹਦੇ ਸਨ। ਸਰੀਰਿਕ, ਮਰਦਾਨਗੀ ਅਤੇ ਸਮਾਜਿਕ ਪੱਖੋਂ ਤਕੜੇ ਮੁਜੱਸਮੇ ਵਾਲੇ ਹੁੰਦੇ ਸਨ। ਪੰਜਾਬੀ ਮਾਵਾਂ ਦੀ ਕੁੱਖ ਵਿਚੋਂ ਦਾਤੇ, ਭਗਤ ਅਤੇ ਸੂਰਮੇ ਜੰਮਦੇ ਸਨ। ਅੰਗਰੇਜ਼ੀ ਕਾਲ ਦੌਰਾਨ ਸਿੱਖ, ਪੰਜਾਬ ਅਤੇ ਜੱਟ ਰਜਮੈਂਟਾਂ ਦੀ ਚੜ੍ਹਤ ਅੱਜ ਵੀ ਲੁਕੀ ਛਿਪੀ ਨਹੀਂ ਹੈ। ਅੱਜ ਪੈਦਾ ਹੋ ਰਹੀ ਪੀੜ੍ਹੀ ਬਾਰੇ ਪੜ੍ਹਿਆ, ਸੁਣਿਆ ਅਤੇ ਦੇਖਿਆ ਜਾਂਦਾ ਹੈ, ਤਾਂ ਲੱਗਦਾ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਤਾਣਾ-ਬਾਣਾ ਬੁਣਿਆ ਗਿਆ ਹੈ। ਪਹਿਲੇ ਪੰਜਾਬ ਵਿਚ ਹਰ ਜੋੜੇ ਦੇ ਪੰਜ-ਸੱਤ ਬੱਚੇ ਹੁੰਦੇ ਸਨ, ਫੇਰ ਭੇਡ ਚਾਲ ਨਾਲ ਦੋ ਤੱਕ ਸੀਮਿਤ ਹੋਏ। ਖੁਦ ਸਹੇੜੀਆਂ ਅਲਾਮਤਾਂ, ਖਾਦਾਂ, ਕੀਟਨਾਸ਼ਕਾਂ, ਨਦੀਨ ਨਾਸ਼ਕਾਂ, ਨਸ਼ਾ ਅਤੇ ਜੀਵਨ ਜੀਊਣ ਦੀ ਜਾਂਚ ਨੇ ਗਰਭ ਅਵਸਥਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੰਜਾਬ ਵਿਚ ਅੱਠ ਜੋੜਿਆਂ ਪਿੱਛੇ ਇੱਕ ਜੋੜੇ ਨੂੰ ਗਰਭ ਧਾਰਨ ਦੀ ਸਮੱਸਿਆ ਆ ਰਹੀ ਹੈ। ਇਛੁੱਕ ਜੋੜੇ ਇੱਕ ਸਾਲ ਤੱਕ ਔਲਾਦ ਪੈਦਾ ਨਾ ਕਰਨ, ਤਾਂ ਉਨ੍ਹਾਂ ਨੂੰ ਬੇ-ਔਲਾਦਪਣ ਵੱਲ ਦੇਖਿਆ ਜਾਂਦਾ ਹੈ। ਬੇ-ਔਲਾਦਪਣ ਸਿਰਫ ਔਰਤਾਂ ਦੀ ਸਮੱਸਿਆ ਨਹੀਂ, ਮਰਦਾਂ ਦੀ ਸਮੱਸਿਆ ਵੀ ਹੈ। ਦੋਵੇਂ ਲਿੰਗ 35-35 ਫੀਸਦੀ ਇਸ ਸਮੱਸਿਆ ਨਾਲ ਜੂਝ ਰਹੇ ਹਨ। ਸਮਾਜਿਕ ਸਬੰਧ ਅਣਸੁਖਾਵੇਂ ਬਣ ਰਹੇ ਹਨ। ਕੁਦਰਤੀ ਤੌਰ 'ਤੇ ਤੰਦਰੁਸਤ ਜੋੜਿਆਂ ਨੂੰ ਗਰਭ ਧਾਰਨ ਅਤੇ ਬੱਚੇ ਪੈਦਾ ਕਰਨ ਵਿਚ ਕੋਈ ਸਮੱਸਿਆ ਨਹੀਂ ਆਉਂਦੀ। ਇਸ ਲਈ ਜਵਾਨੀ ਨੂੰ ਇਸ ਬਾਰੇ ਖਾਸ ਸੂਝ ਹੋਣੀ ਚਾਹੀਦੀ ਹੈ। ਔਰਤ ਵਿਚ ਅੰਡਾ ਨਾ ਬਣਨਾ, ਵਾਰ-ਵਾਰ ਗਰਭ ਗਿਰਨਾ, ਟਿਊਬਾਂ ਵਿਚ ਨੁਕਸ, ਬੱਚੇਦਾਨੀ ਵਿਚ ਸੋਜ ਆਦਿ ਨੁਕਸ ਹੁੰਦੇ ਹਨ, ਜਦੋਂਕਿ ਮਰਦਾਂ ਵਿਚ ਸ਼ੁਕਰਾਣੂਆਂ ਦੀ ਕਮੀ, ਜਣਨ ਹਾਰਮੋਨ ਦੀ ਕਮੀ ਅਤੇ ਜਣਨ ਕਿਰਿਆ ਹੋਰ ਕਾਰਨਾਂ ਕਰਕੇ ਪ੍ਰਭਾਵਿਤ ਹੈ। ਇਸ ਸਭ ਵਰਤਾਰੇ ਪਿੱਛੇ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਉੱਠਦੀਆਂ ਹਨ ਕਿ ਪੰਜਾਬੀਆਂ ਦੀ ਨਸਲ ਖਰਾਬ ਕਰਨ ਦੀ ਸਾਜ਼ਿਸ਼ ਹੈ। ਇਸ ਪਿੱਛੇ ਆਪ ਸਹੇੜੀਆਂ ਕਰਤੂਤਾਂ ਤੋਂ ਅਸੀਂ ਪੱਲਾ ਝਾੜਕੇ ਗੇਂਦ ਦੂਜੇ ਦੇ ਪਾਲੇ ਵਿਚ ਸੁੱਟ ਦਿੰਦੇ ਹਾਂ।

ਪਿੱਛੇ ਜਿਹੇ ਸਾਡੀ ਸ਼੍ਰੋਮਣੀ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਸਲਾਂ ਅਤੇ ਫਸਲਾਂ ਬਚਾਉਣ ਲਈ ਪੰਜਾਬੀਆਂ ਨੂੰ ਆਵਾਜ਼ ਮਾਰੀ। ਇਕ ਵਾਰ ਤਾਂ ਤਹਿਲਕਾ ਮਚ ਗਿਆ ਸੀ ਪਰ ਹੌਲੀ-ਹੌਲੀ ਮੱਧਮ ਪੈ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦਾ ਫਰਮਾਨ ਦੁਨਿਆਵੀ ਫੁਰਮਾਣਾਂ ਤੋਂ ਉੱਚਾ ਹੈ, ਇਸ ਲਈ ਇਸ ਸੰਦੇਸ਼ ਤੇ ਸਦਾਬਹਾਰ ਪਹਿਰਾ ਦੇ ਕੇ ਨਸਲ ਬਚਾਈ ਜਾ ਸਕਦੀ ਹੈ। ਸਿੰਘ ਸਾਹਿਬ ਨੇ ਇੱਥੋਂ ਤੱਕ ਕਿਹਾ ਸੀ ਕਿ ਇਹ ਅਣਡਿੱਠਾ ਜ਼ੁਲਮ ਸਾਨੂੰ ਆਪਣੀ ਧਰਤੀ ਛੱਡਣ ਲਈ ਮਜਬੂਰ ਕਰ ਰਿਹਾ ਹੈ। ਉਨ੍ਹਾਂ ਅੰਕੜਾਂ ਦਿੱਤਾ ਸੀ ਕਿ ਪੰਜਾਬ ਵਿਚ 625 ਟੈਸਟ ਟਿਊਬ ਬੇਬੀ ਸੈਂਟਰ ਖੁੱਲ੍ਹੇ ਹੋਏ ਹਨ। ਉਨ੍ਹਾਂ ਵੱਲੋਂ ਵਿਚਾਰ ਪੇਸ਼ ਕੀਤਾ ਗਿਆ ਸੀ ਕਿ ਟਿਊਬ ਸੈਂਟਰਾਂ ਵਿਚ ਵੀਰਜ ਗੈਰਾਂ ਦਾ ਹੁੰਦਾ ਹੈ, ਜਦੋਂਕਿ ਲੜਕੀ ਦੀ ਕੁੱਖ ਪੰਜਾਬੀ ਦੀ ਹੁੰਦੀ ਹੈ। ਸਿੰਘ ਸਾਹਿਬ ਦਾ ਇਹ ਫੁਰਮਾਣ ਇੱਕ ਲੋਕ ਲਹਿਰ ਵਾਂਗ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ, ਤਾਂ ਜੋ ਸਾਰੀ ਕੌਮ ਸਿਰ ਜੋੜਕੇ ਨਸਲ ਖਰਾਬੀ ਦੀ ਬੁਰਾਈ ਦਾ ਮੁਕਾਬਲਾ ਕਰ ਸਕੇ। ਪੰਜਾਬੀਆਂ ਨੂੰ ਇਸ ਚਿੰਤਾ ਦਾ ਨਤੀਜਾ ਅਤੇ ਮੁਕਬਲਾ ਦੇਣਾ ਚਾਹੀਦਾ ਹੈ।

ਸਭ ਤੋਂ ਦੁਨਿਆਵੀ ਬੁਰਾਈ ਟੈਸਟ ਟਿਊਬ ਬੇਬੀ ਦੀ ਇਹ ਹੈ ਕਿ ਪੰਜਾਬੀਆਂ ਦੇ ਸਮਾਜਿਕ ਅਤੇ ਸੱਭਿਆਚਾਰ ਨਾਲ ਇਹ ਵਿਸ਼ਾ ਮੇਲ ਨਹੀਂ ਖਾਂਦਾ। ਪਰ ਮਜਬੂਰ ਹੋਣਾ ਪੈ ਰਿਹਾ ਹੈ। ਇਨ੍ਹਾਂ ਤਕਨੀਕਾ ਨਾਲ ਵਿਆਹ ਵਾਲੇ ਜੋੜਿਆਂ ਦੇ ਸੰਭੋਗ ਤੋਂ ਬਿਨ੍ਹਾਂ ਲੈਬੋਰਟੀ ਦੀ ਮਦਦ ਨਾਲ ਮਾਨਵੀ ਸਪਰਮਾਂ ਅਦਾਨ-ਪ੍ਰਦਾਨ ਕਰਕੇ ਮੁੱਢਲੀ ਪ੍ਰਜਨਣ ਕਿਰਿਆ ਪੂਰੀ ਕੀਤੀ ਜਾਂਦੀ ਹੈ। ਪੰਜਾਬੀਆਂ ਦੇ ਮਨ ਵਿਚ ਇਸ ਕਿਰਿਆ ਪ੍ਰਤੀ ਤਰ੍ਹਾਂ-ਤਰ੍ਹਾਂ ਸ਼ੰਕੇ ਅਤੇ ਮਾਨਸਿਕ ਬੋਝ ਰਹਿੰਦਾ ਹੈ। ਵਿਗਿਆਨਿਕ ਸੋਝੀ ਵੀ ਮਾਨਸਿਕਤਾ ਨੂੰ ਮੋੜਾ ਨਹੀਂ ਦੇ ਰਹੀ। ਮੈਡੀਕਲ ਰਿਪੋਰਟ ਅਨੁਸਾਰ ਭਾਰਤ 'ਚ ਬਾਂਝਪਣ ਨਾਲ ਜੁੜੇ ਮਾਹਰ ਇਸਤਰੀ ਰੋਗਾਂ ਦੇ ਹੀ ਮਾਹਰ ਹੁੰਦੇ ਹਨ। ਇਸ ਨਾਲ ਸੂਝ ਤੋਂ ਬਿਨਾਂ ਮਸਲਾ ਹੋਰ ਗੁੰਝਲਦਾਰ ਬਣ ਜਾਂਦਾ ਹੈ। ਜਿਸ ਪਿੱਛੇ ਖਦਸ਼ਾ ਲੱਗਦਾ ਹੈ ਕਿ ਕਿਰਾਏ ਦੀ ਕੁੱਖ ਦਾ ਕੌੜਾ ਸੱਚ ਵੀ ਮੈਡੀਕਲ ਮਾਹਰ ਅਤੇ ਜਨਤਾ ਜਾਣਦੀ ਹੈ। ਜਣਨ ਅੰਗਾਂ ਉੱਤੇ ਜ਼ਹਿਰਾਂ ਦਾ ਇੰਨਾ ਪ੍ਰਭਾਵ ਹੈ ਕਿ ਬਾਲਗ ਅਤੇ ਨਬਾਲਿਗ ਇਸ ਦੀ ਜਕੜ ਵਿਚ ਆ ਚੁੱਕੇ ਹਨ। ਪੰਜਾਬੀਆਂ ਦੀ ਸੰਤਾਨ ਉੱਤਪਤੀ ਜੰਮਦੀ ਸਾਰ ਹੀ ਦਵਾਈਆਂ ਨਾਲ ਲੜਨ ਲੱਗ ਪੈਂਦੀ ਹੈ, ਜਦੋਂਕਿ ਪਹਿਲਾਂ ਖਾਧ ਖੁਰਾਕਾਂ ਨਾਲ ਲੜਕੇ ਦੁਸ਼ਮਣਾਂ ਨੂੰ ਮਾਰ ਮੁਕਾਉਂਦੀ ਸੀ। ਇੱਕ ਮੋਟੇ ਅੰਦਾਜ਼ੇ ਅਨੁਸਾਰ 5 ਤੋਂ 20 ਜੋੜੇ ਬੇ-ਔਲਾਦੇ ਪਾਏ ਜਾਂਦੇ ਹਨ। ਔਰਤਾਂ 20 ਤੋਂ 25 ਫੀਸਦੀ ਤੱਕ ਗਰਭ ਗਿਰਨ ਅਤੇ ਗਰਭ ਠਹਿਰਣ ਤੋਂ ਪੀੜਤ ਹਨ। ਡਾਕਟਰ ਤੋਂ ਹਾਰਮੋਨ ਦੇ ਟੀਕੇ ਲਗਵਾ ਕੇ ਸੈਕਸ ਲਾਈਫ ਕਮਜ਼ੋਰ ਹੋ ਜਾਂਦੀ ਹੈ। ਪੰਜਾਬ ਵਿਚ ਆਮ ਧਾਰਨਾ ਕੰਮ ਕਰਦੀ ਹੈ ਕਿ ਪੋਤੇ ਦੇ ਵੀਰਜ ਸ਼ੁਕਰਾਣੂ ਦਾਦੇ ਨਾਲੋਂ ਅੱਜ ਘੱਟ ਹੁੰਦੇ ਹਨ। ਮਨੁੱਖੀ ਜੀਨਜ਼ ਨਾਲ ਖਿਲਵਾੜ ਅਤੇ ਵਿਗਾੜ ਪੈਦਾ ਹੋ ਚੁੱਕਿਆ ਹੈ। ਪੰਜਾਬ ਦੀ ਅਣਖ ਨੂੰ ਖੋਰਾ ਵੀ ਲੱਗਿਆ ਹੈ। ਪੀ.ਜੀ.ਆਈ. ਚੰਡੀਗੜ੍ਹ ਨੇ ਰਿਪੋਰਟ ਦਿੱਤੀ ਸੀ ਕਿ ਪੰਜਾਬੀਆਂ ਦੇ ਜੀਨਸ਼ ਵੱਡੀ ਪੱਧਰ 'ਤੇ ਖਰਾਬ ਹੋ ਰਹੇ ਹਨ। ਇਹ ਵੀ ਭਵਿੱਖੀ ਖਤਰੇ ਦੀ ਘੰਟੀ ਹੈ। ਖਿਲਵਾੜ ਹੋਣ ਤੋਂ ਬਾਅਦ ਆਯੂਰਵੈਦਿਕ ਅਤੇ ਤੰਤਰਿਕਾਂ ਦੇ ਜਾਲ ਵਿਚ ਫਸਕੇ ਪੰਜਾਬੀ ਹੋਰ ਵੀ ਨੀਵੇਂਪਣ ਵੱਲ ਜਾ ਰਹੇ ਹਨ। ਟੈਸਟ ਟਿਊਬ ਸੈਂਟਰ ਅਤੇ ਤਕਨੀਕ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਲੋਕਾਂ ਲਈ ਸਹੂਲਤਾਂ ਵੀ ਮਿਲਦੀਆਂ ਹਨ। ਪਰ ਜਿਹੜੇ ਸ਼ੰਕਾਵਾਂ ਅਤੇ ਹਨੇਰੇ ਵਿਚ ਰੱਖਕੇ ਗੁੰਮਰਾਹ ਕਰਦੇ ਹਨ, ਉਹ ਪੰਜਾਬੀਆਂ ਦੀ ਨਸਲ ਨੂੰ ਖਰਾਬ ਕਰਨ ਦੇ ਮੁੱਖ ਜ਼ਿੰਮੇਵਾਰ ਹਨ।


ਪੰਜਾਬ ਦੀ ਪ੍ਰਜਨਣ ਦਰ 1.6 ਹੈ। ਪੰਜਾਬੀ ਮਰਦ ਨੂੰ ਮਰਦਾਨਗੀ ਅਤੇ ਔਰਤ ਨੂੰ ਜਣਨ ਸਮਰੱਥਾ ਕਾਇਮ ਰੱਖਣੀ ਸ਼ੌਕ ਅਤੇ ਆਦਤ ਬਣਨੀ ਚਾਹੀਦੀ ਹੈ। ਇਸ ਨਾਲ ਮਿਲਗੋਭਾ ਜਿਨਸ ਪੈਦਾ ਹੋਣ ਦੀ ਬਜਾਏ ਆਪਣੀ ਆਬਰੂ ਪੈਦਾ ਹੋਵੇਗੀ। ਟੈਸਟ ਟਿਊਬ ਬੇਬੀ ਦਾ ਸੱਚ ਅਤੇ ਹੋਂਦ ਸਬੱਬੀ ਨਹੀਂ ਹੁੰਦੀ, ਇਹ ਸਾਡੇ ਕਿਰਦਾਰ ਅਤੇ ਸੱਭਿਅਤਾ ਦੀ ਗਵਾਹੀ ਹੁੰਦੀ ਹੈ। ਕਿਸਮਤ ਵਾਲੇ ਹਨ ਉਹ ਜੋੜੇ, ਜੋ ਕੁਦਰਤੀ ਤਰੀਕੇ ਨਾਲ ਆਪਣੀ ਸੰਤਾਨ ਪੈਦਾ ਕਰਦੇ ਹਨ, ਮਾਨਸਿਕ ਬੋਝ ਤੋਂ ਮੁਕਤ ਰਹਿੰਦੇ ਹਨ। ਅੱਜ ਮੁੰਡੇ-ਕੁੜੀਆਂ ਵਿਆਹ ਤੋਂ ਪਹਿਲਾ ਹੀ ਸੈਕਸ ਸਬੰਧ ਬਣਾ ਲੈਂਦੇ ਹਨ, ਫਿਰ ਗਰਭਪਾਤ ਕਰਵਾਉਂਦੇ ਹਨ। ਆਖਿਰ ਇਨ੍ਹਾਂ ਸੈਂਟਰਾਂ ਦੀ ਝੋਲੀ ਗਿਰ ਕੇ ਜੀਵਨ ਖਰਾਬ ਕਰਦੇ ਹਨ। 1978 ਵਿਚ ਪਹਿਲਾ ਟੈਸਟ ਟਿਊਬ ਬੱਚਾ ਹੋਇਆ ਸੀ, ਉਦੋਂ ਮਿਸਰ ਦੀ ਅਲਅੱਜਹਰ ਯੂਨੀਵਰਸਿਟੀ ਨੇ ਪਤੀ ਪਤਨੀ ਦੇ ਅੰਡੇ ਹੋਣ ਨੂੰ ਜਾਇਜ਼ ਕਿਹਾ ਸੀ। ਪਤੀ ਪਤਨੀ ਦੇ ਅੰਡੇ ਤੋਂ ਬਿਨਾਂ ਜਾਇਜ਼ ਨਹੀਂ ਸੀ। ਪਾਕਿਸਤਾਨ ਵਿਚ 1989 ਵਿਚ ਟੈਸਟ ਟਿਊਬ ਬੇਬੀ ਪੈਦਾ ਹੋਈ ਸੀ, ਮੌਲਵੀਆਂ ਨੇ ਇਸ ਨੂੰ ਹਰਾਮ ਅਤੇ ਅਮਰੀਕਾ ਦੀ ਸਾਜ਼ਿਸ਼ ਦੱਸਿਆ ਸੀ।

ਬਾਂਝਪਣ ਰੋਕਣ ਲਈ ਟੈਸਟ ਟਿਊਬ ਸੈਂਟਰ ਵਿਗਿਆਨਿਕ ਅਤੇ ਮੈਡੀਕਲੀ ਤਰੱਕੀ ਤਾਂ ਹੈ, ਇਸ ਦਾ ਲਾਭ ਲੋੜਵੰਦ ਅਤੇ ਜਾਣਕਾਰ ਲੈ ਰਹੇ ਹਨ, ਜੋ ਉਨ੍ਹਾਂ ਲਈ ਠੀਕ ਵੀ ਹੈ ਪਰ ਜਦੋਂ ਵੀ ਕਿਸੇ ਤਰੱਕੀ ਵਿਚ ਸ਼ੰਕਾ ਜਾ ਪ੍ਰਤੱਖ ਪ੍ਰਮਾਣ ਹੋ ਜਾਂਦੇ ਹਨ, ਤਾਂ ਸਭ ਕਾਸੀ ਕੇ ਪੋਚਾ ਫਿਰ ਜਾਂਦਾ ਹੈ। ਪੰਜਾਬੀ ਸਮਾਜ ਵਿਚ ਜੋ ਇਸ ਵਿਸ਼ੇ 'ਤੇ ਸ਼ੰਕੇ ਹਨ, ਉਹ ਵਿਗਿਆਨਿਕ ਅਤੇ ਮੈਡੀਕਲ ਸੋਝੀ ਨਾਲ ਨਵਿਰਤ ਹੋਣੇ ਚਾਹੀਦੇ ਹਨ। ਇਹ ਦੱਸਣਾ ਵੀ ਸਭ ਤੋਂ ਪਹਿਲਾ ਹੋਣਾ ਚਾਹੀਦਾ ਹੈ, ਜੇ ਬੰਦੇ ਵਿਚ ਬਿਲਕੁੱਲ ਨੁਕਸ ਹੈ, ਤਾਂ ਵੀਰਜ਼ ਕਿੱਥੋਂ ਆਵੇਗਾ? ਪਤੀ ਦੇ ਵੀਰਜ਼ ਅਤੇ ਪਤਨੀ ਦੀ ਕੁੱਖ ਤੋਂ ਬਿਨਾਂ ਅਗਰ ਕੋਈ ਹੋਰ ਮੈਡੀਕਲ ਤੌਰ ਤਰੀਕਾ ਅਪਣਾਇਆ ਜਾਂਦਾ ਹੈ, ਫਿਰ ਇਹ ਪੰਜਾਬ ਨੂੰ ਮੁਆਫਿਕ ਆਉਣਾ ਜ਼ਰੂਰੀ ਨਹੀਂ ਹੈ। ਇਸ ਨਾਲ ਲੋਕ ਮੁਰਝਾ ਜਾਣਗੇ, ਉਨ੍ਹਾਂ ਦੀਆਂ ਨਜ਼ਰਾਂ ਮਿਲਣੀਆਂ ਔਖੀਆਂ ਹੋ ਜਾਣਗੀਆਂ। ਇਨ੍ਹਾਂ ਸੈਂਟਰਾਂ ਲਈ ਪੰਜਾਬ ਦੇ ਸਮਾਜਿਕ ਅਤੇ ਮਾਨਸਿਕ ਪੱਖ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਪੰਜਾਬ ਵਿਚ ਨਿਪੁੰਸਕਤਾ ਦੀ ਦਰ ਵੀ 50 ਪ੍ਰਤੀਸ਼ਤ ਹੈ। ਨਵੇਂ ਜੋੜੇ ਵੀ ਇਸ ਦੇ ਸ਼ਿਕਾਰ ਹਨ। ਪਤੀ-ਪਤਨੀ ਕੁਦਰਤੀ ਔਲਾਦ ਪੈਦਾ ਕਰਨ ਤੋਂ ਬਿਨਾਂ ਅਧੂਰਾ ਲੱਗਦੇ ਹਨ। ਸਭ ਤੋਂ ਖਤਰਨਾਕ ਕੁਦਰਤੀ ਖਿਲਵਾੜ ਇਹ ਹੋ ਚੁੱਕਿਆ ਹੈ ਕਿ ਸੈਕਸ ਤੋਂ ਬਿਨਾਂ ਹੀ ਗਰਭ ਧਾਰਨ ਹੋ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਕਿ ਗੁਲਾਬ ਰੂਪੀ ਪੰਜਾਬ ਤਰ੍ਹਾਂ-ਤਰ੍ਹਾਂ ਦੇ ਦੁੱਖ ਹੰਢਾ ਰਿਹਾ ਹੈ। ਸਾਹਮਣਾ ਕਰਕੇ ਜੇਤੂ ਵੀ ਹੋ ਰਿਹਾ ਹੈ। ਪੰਜਾਬੀਆਂ ਦੀ ਨਸ਼ਲਕੁਸੀ ਅਤੇ ਮਿਲਗੋਭਾ ਪੈਦਾਇਸ਼ ਬਾਰੇ ਸਭ ਕਿਸਮ ਦੇ ਸ਼ੰਕੇ ਅਤੇ ਚਿੰਤਾਵਾਂ ਖਤਮ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਪੰਜਾਬੀਆਂ ਦੀ ਨਸਲ ਬਚਾਉਣ ਲਈ ਗੰਭੀਰ ਅਤੇ ਚਿੰਤਾਜਨਕ ਮੁੱਦੇ ਨੂੰ ਸਰਕਾਰ, ਸਮਾਜ ਅਤੇ ਧਾਰਮਿਕ ਖੇਤਰ ਅੰਦਰ ਲੰਬਿਤ ਛੱਡਣ ਦੀ ਬਜਾਏ ਤੁਰੰਤ ਹੱਲ ਕਰਕੇ ਖੁਸ਼ ਗਵਾਰ ਸੁਨੇਹਾ ਪੰਜਾਬੀਆਂ ਨੂੰ ਦੇਣਾ ਚਾਹੀਦਾ ਹੈ। ਇਸ ਤੋਂ ਬਿਨਾਂ ਦੁੱਖਾਂ ਦੀ ਦਾਸਤਾਨ ਲੰਬੀ ਹੁੰਦੀ ਹੋਈ ਗੁਰਦਾਸ ਮਾਨ ਦੀ ਬੋਲੀ ਨੂੰ ਤਾਜ਼ਾ ਰੱਖਦੀ ਰਹੇਗੀ "ਕਿਹੜਾ-ਕਿਹੜਾ ਦੁੱਖ ਦੱਸਾਂ ਮੈਂ ਪੰਜਾਬ ਦਾ, ਫੁੱਲ ਮੁਰਝਾਇਆ ਪਿਆ ਏ ਗੁਲਾਬ ਦਾ"। ਹੁਣ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਕੇਵਲ ਸਿੰਘ ਨੇ ਵੀ ਆਪਣੇ ਉਪਰਾਲਿਆ ਨਾਲ ਪੰਜਾਬੀਆਂ ਨੂੰ ਸੰਭਲਣ ਅਤੇ ਜਾਗਣ ਦਾ ਹੋਕਾ ਦਿੱਤਾ ਹੈ। ਇਸ ਨੂੰ ਸਵੀਕਾਰ ਕਰਨਾ ਪੰਜਾਬੀਆਂ ਦੇ ਹਿੱਤ ਵਿਚ ਹੈ। ਸਿੰਘ ਸਹਿਬਾਨ ਦੇ ਸੰਦੇਸ਼ ਨਹੀਂ, ਬਲਕਿ ਹੁਕਮ ਹੁੰਦੇ ਹਨ। ਇਸ ਲਈ ਜੋ ਹੁਕਮ ਹੋਏ ਹਨ, ਉਨ੍ਹਾਂ ਨੂੰ ਮੰਨਕੇ ਲਾਗੂ ਕਰਨਾ ਸਾਡਾ ਫਰਜ਼ ਹੈ।

ਹਰ ਪੰਜਾਬੀ ਦਾ ਫਰਜ਼ ਬਣਦਾ ਹੈ ਕਿ ਜਾਗੋ ਆਪਣੀ ਮਾਂ-ਬੋਲੀ, ਆਪਣੇ ਪੰਜਾਬ ਲਈ ਦਰਪੇਸ਼ ਵੰਗਾਰਾਂ ਦਾ ਹਰ ਪੱਖੋਂ ਮੁਕਾਬਲਾ ਕਰੀਏ। ਸਿੰਘ ਸਹਿਬਾਨ ਦੇ ਹੁਕਮ ਅਨੁਸਾਰ ਅੱਜ ਤੋਂ ਪੰਜਾਬੀਆਂ ਦੀ ਨਸਲ, ਫਸਲ ਅਤੇ ਬਹੁਪੱਖੀ, ਬਹੁਪਰਤੀ ਚੁਣੌਤੀਆਂ ਨੂੰ ਕਬੂਲ ਕਰਕੇ ਇਨ੍ਹਾਂ ਦਾ ਨਿਵਾਰਨ ਕਰਨਾ ਹਰ ਪੰਜਾਬੀ ਦੀ ਜ਼ਿੰਮੇਵਾਰੀ ਹੈ। ਸਰਕਾਰਾਂ ਵੀ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਮੁੜ ਲੀਹਾਂ ਵੱਲ ਲਿਆ ਸਕਦੀਆਂ ਹਨ। ਪੰਜਾਬੀਓ ਜਾਗਦੇ ਕਿ ਸੁੱਤੇ ਦੇ ਸੰਕਲਪ ਵਿਚੋਂ ਪੰਜਾਬੀਅਤ ਲਈ ਇਕ ਪ੍ਰਮਾਣਿਤ ਅਤੇ ਸਰਬਪੱਖੀ ਲੋਕ ਲਹਿਰ ਅਰੰਭੀਏ, ਇਸ ਨਾਲ ਹੀ ਪੰਜਾਬ ਭਾਰਤ ਮਾਤਾ ਦੀ ਮੁੰਦਰੀ ਦਾ ਨਗ ਬਣਿਆ ਰਹੇਗਾ ਅਤੇ ਪੁਰਾਤਨ ਪੰਜਾਬ ਨੂੰ ਲੱਭਿਆ ਜਾ ਸਕੇਗਾ।

# ‘ਦਿਲਾਂ ਦੀ ਜੂਹ’

## ਕਾਂਡ 19




-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



ਤੀਜੇ ਦਿਨ ਸਾਰੇ ਤਿਆਰ ਹੋ ਕੇ ਲੰਡਨ ਦੇ ਹੀਥਰੋ ਏਅਰਪੋਰਟ ਪਹੁੰਚ ਗਏ। ਅੱਜ ਜੋਰਾ ਸਿੰਘ ਉਨ੍ਹਾਂ ਨੂੰ ਆਪ ਛੱਡਣ ਆਇਆ ਸੀ। ਪਰ ਉਸ ਨੂੰ ਗੁਰਮੀਤ ਅਤੇ ਗੀਤ ਨਾਲ਼ ਬੀਤੀ ਕਹਾਣੀ ਬਾਰੇ ਬਿਲਕੁਲ ਨਹੀਂ ਪਤਾ ਸੀ।

ਲੰਡਨ ਤੋਂ ਵੈਨਕੂਵਰ ਦੀ ਫ਼ਲਾਈਟ ਕਰੀਬ ਦਸ ਘੰਟੇ ਦੀ ਸੀ।

ਸਮਾਨ ਜਮ੍ਹਾਂ ਕਰਵਾ ਕੇ ਉਹ ਗਲਵਕੜੀਆਂ ਪਾ-ਪਾ ਕੇ ਮਿਲ਼ੇ ਅਤੇ ਅੰਦਰ ਚਲੇ ਗਏ।

ਸਕਿਊਰਿਟੀ ਕਰਵਾਉਣ ਤੋਂ ਬਾਅਦ ਜਦ ਉਨ੍ਹਾਂ ਦਾ ਗੇਟ ਨੰਬਰ ਆਇਆ, ਤਾਂ ਉਹ ਗੇਟ ਵੱਲ ਨੂੰ ਤੁਰ ਪਏ।

ਫ਼ਲਾਈਟ ਸਹੀ ਟਾਈਮ ’ਤੇ ਉਡ ਗਈ।

ਪੂਰੇ ਦਸ ਘੰਟੇ ਬਾਅਦ ਜਹਾਜ਼ ਕੈਨੇਡਾ ਦੀ ਧਰਤੀ ’ਤੇ ਜਾ ਉੱਤਰਿਆ।

ਇੰਮੀਗ੍ਰੇਸ਼ਨ ਤੋਂ ਵਿਹਲੇ ਹੋ ਕੇ ਜਦ ਉਹ ਬਾਹਰ ਨਿਕਲ਼ੇ, ਤਾਂ ਗੁਰਮੀਤ ਦੇ ਘਰਵਾਲ਼ਾ ਸ਼ੇਰ ਸਿੰਘ ਉਨ੍ਹਾਂ ਨੂੰ ਲੈਣ ਆਇਆ ਹੋਇਆ ਸੀ। ਅੱਜ ਉਹ ਗੁੱਸੇ ਵਿਚ ਨਹੀਂ ਸੀ, ਆਪਣੇ ਪਰਿਵਾਰ ਨੂੰ ਮਿਲ਼ ਕੇ ਖ਼ੁਸ਼ ਸੀ।

–“ਤੁਹਾਡੇ ਅਟੈਚੀ...?” ਉਸ ਨੇ ਗੁਰਮੀਤ ਦੇ ਹੱਥ ’ਚ ਨਿੱਕਾ ਜਿਹਾ ਬੈਗ ਦੇਖ ਕੇ ਪੁੱਛਿਆ।

–“ਉਹ ਤਾਂ ਰਾਹ ’ਚ ਦੰਗਾਕਾਰੀਆਂ ਨੇ ਲੁੱਟ ਲਏ..!” ਗੁਰਮੀਤ ਨੇ ਸੰਖੇਪ ਦੱਸਿਆ।

–“ਹੈਂ..? ਇਉਂ ਕਿਵੇਂ ਲੁੱਟ ਲਿਆ..?” ਸ਼ੇਰ ਸਿੰਘ ਚੌਂਕਿਆ।

–“ਡੈਡ..! ਦੇ ਰੇਪਡ ਮੰਮ ਐਂਡ ਗੀਤ..!” ਕੈਨੇਡਾ ਦੇ ਜੰਮਪਲ ਅਤੇ ਭੋਲ਼ੇ ਜੋਬਨ ਨੇ ਅਚਾਨਕ ਦੱਸਿਆ ਤਾਂ ਸ਼ੇਰ ਸਿੰਘ ਦੇ ਸਿਰ ਵਿਚ ਜਿਵੇਂ ਬੰਬ ਫ਼ਟ ਗਿਆ।

–“ਵਾਅਟ...? ਵੱਟ ਡਿੱਡ ਯੂ ਸੇਅ...??” ਉਸ ਦੇ ਦਿਮਾਗ ਵਿਚ ਧਮਾਕੇ ਹੋਈ ਜਾ ਰਹੇ ਸਨ, “ਰੇਪਡ..?”

–“ਯੈੱਸ..! ਗੈਂਗ ਰੇਪ...! ਦੇ ਬੋਥ ਹੈਵ ਬਿੰਨ ਰੇਪਡ..!”

–“ਗੈਂਗ ਰੇਪ...?”

–“ਯੈੱਸ...! ਫ਼ਾਕਿਨ ਗੈਂਗ ਰੇਪ...!”

–“ਤੂੰ ਮੈਨੂੰ ਫ਼ੋਨ ’ਤੇ ਨਾ ਦੱਸਿਆ..?” ਸ਼ੇਰ ਸਿੰਘ ਦਾ ਸਰੀਰ “ਝਰਨ-ਝਰਨ” ਕਰੀ ਜਾ ਰਿਹਾ ਸੀ।

–“ਤੇ ਅਸੀਂ ਓਥੇ ਕੀ ਕਰ ਲਿਆ..?”

–“ਪੁਲੀਸ ਨੂੰ ਖ਼ਬਰ ਕਰਨੀ ਸੀ..!”

–“ ਕੀਤੀ ਸੀ, ਪੁਲੀਸ ਕਿਸੇ ਦੀ ਸੁਣਦੀ ਐ..? ਅਸੀਂ ਸਾਰਾ ਜ਼ੋਰ ਲਾ ਕੇ ਦੇਖ ਲਿਐ..!”

–“..........।” ਸ਼ੇਰ ਸਿੰਘ ਜਿਵੇਂ ਬਰਫ਼ ਵਿਚ ਲੱਗ ਗਿਆ ਸੀ।

–“ਜੇ ਜੋਬਨ ਨਾ ਦੱਸਦਾ, ਮੈਂ ਤਾਂ ਥੋਡੇ ਕੋਲ਼ੇ ਗੱਲ ਈ ਨੀ ਸੀ ਕਰਨੀ, ਅਸੀਂ ਤਾਂ ਦੁਖੀ ਸੀਗੇ ਈ..! ਪਰ ਇਹਦੀ ਨਿੱਜ ਨੂੰ ਜਾਣੇ ਦੀ ਕਾਹਨੂੰ ਲੁਤਰੋ ਰਹਿੰਦੀ ਐ..!” ਉਹ ਮੁੱਕੀ ਲੈ ਕੇ ਜੋਬਨ ਨੂੰ ਮਾਰਨ ਆਈ। ਪਰ ਜੋਬਨ ਅਹਿਲ ਬੈਠਾ ਰਿਹਾ। ਉਹ ਰਤੀ ਭਰ ਵੀ ਨਾ ਹਿੱਲਿਆ। ਮੁੰਡਾ ਮਾਂ ਦੀ ਮਾਨਸਿਕ ਹਾਲਤ ਨੂੰ ਬੜੀ ਅੱਛੀ ਤਰ੍ਹਾਂ ਜਾਣਦਾ ਸੀ।

ਸ਼ੇਰ ਸਿੰਘ ਹਾਉਕੇ ਵਰਗਾ ਸਾਹ ਖਿੱਚ ਕੇ ਚੁੱਪ ਕਰ ਗਿਆ।

ਉਹ ਬੜੀ ਧੀਮੀ ਚਾਲ ਕਾਰ ਚਲਾ ਰਿਹਾ ਸੀ। ਪਰ ਉਸ ਦੇ ਅੰਦਰ ਪਤਾ ਨਹੀਂ ਕਿੰਨੇ ਝੱਖੜ ਝੁੱਲ ਰਹੇ ਸਨ।

ਅਗਲੇ ਦਿਨ ਸ਼ੇਰ ਸਿੰਘ ਗੀਤ ਨੂੰ ਡਾਕਟਰ ਦੇ ਲੈ ਗਿਆ।

ਸਾਰੀ ਦੁਖਾਂਤਕ ਵਿੱਥਿਆ ਸੁਣ ਕੇ ਡਾਕਟਰ ਨੇ ਗੀਤ ਨੂੰ ‘ਸਾਈਕੋਲੋਜਿਸਟ’ ਕੋਲ਼ ‘ਰੈਫ਼ਰ’ ਕਰ ਦਿੱਤਾ।

ਗੁਰਮੀਤ ਦੀ ਸਿਹਤ ਦਿਨੋਂ-ਦਿਨ ਥੱਲੇ ਨੂੰ ਜਾ ਰਹੀ ਸੀ।

ਗੀਤ ਅਤੇ ਗੁਰਮੀਤ ਕਾਰਨ ਸ਼ੇਰ ਸਿੰਘ ਕਾਫ਼ੀ ਤਣਾਓ ਵਿਚ ਸੀ। ਉਨ੍ਹਾਂ ਨੇ ਗੱਲ ਦੁਨੀਆਂ ਤੋਂ ਪੂਰੀ ਤਰ੍ਹਾਂ ਗੁਪਤ ਰੱਖੀ ਹੋਈ ਸੀ। ਕਿਸੇ ਨੂੰ ਦੱਸ ਕੇ ਆਪਣਾ ਹੀ ਢਿੱਡ ਨੰਗਾ ਹੋਣਾਂ ਸੀ ਅਤੇ ਸ਼ੇਰ ਸਿੰਘ ਆਪਣਾ ਢਿੱਡ ਨੰਗਾ ਨਹੀਂ ਹੋਣ ਦੇਣਾ ਚਾਹੁੰਦਾ ਸੀ। ਨਹੀਂ ਤਾਂ ਜੱਗ-ਜਹਾਨ ਵਿਚ ਢੋਲ ਵੱਜ ਜਾਣੇ ਸਨ। ਬਣੀਂ-ਬਣਾਈ ਇੱਜ਼ਤ ਲੀਰੋ-ਲੀਰ ਹੋ ਜਾਣੀਂ ਸੀ।

ਐਤਵਾਰ ਦਾ ਦਿਨ ਸੀ।

ਸ਼ੇਰ ਸਿੰਘ ਅਤੇ ਬੱਚੇ ਅਜੇ ਸੁੱਤੇ ਹੋਏ ਸਨ। ਗੁਰਮੀਤ ਹੁਣ ਨੀਂਦ ਵਾਲ਼ੀਆਂ ਗੋਲ਼ੀਆਂ ਖਾ ਕੇ ਸੌਂਦੀ। ਪਰ ਉਸ ਨੂੰ ਗੋਲ਼ੀਆਂ ਖਾ ਕੇ ਵੀ ਤਿੰਨ-ਚਾਰ ਘੰਟੇ ਤੋਂ ਜ਼ਿਆਦਾ ਨੀਂਦ ਨਾ ਆਉਂਦੀ।

ਗੁਰਮੀਤ ਰਸੋਈ ਵਿਚ ਸਬਜ਼ੀ ਬਣਾ ਰਹੀ ਸੀ ਕਿ ਅਚਾਨਕ ਫ਼ੋਨ ਖੜਕ ਪਿਆ।

–“ਹੈਲੋ...!”

–“ਤਕੜੀ ਐਂ ਗੁਰਮੀਤ..? ਜਾ ਕੇ ਤੂੰ ਫ਼ੋਨ-ਫ਼ਾਨ ਈ ਨੀ ਕੀਤਾ ਧੀਏ..?” ਇੰਡੀਆ ਤੋਂ ਚਾਚੀ ਦੀ ਆਵਾਜ਼ ਸੀ।

ਗੁਰਮੀਤ ਦਾ ਦਿਲ ਹਿੱਲ ਗਿਆ, ਉਸ ਦਾ ਧਾਹਾਂ ਮਾਰ ਕੇ ਰੋਣ ਨੂੰ ਜੀਅ ਕੀਤਾ। ਪਰ ਉਸ ਨੇ ਜਾਬਤੇ ਨਾਲ਼ ਆਪਣੇ ਜਜ਼ਬਾਤਾਂ ਨੂੰ ਬੰਨ੍ਹ ਮਾਰ ਲਿਆ।

–“ਕੰਮਾਂ ਕਾਰਾਂ ਵਿਚ ਟਾਈਮ ਈ ਨੀ ਲੱਗਿਆ, ਚਾਚੀ ਜੀ..!”

–“ਪੁੱਤ, ਐਨੇ ਕਿੰਨ੍ਹੇ ਕੁ ਕੰਮ ਕਾਰ ਹੁੰਦੇ ਐ ਬਈ ਤੈਨੂੰ ਦੋ ਮਿੰਟ ਫ਼ੋਨ ਕਰਨ ਦਾ ਟੈਮ ਵੀ ਨੀ ਮਿਲ਼ਿਆ..?” ਚਾਚੀ ਨੇ ਰੱਬ ਜਿੱਡਾ ਉਲਾਂਭਾ ਦਿੱਤਾ।

–“..................।” ਗੁਰਮੀਤ ਚੁੱਪ ਰਹੀ।

–“ਹੋਰ ਸੁਣਾਓ ਬੱਗੇ ਦਾ ਕੀ ਹਾਲ ਐ..?” ਗੁਰਮੀਤ ਨੇ ਚੁੱਪ ਤੋੜੀ।

–“ਕੀ ਦੱਸਾਂ ਗੁਰਮੀਤ ਪੁੱਤ..?”

–“ਕੀ ਹੋ ਗਿਆ ਚਾਚੀ ਜੀ..?” ਗੁਰਮੀਤ ਦਾ ਕਾਲ਼ਜਾ ਫ਼ੜਿਆ ਗਿਆ।

–“ਕੁੜੇ ਧੀਏ, ਉਹਨੂੰ ਤਾਂ ਪਤਾ ਨੀ ਕੀ ਹੋ ਗਿਆ..? ਸੱਤਾਂ ਧੀਆਂ ਵਰਗਾ ਇੱਕੋ ਪੁੱਤ ਸੀ, ਪਰ ਜਦੋਂ ਦਾ ਉਹਦਾ ਦਿੱਲੀਓਂ ਆਉਂਦੇ ਦਾ ‘ਐਛੀਡੈਂਟ’ ਹੋਇਐ, ਪਤਾ ਨੀ ਕੀ ਗੱਲ..? ਉਹ ਤਾਂ ਇਉਂ ਗੱਲਾਂ ਕਰਦੈ ਜਿਵੇਂ ਉਹਦਾ ਡਮਾਕ ਹਿੱਲ ਗਿਆ ਹੁੰਦੈ..!”

–“ਦਿਮਾਗ ਹਿੱਲ ਗਿਆ..?” ਗੁਰਮੀਤ ਦੇ ਗੋਡੇ ਕੰਬਣ ਲੱਗ ਪਏ। ਉਸ ਨੇ ਸੋਚਿਆ ਕਿ ਬੱਗੇ ਨੇ ਸਾਡੇ ਨਾਲ਼ ਹੋਈ ‘ਵਾਰਦਾਤ’ ਬਾਰੇ ਤਾਂ ਨਹੀਂ ਦੱਸਿਆ ਹੋਣਾ, ਪਰ ‘ਐਕਸੀਡੈਂਟ’ ਦਾ ਬਹਾਨਾ ਬਣਾ ਲਿਆ ਹੋਊਗਾ?

–“ਕਦੇ ਕਿਸੇ ਨਸ਼ੇ ਨੂੰ ਹੱਥ ਲਾ ਕੇ ਸਹੁੰ ਨੀ ਭੰਨੀ ਸੀ ਜਿਉਣ ਜੋਕਰੇ ਨੇ..! ਪਰ ਹੁਣ ਤਾਂ ਪੁੱਤ ਜੋ ਹੱਥ ਆਉਂਦੈ, ਅੰਦਰ ਸਿੱਟੀ ਜਾਂਦੈ, ਬੇਸੁਰਤ ਹੋ ਕੇ ਡਿੱਗਦਾ ਢਹਿੰਦਾ ਘਰੇ ਆਉਂਦੈ..!”

–“.............।” ਗੁਰਮੀਤ ਨਿਰਬਲ ਹੋ ਕੇ ਕੁਰਸੀ ’ਤੇ ਬੈਠ ਗਈ। ਇਕੱਲਾ-ਇਕੱਲਾ ਚਾਚੀ ਦਾ ਸਹਾਰਾ ਸਦਮੇਂ ਕਾਰਨ ਨਸ਼ੇੜੀ ਬਣ ਤੁਰਿਆ ਸੀ।

–“ਉਹ ਤਾਂ ਭਾਈ ਟੂਣਾਂ ਟੱਪਣ ਆਲ਼ਿਆਂ ਮਾਂਗੂੰ ਕਰਦੈ..! ਕਦੇ-ਕਦੇ ਅੱਧੀ ਰਾਤੋਂ ਉਠ ਕੇ ਉਚੀ-ਉਚੀ ਰੋਣ ਲੱਗ ਜਾਂਦੈ, ਤੇ ਕਦੇ ਕੰਧ ਨੂੰ ਟੱਕਰ ਮਾਰਨ ਜਾਂਦੈ..! ਮਸਾਂ ਫ਼ੜਦੀ ਆਂ ਪੁੱਤ ਮੈਂ ਤਾਂ..! ਕਦੇ ਗੁਆਂਢੀਆਂ ਨੂੰ ‘ਵਾਜ ਮਾਰਦੀ ਐਂ..! ਸੁੱਖ ਨਾਲ਼ ਜੁਆਨ ਪੁੱਤ ਐ ਗੁਰਮੀਤ, ਮੈਥੋਂ ਬੁੜ੍ਹੀ ਤੋਂ ਥੋੜ੍ਹਾ ਸੰਭਦੈ...?” ਚਾਚੀ ਰੋ ਪਈ।

–“..............।” ਗੁਰਮੀਤ ਦੇ ਕੰਨਾਂ ਵਿਚ ਬਿੰਡੇ ਟਿਆਂਕੀ ਜਾ ਰਹੇ ਸਨ। ਉਸ ਨੂੰ ਬਿਰਧ ਚਾਚੀ ’ਤੇ ਅਥਾਹ ਤਰਸ ਆ ਰਿਹਾ ਸੀ। ਚਾਚੀ ਤਾਂ ਪੁੱਤ ਦੇ ਰਿਸ਼ਤੇ ਦੀਆਂ ਬਾਤਾਂ ਪਾਉਂਦੀ ਸੀ। ਪਰ ਅੱਜ ਤਾਂ ਵਿਚਾਰੀ ਹੋਰ ਹੀ ਦੁਖੜਿਆਂ ਨੇ ਆ ਘੇਰੀ ਸੀ।

–“ਪੁੱਤ ਉਹ ਕਿਹੜਾ ਨਸ਼ਾ ਐ, ਜਿਹੜਾ ਹੁਣ ਆਪਣਾ ਬੱਗਾ ਨਹੀਂ ਕਰਦਾ..! ਪਤਾ ਨੀ ਕੀ ਸੁਆਹ ਖੇਹ ਖਾਂਦੈ, ਘਰੇ ਘਾਊਂ-ਮਾਊਂ ਜਿਆ ਹੋ ਕੇ ਵੜਦੈ, ਪਤਾ ਨੀ ਭੂਤਬੜੇ ਨੂੰ ਕਿਹੜਾ ਪ੍ਰੇਤ ਚੁੰਬੜ ਗਿਆ, ਪਤਾ ਨੀ ਕਿਹੜੇ ਚੰਦਰੇ ਦੀ ਨਜ਼ਰ ਲੱਗ’ਗੀ..? ਦਿਨਾਂ ’ਚ ਈ ਪੀਲ਼ਾ ਵਸਾਰ ਵਰਗਾ ਹੋ ਗਿਆ..!” ਚਾਚੀ ਫ਼ਿਰ ਭੁਸਕ ਪਈ।

–“ਕੋਈ ਨਾ ਚਾਚੀ ਜੀ, ਦਿਲ ਰੱਖ..! ਸਭ ਠੀਕ ਹੋ ਜਾਊਗਾ..!” ਗੁਰਮੀਤ ਕੋਲ਼ੋਂ ਬੱਸ ਇਤਨਾ ਹੀ ਸਰਿਆ। ਪਰ ਬੱਗੇ ਬਾਰੇ ਉਹ ਅਤੀਅੰਤ ਚਿੰਤਤ ਹੋ ਗਈ ਸੀ, “ਜਦੋਂ ਬੰਦੇ ’ਤੇ ਵਖਤ ਪੈਂਦੈ ਚਾਚੀ ਜੀ, ਸੁੱਬੀ ਵੀ ਸੱਪ ਬਣ ਜਾਂਦੀ ਐ...!”

–“ਕੀ ਗੱਲ...? ਤੂੰ ਤਾਂ ਠੀਕ ਐਂ ਨ੍ਹਾਂ..?” ਚਾਚੀ ਨੂੰ ਹੋਰ ਚਿੰਤਾ ਨੇ ਘੇਰ ਲਿਆ।

–“ਨਹੀਂ, ਸਭ ਠੀਕ ਐ ਚਾਚੀ ਜੀ..! ਤੁਸੀਂ ਚਿੰਤਾ ਨਾ ਕਰੋ..! ਤੁਸੀਂ ਬੱਗੇ ਦਾ ਖਿਆਲ ਰੱਖੋ...!” ਗੁਰਮੀਤ ਓਪਰਿਆਂ ਵਾਂਗ ਗੱਲਾਂ ਕਰ ਰਹੀ ਸੀ।

–“ਚੰਗਾ ਪੁੱਤ...!” ਬੇਬੇ ਨੇ ਫ਼ੋਨ ਰੱਖ ਦਿੱਤਾ।

ਗੁਰਮੀਤ ਨੂੰ ਚਾਚੀ ’ਤੇ ਅਥਾਹ ਤਰਸ ਆਇਆ। ਚਾਚਾ ਜੀ ਦੀ ਮੌਤ ਤੋਂ ਬਾਅਦ ਚਾਚੀ ਨੇ ਬੱਗੇ ਨੂੰ ਕਿੰਨੇ ਵਖਤਾਂ ਨਾਲ਼ ਪਾਲ਼ਿਆ ਸੀ। ਚਾਚੀ ਵਿਚਾਰੀ ਨੂੰ ਸੁਖ ਤਾਂ ਕੀ ਦੇਣਾਂ ਸੀ, ਬੱਗਾ ਤਾਂ ਬਿਰਧ ਚਾਚੀ ’ਤੇ ਹੀ ਬੋਝ ਬਣ ਤੁਰਿਆ..! ਬੱਗਾ ਦਿੱਲੀ ਆਉਣ ਵਾਲ਼ਾ ਸਦਮਾ ਨਹੀਂ ਸਹਾਰ ਸਕਿਆ, ਤੇ ਓਸ ਨੇ ਨਸ਼ਿਆਂ ਨਾਲ਼ ਸਾਂਝ ਪਾ ਲਈ..! ਰੱਬ ਸੁੱਖ ਹੀ ਰੱਖੇ, ਜੇ ਬੱਗੇ ਨੂੰ ਕੁਛ ਹੋ ਗਿਆ, ਚਾਚੀ ਤਾਂ ਵਿਚਾਰੀ ਖੜ੍ਹੀ ਖੜੋਤੀ ਸਾਹ ਛੱਡ ਜਾਊਗੀ..! ਜੇ ਉਹਨੂੰ ਮੇਰੇ ਤੇ ਗੀਤ ਨਾਲ਼ ਹੋਏ ਕੁਕਰਮ ਬਾਰੇ ਪਤਾ ਲੱਗ ਗਿਆ, ਉਹਨੇ ਫ਼ੇਰ ਵੀ ਨਹੀਂ ਬਚਣਾ..! ਗੁਰਮੀਤ ਸੋਚ ਰਹੀ ਸੀ। ਉਸ ਦੀ ਸੋਚ ਸ਼ੇਰ ਸਿੰਘ ਦੀ ਅਵਾਜ਼ ਨਾਲ਼ ਟੁੱਟੀ।

–“ਕੀਹਦਾ ਫ਼ੋਨ ਸੀ...?” ਸ਼ੇਰ ਸਿੰਘ ਪੁੱਛ ਰਿਹਾ ਸੀ।

–“ਇੰਡੀਆ ਤੋਂ ਚਾਚੀ ਜੀ ਦਾ ਫ਼ੋਨ ਸੀ..!”

–“ਸਭ ਠੀਕ ਐ..?”

–“ਕਾਹਦੀ ਸੁੱਖ ਐ..?”

–“ਕੀ ਹੋ ਗਿਆ..?”

–“ਸਾਡੇ ਆਲ਼ੇ ਕਾਂਡ ਕਰ ਕੇ ਬੱਗੇ ਨੇ ਅੰਨ੍ਹੇਵਾਹ ਨਸ਼ੇ ਕਰਨੇ ਸ਼ੁਰੂ ਕਰ ਦਿੱਤੇ..! ਚਾਚੀ ਦੱਸਦੀ ਸੀ, ਜੋ ਨਸ਼ਾ ਹੱਥ ਆਉਂਦੈ, ਖਾਈ ਤੁਰਿਆ ਜਾਂਦੈ..!”

–“............।” ਸ਼ੇਰ ਸਿੰਘ ਲੰਬਾ ਸਾਹ ਖਿੱਚ ਕੇ ਚੁੱਪ ਕਰ ਗਿਆ।

ਚਾਰ ਹਫ਼ਤੇ ਬਾਅਦ ਜਦ ਸ਼ੇਰ ਸਿੰਘ ਆਪਣੀ ਬੇਟੀ ਗੀਤ ਨੂੰ ਦੁਬਾਰਾ ‘ਚੈੱਕ-ਅੱਪ’ ਲਈ ਡਾਕਟਰ ਦੇ ਲੈ ਕੇ ਗਿਆ ਤਾਂ ਉਸ ਨੂੰ ਇੱਕ ਅਜੀਬ ਹੀ ਖ਼ਬਰ ਮਿਲ਼ੀ। ਗੀਤ ਗਰਭਵਤੀ ਸੀ!!! ਸੁਣ ਕੇ ਸ਼ੇਰ ਸਿੰਘ ਨੂੰ ਚੱਕਰ ਆਇਆ। ਉਹ ਡਾਕਟਰ ਦੇ ਕਲੀਨਿਕ ਵਿਚ ਖੜ੍ਹਾ ਡਿੱਗਣੋਂ ਮਸਾਂ ਬਚਿਆ ਸੀ। ਉਨ੍ਹਾਂ ਸਿਰ ਇੱਕ ਹੋਰ ਬਿੱਜ ਆ ਡਿੱਗੀ ਸੀ।

ਉਹ ਮਸਾਂ ਡਿੱਗਦਾ ਢਹਿੰਦਾ ਘਰੇ ਪਹੁੰਚਿਆ।

ਉਸ ਦੀ ਹਾਲਤ ਦੇਖ ਕੇ ਗੁਰਮੀਤ ਦਾ ਕਾਲ਼ਜਾ ਨਿਕਲ਼ ਗਿਆ।

–“ਕੀ ਹੋਇਆ..? ਵੱਟ ਹੈਪਨਡ..??” ਉਸ ਨੇ ਗੀਤ ਨੂੰ ਪੁੱਛਿਆ। ਪਰ ਗੀਤ ਚੁੱਪ ਚਾਪ ਅੰਦਰ ਲੰਘ ਗਈ।

ਉਸ ਨੇ ਪਾਣੀ ਦਾ ਗਿਲਾਸ ਸ਼ੇਰ ਸਿੰਘ ਨੂੰ ਜਾ ਫ਼ੜਾਇਆ।

–“ਹੋਇਆ ਕੀ..? ਦੱਸ ਤਾਂ ਦਿਓ...!”

ਸ਼ੇਰ ਸਿੰਘ ਨੇ ਪਾਣੀ ਦਾ ਗਿਲਾਸ ਫ਼ੜ ਕੇ ਪੀ ਲਿਆ।

–“ਗੀਤ ਪ੍ਰੈਗਨੈਂਟ ਐ..!”

–“ਬੂਹ ਨ੍ਹੀ ਮੈਂ ਮਰ’ਜਾਂ...! ਓਹ ਮਾਈ ਗੌਡ..!! ਰੀਅਲੀ...???” ਉਸ ਨੇ ਪੱਟਾਂ ’ਤੇ ਦੁਹੱਥੜ ਮਾਰੀ, “ਬੂਹ ਨ੍ਹੀ ਮੈਂ ਮਰ’ਜਾਂ..! ਹੁਣ ਕੀ ਹੋਊ..? ਆਪਾਂ ਤਾਂ ਜਮਾਂ ਈ ਪੱਟੇ ਗਏ..!”

–“ਹੁਣ ਰੇਪ ਦਾ ਵੇਰਵਾ ਪਾ ਕੇ ਅਬੌਰਸ਼ਨ ਕਰਵਾਉਣੀ ਪਊ..! ਹੋਰ ਕੀ ਹੋਊ..?”

–“ਹਾਏ ਮੈਂ ਮਰਗੀ..! ਅਬੌਰਸ਼ਨ..?? ਵੇ ਰੱਬਾ ਵੈਰੀਆ..! ਅਸੀਂ ਦੱਸ ਤੇਰੇ ਕੀ ਮਾਂਹ ਮਾਰ’ਤੇ..? ਪਤਾ ਨੀ ਕਿਹੜੇ ਪਾਪ ਅੱਗੇ ਆ ਗਏ, ਕਰ ਰਹਿਮ ਵੇ ਰੱਬਾ..! ਨਾ ਦੁੱਖ ਦੇਹ ਐਨੇ..!”

–“......................।”

–“ਪਤਾ ਨੀ ਕੀਹਦਾ ਹਾਉਕਾ ਲੱਗ ਗਿਆ ਆਪਣੇ ਟੱਬਰ ਨੂੰ..! ਮੌਜਾਂ ਕਰਦੇ, ਬੁੱਲੇ ਵੱਢਦੇ ਸੀ, ਹੁਣ ਨਿੱਤ ਨਵਾਂ ਕਲੇਸ਼ ਡਿੱਗਦੈ ਘਰੇ..!” ਗੁਰਮੀਤ ਦੀ ਮਾਨਸਿਕਤਾ ਉਪਰ ਇੱਕ ਪਹਾੜ ਹੋਰ ਟੁੱਟ ਪਿਆ।

–“ਚਾਹ ਬਣਾ..! ਮੇਰਾ ਸਿਰ ਪਾਟੀ ਜਾਂਦੈ..!”

ਗੁਰਮੀਤ ਚੁੱਪ ਚਾਪ ਚਾਹ ਬਣਾਉਣ ਲੱਗ ਪਈ।

ਅਜੇ ਹਫ਼ਤਾ ਕੁ ਹੀ ਬੀਤਿਆ ਸੀ। ਸਵੇਰ ਦੇ ਤਿੰਨ ਵੱਜੇ ਹੋਏ ਸਨ। ਉਨ੍ਹਾਂ ਦੇ ਫ਼ੋਨ ਦੀ ਘੰਟੀ ਲਗਾਤਾਰ ਵੱਜੀ ਜਾ ਰਹੀ ਸੀ। ਨੀਂਦ ਦੀਆਂ ਗੋਲ਼ੀਆਂ ਖਾ ਕੇ ਗੁਰਮੀਤ ਕਈ ਦਿਨਾਂ ਬਾਅਦ ਮਸਾਂ ਸੁੱਤੀ ਸੀ। ਪਰ ਲਗਾਤਾਰ ਵੱਜਦੀ ਫ਼ੋਨ ਦੀ ਘੰਟੀ ਨੇ ਉਸ ਦੀ ਜਾਗ ਖੋਲ੍ਹ ਦਿੱਤੀ। ਕੰਧ ’ਤੇ ਲੱਗੀ ਘੜੀ ਸਵੇਰ ਦੇ ਤਿੰਨ ਵਜਾ ਰਹੀ ਸੀ।

ਉਸ ਨੇ ਫ਼ੋਨ ਚੁੱਕ ਕੇ “ਹੈਲੋ” ਜਾ ਆਖੀ।

–“ਗੁਰਮੀਤ ਬੋਲਦੀ ਐ..?” ਫ਼ੋਨ ’ਤੇ ਅਵਾਜ਼ ਸੀ।

–“ਹਾਂ ਜੀ..! ਗੁਰਮੀਤ ਬੋਲਦੀ ਐਂ..! ਤੁਸੀਂ ਕੌਣ..?”

–“ਮੈਂ ਮੋਗੇ ਤੋਂ ਮਾਸੀ ਦਾ ਮੁੰਡਾ ਦੀਪ..!”

–“ਕੀ ਹਾਲ ਐ, ਦੀਪ..? ਐਨੀ ਸਾਝਰੇ ਫ਼ੋਨ ਕੀਤਾ, ਸੁੱਖ ਐ..??”

–“ਸੁੱਖ ਕਿੱਥੇ ਭੈਣ ਜੀ..?”

–“ਕੀ ਹੋਇਆ...?” ਉਸ ਦਾ ਦਿਲ ਹਥੌੜ੍ਹੇ ਵਾਂਗ ਹਿੱਕ ਵਿਚ ਵੱਜਣ ਲੱਗ ਪਿਆ।

–“ਬੱਗਾ ਪੂਰਾ ਹੋ ਗਿਆ..!”

ਗੁਰਮੀਤ ਦੇ ਹੱਥੋਂ ਫ਼ੋਨ ਡਿੱਗ ਪਿਆ। ਇਸ ਤੋਂ ਪਹਿਲਾਂ ਉਹ ਬੇਹੋਸ਼ ਹੋ ਕੇ ਫ਼ਰਸ਼ ’ਤੇ ਡਿੱਗਦੀ, ਉਸ ਨੂੰ ਸ਼ੇਰ ਸਿੰਘ ਨੇ ਆ ਬੋਚਿਆ ਅਤੇ ਫ਼ੋਨ ਚੁੱਕ ਕੇ ਉਸ ਨੇ ਕੰਨ ਨਾਲ਼ ਲਾ ਲਿਆ।

–“ਹੈਲੋ..?”

–“ਹਾਂ ਜੀ ਬਾਈ ਜੀ..!”

–“ਕੌਣ ਬੋਲਦੈ..?”

–“ਬਾਈ ਜੀ ਮੈਂ ਦੀਪ ਬੋਲਦੈਂ ਮੋਗੇ ਤੋਂ..!”

–“ਕੀ ਗੱਲ ਐ...?”

–“ਆਪਣਾ ਬੱਗਾ ਚੜ੍ਹਾਈ ਕਰ ਗਿਆ..!”

–“ਕਿਵੇਂ..?”

–“ਨਸ਼ਾ ਕੀਤਾ ਸੀ ਵਿਤੋਂ ਬਾਹਲ਼ਾ..! ਮੀਂਹ ਪਿਆ ਵਿਆ ਸੀ ਤੇ ਤੁਰਿਆ ਆਉਂਦਾ ਮੂਧੇ ਮੂੰਹ ਟਿਊਬਵੈੱਲ ਵਾਲ਼ੇ ਬੋਰ ’ਚ ਡਿੱਗ ਪਿਆ, ਰੱਬ ਜਾਣੇ ਮਣਕਾ ਟੁੱਟ ਗਿਆ, ਰੱਬ ਜਾਣੇ ਸਾਹ ਬੰਦ ਹੋ ਗਿਆ..? ਹੁਣੇ ਲਾਸ਼ ਲੈ ਕੇ ਆਏ ਸੀ, ਮਾਸੀ ਤਾਂ ਬਚਾਰੀ ਜਮਾਂ ਈ ਪੱਟੀ ਗਈ..! ਪਹਿਲਾਂ ਮਾਸੜ ਜੀ ਦੀ ਬੇਵਕਤੀ ਮੌਤ, ਤੇ ਹੁਣ ਆਹ ਬੱਗੇ ਆਲ਼ਾ ਸੱਲ..!” ਮੁੰਡਾ ਵੀ ਫ਼ਿੱਸ ਪਿਆ।

–“ਚਾਚੀ ਜੀ ਨੂੰ ਦਿਨੇ ਫ਼ੋਨ ਕਰਾਂਗੇ ਅਸੀਂ, ਦੀਪ..!!”

ਸ਼ੇਰ ਸਿੰਘ ਨੇ ਫ਼ੋਨ ਕੱਟ ਦਿੱਤਾ ਅਤੇ ਗੁਰਮੀਤ ਨੂੰ ਸੰਭਾਲ਼ਿਆ।

ਬੱਗਾ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਗਿਆ ਸੀ। ਚਾਚੀ ਤਾਂ ਅੱਗੇ ਹੀ ਸਾਹ ਜਿਹੇ ਵਰੋਲ਼ਦੀ ਫ਼ਿਰਦੀ ਸੀ, ਫ਼ਿਰ ਆਹ ਘਾਟਾ, ਇਹ ਬਿਰਹੋਂ ਦਾ ਫ਼ੱਟ ਕਿਵੇਂ ਜ਼ਰੂਗੀ ਵਿਚਾਰੀ..? ਸੋਚ-ਸੋਚ ਗੁਰਮੀਤ ਨੂੰ ਦੰਦਲ਼ ਪੈਣ ਵਾਲ਼ੀ ਹੋਈ ਪਈ ਸੀ।

ਸਾਰੇ ਪਿੰਡ ਵਿਚ ਬੱਗੇ ਦੀ ਮੌਤ ਦੀ ਚਰਚਾ ਸੀ।

ਪਿੰਡ ਵਿਚ ਕਹਿਰਾਂ ਦੀ ਮੌਤ ਹੋਈ ਸੀ।

ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ।

–“ਸੁਣਿਐਂ ਚਿੱਟਾ ਖਾਂਦਾ ਸੀ ਪਤੰਦਰ..!”

–“ਨਸ਼ੇ ’ਚ ਬੌਰਾ ਹੋਇਆ ਬੋਰ ’ਚ ਜਾ ਡਿੱਗਿਆ ਤੇ ਮਣਕਾ ਟੁੱਟ ਗਿਆ..!”

–“ਪਰ ਯਾਰ ਉਹ ਨਸ਼ੇ ਨੂੰ ਹੱਥ ਤੱਕ ਨੀ ਸੀ ਲਾਉਂਦਾ, ਇੱਕ ਦਮ ਪਤਾ ਨੀ ਕਿਉਂ ਹਲ਼ਕਿਆਂ ਮਾਂਗੂੰ ਖਾਣ ਲੱਗ ਪਿਆ..?”

–“ਕੋਈ ਕਾਰਨ ਤਾਂ ਹੋਊ..?”

–“ਕਿਤੇ ਆਸ਼ਕੀ ਮਾਸ਼ੂਕੀ ’ਚ ਤਾਂ ਨੀ ਪੈਰ ਧਰਨ ਲੱਗ ਪਿਆ ਸੀ..?”

–“ਜੇ ਮੂੰਹ ਚੰਗਾ ਨੀ, ਗੱਲ ਤਾਂ ਚੰਗੀ ਕਰ ਲਿਆ ਕਰ..!”

–“ਐਹੋ ਜਿਆ ਲੱਗਦਾ ਨੀ ਸੀ ਯਾਰ..!”

–“ਦੁੱਧ ਤੇ ਬੁੱਧ ਫ਼ਟਦੀ ਦਾ ਕਿਤੇ ਪਤਾ ਲੱਗਦੈ..?”

–“ਜਦੋਂ ਨਹੀਂ ਖਾਂਦਾ ਸੀ, ਤਾਂ ਹੱਥ ਨੀ ਸੀ ਲਾਉਂਦਾ, ਪਰ ਜਦੋਂ ਸ਼ੁਰੂ ਹੋਇਆ, ਪਤੰਦਰ ਨੇ ਤਹਿ ਈ ਤੋੜਤੀ..!”

–“ਕਸਰ ਈ ਕੋਈ ਨੀ ਛੱਡੀ...!”

–“ਪਰ ਯਾਰ ਤਾਈ ਦਾ ਬੁੜ੍ਹਾਪਾ ਰੋਲ਼ ਗਿਆ..!”

–“ਉਹ ਤਾਂ ਅੱਗੇ ਈ ਦੁਖੀ ਸੀ ਬਚਾਰੀ..!”

–“ਰੱਬ ਵੀ ਦੁਖੀ ਬੰਦਿਆਂ ਦੇ ਈ ਬਦਲੇ ਲੈਂਦੈ..!”

–“ਪਹਿਲਾਂ ਦੇਖ ਲੈ ਤਾਇਆ ਚਾਣਚੱਕ ਤੁਰ ਗਿਆ, ਤੇ ਹੁਣ ਬੱਗਾ..!”

–“ਤਾਈ ਤਾਂ ਰੋਂਦੀ ਧਾਹ ਨੀ ਧਰਦੀ ਵਿਚਾਰੀ..!”

–“ਕੀ ਦੋਸ਼ ਐ ਬਚਾਰੀ ਨੂੰ..!”

–“ਘਰ ਦਾ ਚਿਰਾਗ ਬੁਝ ਗਿਆ..!”

–“ਚੱਲੋ ਸਸਕਾਰ ਦਾ ਢਾਨਸ ਤਾਂ ਕਰੀਏ..!”

–“ਆਹੋ ਯਾਰ...! ਆਪਣੇ ਬਿਨਾ ਬਚਾਰੀ ਤਾਈ ਦਾ ਹੈ ਵੀ ਕੌਣ..?”

–“ਚਲੋ...!”

ਪਿੰਡ ਦੇ ਸਤਿਯੁਗੀ ਲੋਕ ਹਰ ਕੌਰ ਦੇ ਘਰ ਨੂੰ ਤੁਰ ਪਏ।

ਹਰ ਕੌਰ ਦੇ ਘਰ ’ਤੇ ਕਹਿਰ ਵਰ੍ਹਿਆ ਹੋਇਆ ਸੀ।

ਬਨੇਰਿਆਂ ’ਤੇ ਜੁਆਨ ਪੁੱਤ ਦੀ ਮੌਤ ਕੂਕਦੀ ਸੀ।

ਹਰ ਕੌਰ ਬੱਗੇ ਦੀ ਲਾਸ਼ ਦੇ ਸਿਰਹਾਣੇਂ ਬੈਠ ਕੇ ਰੋਂਦੀ ਬਿਲਕਦੀ ਰਹੀ। ਅਗਲੇ ਦਿਨ ਜਦ ਬੱਗੇ ਦੀ ਲਾਸ਼ ਨੂੰ ਅਗਨੀ ਦਿਖਾਈ ਤਾਂ ਬੱਗੇ ਦੀ ਮਾਂ ਹਰ ਕੌਰ ਲਈ ਦੇਖਣਾ ਅਸਹਿ ਹੋ ਗਿਆ ਅਤੇ ਉਹ “ਦਾਅੜ” ਕਰਦੀ ਧਰਤੀ ’ਤੇ ਡਿੱਗ ਪਈ। ਬੇਬੇ ਪੂਰੀ ਹੋ ਗਈ ਸੀ। ‘ਕੱਲੇ-‘ਕੱਲੇ ਪੁੱਤ ਦਾ ਵਿਛੋੜਾ ਨਾ ਸਹਾਰਦੀ ਹੋਈ ਪੁੱਤਰ ਵਾਲ਼ੇ ਮਾਰਗ ਹੀ ਤੁਰ ਗਈ ਸੀ।

ਗੁਰਮੀਤ ਅਤੇ ਸ਼ੇਰ ਸਿੰਘ ਗੀਤ ਦੀ ਅਬੌਰਸ਼ਨ ਬਾਰੇ ਜਾ ਰਹੇ ਸਨ ਕਿ ਰਸਤੇ ਵਿਚ ਉਨ੍ਹਾਂ ਨੂੰ ਫ਼ੋਨ ਆ ਗਿਆ। ਫ਼ੋਨ ਗੁਰਮੀਤ ਨੇ ਹੀ ਚੁੱਕਿਆ। ਮੋਗੇ ਤੋਂ ਦੀਪ ਦਾ ਫ਼ੋਨ ਸੀ। ਹੁਣ ਗੁਰਮੀਤ ਨੂੰ ਫ਼ੋਨ ਤੋਂ ਡਰ ਲੱਗਣ ਲੱਗ ਪਿਆ ਸੀ। ਜਦ ਵੀ ਫ਼ੋਨ ਦੀ ਘੰਟੀ ਖੜਕਦੀ, ਉਸ ਦਾ ਤਰਾਹ ਨਿਕਲ਼ ਜਾਂਦਾ ਸੀ।

–“ਗੁਰਮੀਤ ਭੈਣ ਜੀ ਸਾਸਰੀਕਾਲ..!”

–“ਸਾਸਰੀਕਾਲ ਦੀਪ..?”

–“ਬੱਗੇ ਦਾ ਸਸਕਾਰ ਕਰ’ਤਾ..?”

–“ਆਪਣੇ ਦੁੱਖ ਬਹੁਤ ਵੱਡੇ ਐ ਗੁਰਮੀਤ, ਮਾਸੀ ਹਰ ਕੁਰ ਵੀ ਸਵਰਗ ਸਿਧਾਰ’ਗੀ..!” ਸੁਣ ਕੇ ਗੁਰਮੀਤ ਓਥੇ ਹੀ ਲੁੜਕ ਗਈ। ਸ਼ੇਰ ਸਿੰਘ ਨੇ ਗੱਡੀ ਰੋਕ ਕੇ ਉਸ ਨੂੰ ਸੰਭਾਲ਼ਿਆ। ਪਾਣੀਂ ਪਿਆਇਆ।

–“ਮੇਰੀ ਅੰਮੜੀ ਵਰਗੀ ਚਾਚੀ ਦਾ ਘਰ ਮੂਧਾ ਵੱਜ ਗਿਆ...! ਪਹਿਲਾਂ ਚਾਚਾ ਜੀ, ਫ਼ੇਰ ਬੱਗਾ, ਤੇ ਹੁਣ ਚਾਚੀ...! ਹਾਏ ਵੇ ਰੱਬਾ..!”

–“..............।” ਸ਼ੇਰ ਸਿੰਘ ਅਥਾਹ ਦੁਖੀ ਹੋਇਆ ਬੈਠਾ ਸੀ।

–“ਤੂੰ ਮੈਨੂੰ ਜਾਂਦੀ ਹੋਈ ਦਰਸ਼ਣ ਵੀ ਨਾ ਦੇ ਕੇ ਗਈ ਨੀ ਚਾਚੀਏ..!” ਕਹਿੰਦੀ ਉਹ ਮੁੜ ਲੁੜਕ ਗਈ। ਚਾਚੀ ਉਸ ਨੂੰ ਮਾਂ ਵਰਗੀ ਹੀ ਤਾਂ ਲੱਗਦੀ ਸੀ। ਚਾਚੀ ਲੱਖ ਜ਼ਮੀਨ ਕਰ ਕੇ ਲਾਲਚ ਕਰਦੀ ਸੀ, ਪਰ ਗੁਰਮੀਤ ਨੂੰ ਨਾ ਤਾਂ ਇਸ ਬਾਰੇ ਕੁਝ ਪਤਾ ਸੀ, ਅਤੇ ਨਾ ਹੀ ਉਸ ਦੇ ਮਨ ਵਿਚ ਕੋਈ ਨਾਂਹ-ਪੱਖੀ ਗੱਲ ਸੀ। ਉਹ ਤਾਂ ਚਾਚੀ ਨੂੰ ਆਪਣੀ ਮਾਂ ਤੋਂ ਵੱਧ ਮੋਹ ਕਰਦੀ ਸੀ।

ਸ਼ੇਰ ਸਿੰਘ ਨੇ ਗੱਡੀ ਗੀਤ ਦੇ ਡਾਕਟਰ ਵੱਲ ਲਿਜਾਣ ਦੀ ਵਜਾਏ ਹਸਪਤਾਲ਼ ਨੂੰ ਸਿੱਧੀ ਕਰ ਦਿੱਤੀ।

# ਦਿਮਾਗੀ ਕੈਂਸਰ (ਗਲਾਈਓਬਲਾਸਟੋਮਾ) ਦਾ ਵੱਧਿਆ ਅੰਕੜਾ

*"ਵਿਸ਼ਵ ਗਲਾਈਓਬਲਾਸਟੋਮਾ ਜਾਗਰੂਕਤਾ ਦਿਵਸ 17 ਜੁਲਾਈ, 2024 ਦੇ ਮੌਕੇ 'ਤੇ ਹਰ ਪੱਧਰ 'ਤੇ ਦਿਮਾਗ ਦੇ ਕੈਂਸਰ ਦੀ ਆਮ ਗੁੰਝਲਦਾਰ, ਇਲਾਜ਼-ਰੋਧਕ ਤੇ ਘਾਤਕ ਕਿਸਮ ਦੇ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਗਲਾਈਓਬਲਾਸਟੋਮਾ ਯਾਨੀ ਦਿਮਾਗੀ ਕੈਂਸਰ ਬਾਲਗਾਂ ਵਿਚ ਖਤਰਨਾਕ ਕਿਸਮ ਦਾ ਬ੍ਰੇਨ-ਟਿਊਮਰ ਹੈ, ਜੋ ਅਟੈਕ ਤੋਂ ਬਾਅਦ ਤੇਜ਼ੀ ਨਾਲ ਵੱਧਣ ਨਾਲ ਫੈਲ ਵੀ ਸਕਦਾ ਹੈ। 65 ਤੋਂ 74 ਸਾਲ ਦੀ ਉਮਰ 'ਚ ਸੰਭਾਵਨਾ ਵੱਧ ਜਾਂਦੀ ਹੈ। ਕਈ ਰੋਗੀਆਂ ਦਾ ਦਿਮਾਗੀ ਕੈਂਸਰ ਦੀ ਕੋਈ ਫੈਮਿਲੀ ਹਿਸਟਰੀ ਵੀ ਨਹੀਂ ਹੁੰਦੀ। ਵਿਸ਼ਵ ਪੱਧਰ 'ਤੇ ਇਹ ਚਿੰਤਾ ਵੱਧ ਗਈ ਹੈ"- ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਗਲਾਈਓਬਲਾਸਟੋਮਾਸ ਦਿਮਾਗ 'ਤੇ ਪ੍ਰੈਸ਼ਰ ਬਣਾਉਣ ਤੋਂ ਬਾਅਦ ਘਬਰਾਹਟ, ਮਤਲੀ-ਉਲਟੀਆਂ, ਸਵੇਰ ਦੇ ਸਮੇਂ ਤੇਜ਼ ਸਿਰ-ਦਰਦ ਦੇ ਐਪੀਸੋਡ, ਸਰੀਰ ਅੰਦਰ ਹਮੇਸ਼ਾ ਕਮਜ਼ੋਰੀ ਮਹਿਸੂਸ ਕਰਨਾ, ਧੁੰਦਲਾ ਦਿੱਸਣਾ, ਤੁਰਨ-ਫਿਰਨ ਸਮੇਂ ਸਰੀਰ ਦੇ ਸੰਤੁਲਨ ਵਿਚ ਗੜਬੜੀ ਅਤੇ ਯਾਦਾਸ਼ਤ ਵੀ ਘੱਟ ਸਕਦੀ ਹੈ। ਇਹ ਰੋਗ ਦਾ ਜ਼ਿਆਦਾ ਖਤਰਾ 45 ਤੋਂ 70 ਸਾਲ ਦੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਨਿਦਾਨ ਵੇਲੇ ਔਸਤ ਉਮਰ 64 ਸਾਲ ਦੇਖੀ ਗਈ ਹੈ, ਪਰ ਇਹ ਬਿਮਾਰੀ ਹਰ ਉਮਰ ਤੇ ਲਿੰਗ ਨੂੰ ਪ੍ਰਭਾਵਿਤ ਕਰਦੀ ਹੈ।

ਗਲਾਈਓਬਲਾਸਟੋਮਾ ਐਟ੍ਰਸਾਈਟੋਮਾ ਦੀ ਇੱਕ ਕਿਸਮ ਹੈ, ਇੱਕ ਕੈਂਸਰ ਜੋ ਦਿਮਾਗ ਵਿਚ ਤਾਰੇ ਦੇ ਆਕਾਰ ਦੇ ਸੈੱਲਾਂ ਤੋਂ ਬਣਦਾ ਹੈ, ਜਿਸਨੂੰ ਐਸਟ੍ਰਸਾਈਟਸ ਕਿਹਾ ਜਾਂਦਾ ਹੈ। ਬਾਲਗਾਂ 'ਚ ਇਹ ਕੈਂਸਰ ਆਮ ਤੌਰ 'ਤੇ ਦਿਮਾਗ ਦੇ ਸਭ ਤੋਂ ਵੱਡੇ ਹਿੱਸੇ, ਸੇਰੇਬ੍ਰਮ ਵਿਚ ਸ਼ੁਰੂ ਹੁੰਦਾ ਹੈ। ਗਲਾਈਓਬਲਾਸਟੋਮਾ ਟਿਊਮਰ ਆਪਣੀ ਖ਼ੂਨ ਦੀ ਸਪਲਾਈ ਬਣਾਉਂਦੇ ਹਨ, ਜੋ ਉਨ੍ਹਾਂ ਨੂੰ ਵੱਧਣ ਵਿਚ ਮਦਦ ਕਰਦਾ ਹੈ। ਉਨ੍ਹਾਂ ਲਈ ਦਿਮਾਗ ਦੇ ਆਮ ਟਿਸ਼ੂ ਉੱਤੇ ਅਟੈਕ ਕਰਨਾ ਆਸਾਨ ਹੁੰਦਾ ਹੈ।

ਪ੍ਰਾਇਮਰੀ ਕਿਸਮ ਦੇ ਗਲਿਓਬਲਾਸਟੋਮਾ 'ਚ ਇਸ ਕਿਸਮ ਦਾ ਟਿਊਮਰ ਅਟੈਕ ਕਰਕੇ ਤੇਜ਼ੀ ਨਾਲ ਵੱਧਦਾ ਹੈ। ਬਜ਼ੁਰਗਾਂ ਨੂੰ ਪ੍ਰਭਾਵਿਤ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਸੈਕੰਡਰੀ ਗਲਿਓਬਲਾਸਟੋਮਾ ਦੀ ਕਿਸਮ ਆਮ ਤੌਰ 'ਤੇ ਘੱਟ ਦਰਜੇ ਦੇ ਗਲੀਓਮਾ ਤੋਂ ਵਿਕਸਿਤ ਹੁੰਦੀ ਹੈ। ਇਹ ਕਿਸਮ ਰੀੜ੍ਹ ਦੀ ਹੱਡੀ ਜਾਂ ਦਿਮਾਗ 'ਚ ਦੇਖਣ ਨੂੰ ਮਿਲਦੀ ਹੈ। ਇਹ ਘੱਟ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਰਹਿੰਦੀ ਹੈ ਅਤੇ ਦਿਮਾਗ ਦੇ ਫਰੰਟਲ ਲੋਬ 'ਚ ਹੁੰਦਾ ਹੈ। ਇਸ ਕਿਸਮ ਲਈ ਬਚਣ ਦੀ ਦਰ ਪ੍ਰਾਇਮਰੀ ਗਲਿਓਬਲਾਸਟੋਮਾ ਨਾਲੋਂ ਬਿਹਤਰ ਹੁੰਦੀ ਹੈ।

- ਨਿਊਰੋਲੋਜੀਕਲ ਜਾਂਚ, ਦੌਰਾਣ ਦ੍ਰਿਸ਼ਟੀ, ਸੁਣਨ, ਸੰਤੁਲਨ, ਤਾਲਮੇਲ, ਤਾਕਤ ਅਤੇ ਪ੍ਰਤੀਬਿੰਬਾਂ ਦੀ ਜਾਂਚ ਕੀਤੀ ਜਾਂਦੀ ਹੈ। ਇੱਕ ਜਾਂ ਇੱਕ ਤੋਂ ਵੱਧ ਖੇਤਰਾਂ 'ਚ ਸਮੱਸਿਆਵਾਂ ਦਿਮਾਗ ਦੇ ਉਸ ਹਿੱਸੇ ਬਾਰੇ ਜਾਣਕਾਰੀ ਦੇ ਸਕਦੀਆਂ ਹਨ, ਜਿਸਨੂੰ ਗਲਾਈਓਬਲਾਸਟੋਮਾ ਪ੍ਰਭਾਵਿਤ ਕਰਦਾ ਹੈ।
- ਇਮੇਜਿੰਗ ਟੈਸਟ ਗਲਾਈਓਬਲਾਸਟੋਮਾ ਦੇ ਲੋਕੇਸ਼ਨ, ਸਾਈਜ਼ ਲੱਭਣ 'ਚ ਹੈਲਪ ਕਰ ਸਕਦੇ ਹਨ। ਐੱਮ.ਆਰ.ਆਈ. ਦੀ ਵਰਤੋਂ ਅਕਸਰ ਗਲਾਈਓਬਲਾਸਟੋਮਾ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ। ਇਮੇਜਿੰਗ ਟੈਸਟਾਂ ਵਿਚ ਸੀਟੀ ਅਤੇ ਪੋਜ਼ੀਟਰੋਨ ਐਮੀਸ਼ਨ ਟੋਮੋਗ੍ਰਾਫੀ ਵੀ ਮਦਦ ਕਰ ਸਕਦੀ ਹੈ।
- ਸਰਜ਼ਰੀ ਤੋਂ ਪਹਿਲਾਂ ਬਾਇਓਪਸੀ ਦੁਆਰਾ ਜਾਂਚ ਪ੍ਰਕ੍ਰੀਆ ਦੌਰਾਣ ਟਿਸ਼ੂ ਦਾ ਸੈਂਪਲ ਲਿਆ ਜਾਂਦਾ ਹੈ। ਨਮੂਨੇ ਦੀ ਜਾਂਚ ਦੌਰਾਣ ਦੇਖਿਆ ਜਾਂਦਾ ਹੈ ਕਿ ਕੈਂਸਰ ਵਾਲੇ ਸੈੱਲ ਗਲਾਈਓਬਲਾਸਟੋਮਾ ਦੇ ਹੀ ਹਨ?

ਕੈਂਸਰ ਸੈੱਲਾਂ ਦੇ ਖਾਸ ਟੈਸਟਾਂ ਦੀ ਰਿਪੋਰਟ, ਇਲਾਜ਼ ਲਈ ਮੈਡੀਕਲ ਟੀਮ ਦੀ ਹੈਲਪ ਕਰ ਸਕਦੀ ਹੈ। ਗਲਾਈਓਬਲਾਸਟੋਮਾ ਨੂੰ ਹਟਾਉਣ ਲਈ ਨਿਊਰੋਸਰਜਨ ਕੰਮ ਕਰ ਰਹੇ ਹਨ। ਗਲਾਈਓਬਲਾਸਟੋਮਾ ਅਕਸਰ ਤੰਦਰੁਸਤ ਦਿਮਾਗ ਦੇ ਟਿਸ਼ੂ ਵਿਚ ਵੱਧਦਾ ਹੈ, ਇਸ ਲਈ ਕੈਂਸਰ ਦੇ ਸਾਰੇ ਸੈੱਲਾਂ ਨੂੰ ਰੀਮੂਵ ਕਰਨਾ ਔਖਾ ਵੀ ਹੋ ਜਾਂਦਾ ਹੈ।


ਰੇਡੀਏਸ਼ਨ ਥੈਰੇਪੀ ਕੈਂਸਰ ਸੈੱਲਾਂ ਨੂੰ ਮਾਰਨ ਲਈ ਸ਼ਕਤੀਸ਼ਾਲੀ ਊਰਜਾ ਬੀਮ ਦੀ ਵਰਤੋਂ ਕਰਦੀ ਹੈ। ਊਰਜਾ ਐਕਸ-ਰੇ ਅਤੇ ਪ੍ਰੋਟੋਨ ਵਰਗੇ ਸਾਧਨਾਂ ਆ ਸਕਦੀ ਹੈ। ਰੇਡੀਏਸ਼ਨ ਥੈਰੇਪੀ ਆਮ ਤੌਰ 'ਤੇ ਸਰਜਰੀ ਤੋਂ ਬਾਅਦ ਕੀਤੀ ਜਾਂਦੀ ਹੈ। ਇਸਨੂੰ ਕੀਮੋਥੈਰੇਪੀ ਨਾਲ ਵੀ ਜੋੜਿਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਲਈ ਜੋ ਸਰਜਰੀ ਨਹੀਂ ਕਰਵਾ ਸਕਦੇ, ਰੇਡੀਏਸ਼ਨ ਥੈਰੇਪੀ ਅਤੇ ਕੀਮੋਥੈਰੇਪੀ ਮੁੱਖ ਇਲਾਜ ਹੋ ਸਕਦਾ ਹੈ।

ਟੀ.ਟੀ.ਐੱਫ. ਥੈਰੇਪੀ ਦੌਰਾਣ ਸੈੱਲਾਂ ਦੀ ਗੁਣਾਂ ਕਰਨ ਦੀ ਸਮਰਥਾ ਨੂੰ ਵਿਗਾੜਨ ਲਈ ਇੱਕ ਬਿਜਲਈ ਖੇਤਰ ਦੀ ਵਰਤੋਂ ਕਰਦਾ ਹੈ। ਟੀ.ਟੀ.ਐੱਫ. ਵਿਚ ਖੋਪੜੀ 'ਤੇ ਸਟਿੱਕੀ ਪੈਡ ਲਗਾ ਕੇ ਪੋਰਟੇਬਲ ਡਿਵਾਈਸ ਨਾਲ ਜੋੜਿਆ ਜਾਂਦਾ ਹੈ, ਜੋ ਇੱਕ ਇਲੈਕਟਰੀਕਲ ਫੀਲਡ ਬਣਾਉਂਦਾ ਹੈ। ਟੀ.ਟੀ.ਐੱਫ. ਕੀਮੋਥਰੈਪੀ ਨਾਲ ਕੰਮ ਕਰਦਾ ਹੈ।

ਟਾਰਗੈਟਿਡ ਥੈਰੇਪੀ 'ਚ ਦਵਾਈਆਂ ਦੁਆਰਾ ਕੈਂਸਰ ਦੇ ਸੈੱਲਾਂ ਵਿਚ ਖਾਸ ਰਸਾਇਣਾਂ 'ਤੇ ਅਟੈਕ ਕਰਕੇ ਕੈਂਸਰ ਸੈੱਲਾਂ ਨੂੰ ਖਤਮ ਕਰਨ ਦਾ ਕਾਰਨ ਵੀ ਬਣ ਸਕਦਾ ਹੈ।

ਪੈਲੇਟਿਵ ਕੇਅਰ, ਦਰਦ 'ਤੇ ਗੰਭੀਰ ਬਿਮਾਰੀ ਦੇ ਲੱਛਣਾਂ ਤੋਂ ਰਾਹਤ ਪਾਉਣ ਲਈ ਕੀਤੀ ਜਾਂਦੀ ਹੈ।

ਨੋਟ: ਕਿਸੇ ਵੀ ਕਿਸਮ ਦੇ ਸਿਰ ਦਰਦ ਦੀ ਹਾਲਤ ਨੂੰ ਅਣਦੇਖਾ ਕਰਨਾ, ਵੱਡੇ ਖਤਰੇ ਨੂੰ ਸੱਦਾ ਦੇਣ ਵਾਲੀ ਗੱਲ ਸਾਬਿਤ ਹੋ ਸਕਦੀ ਹੈ। ਰੋਗ ਦਾ ਲੱਛਣ ਲਗਾਤਾਰ ਰਹਿਣ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।




## ਸਾਵਣ ਦੇ ਰੰਗ

ਪੌਣ ਦੇ ਉਡਨ ਖਟੋਲੇ ਚੜ੍ਹਕੇ, ਪਵੇ ਘਟਾ ਘਨਘੋਰ,
ਪੱਛਮ ਦੀ ਕੁੱਖ ਵਿਚੋਂ ਗੜ੍ਹਕੇ, ਲਿਸ਼ਕੇ ਪਾਉਂਦੀ ਸ਼ੋਰ।
ਉੱਡਦੇ ਬਗਲੇ ਬੰਨ੍ਹ ਕਤਾਰਾਂ, ਚੰਨ ਜਿਉਂ ਤੱਕ ਚਕੋਰ,
ਅੱਖ ਝਪਕਦੇ ਚੋਵਣ ਧਾਰਾਂ, ਬਰਸਦਾ ਜ਼ੋਰ-ਓ-ਜ਼ੋਰ।

ਸਾਵਣ ਵਰ੍ਹੇ ਰੁਣ ਝੁਣ ਲਾਈ, ਬਾਗੀਂ ਖਿੜ੍ਹਨ ਬਹਾਰਾਂ,
ਪੈਲਾਂ ਪਾਂਦੇ ਮੋਰ ਵਜਦ ਵਿਚ, ਦਿਲ ਦੇ ਜੋੜਨ ਤਾਰਾਂ।
ਕਾਲੀ ਬੱਦਲੀ ਚੜ੍ਹਕੇ ਆਈ, ਲੱਗੀਆਂ ਪੈਣ ਫੁਹਾਰਾਂ,
ਸੱਜਣਾਂ ਦਿਨ ਮਿਲਾਪਾਂ ਵਾਲੇ, ਇਕੱਲੇ ਕਿੰਝ ਗੁਜ਼ਾਰਾਂ।

ਡੱਡੂ ਟਰੈਂ ਟਰੈਂ ਗਾਉਣ ਚੁਫ਼ੇਰੇ, ਰੌਣਕ ਖੂਬ ਹੈ ਲਾਈ,
ਸੁੱਕੇ ਬੰਜਰ ਜੋ ਧੁੱਪ ਦੇ ਮਾਰੇ, ਆਣ ਪਿਆਸ ਬੁਝਾਈ।
ਮੱਛਰ ਹੋਰਾਂ ਹਥਿਆਰ ਚੁੱਕੇ, ਭੀਂ ਭੀਂ ਪਾਉਣ ਦੁਹਾਈ,
ਪਿੰਡ ਤੀਆਂ ਦੇ ਪੈਣ ਪਟਾਕੇ, ਅੰਬਰੀਂ ਪੀਂਘ ਚੜ੍ਹਾਈ।

ਘਰ ਘਰ ਵਿਚ ਪੱਕਣ ਪੂੜੇ, ਉਡੇ ਖੀਰਾਂ ਦੀ ਖੁਸ਼ਬੋਅ,
ਪੇਕੇ ਤੀਆਂ ਕੱਟਣ ਆਈਆਂ, ਗਿੱਧਾ ਸੀਨੇ ਪਾਵੇ ਖੋਅ।
ਰਲਕੇ ਸਈਆਂ ਗੀਤ ਗਾਏ, ਮੁੱਕੀ ਦੁੱਖਾਂ ਦੀ ਕਨਸੋਅ,
ਗਿੱਲੀ ਮਿੱਟੀ ਮਹਿਕਾਂ ਵੰਡੇ, ਬਨਸਪਤੀ ਗਈ ਹੈ ਧੋਅ।

ਛੰਮ ਛੰਮ ਵਰਸੇ ਜੀਅ ਤਰਸੇ, ਰੂਹ ਬਿਰਹਣ ਵੈਰਾਗੀ,
ਮਨ ਕੁਰਲਾਉਂਦੈ ਨੈਣਾਂ ਵਰਸੇ, ਵਿੱਚ ਡੁੱਬੀ ਮੈਂ ਅਭਾਗੀ।
ਤਨ ਜਲੇ ਜਦੋਂ ਛੋਂਹਵਾਂ ਪਾਣੀ, ਲੋਰ ਸੀਨੇ ਵਿਚ ਜਾਗੀ,
ਚਾਹੇ ਕਲੋਲ ਕਰਾਂ ਤੇਰੇ ਸੰਗ, ਤਨ ਦੀ ਚਾਦਰ ਦਾਗ਼ੀ।

ਅੰਬਰ ਚੋਵੇ ਅੰਬੀਆਂ ਰਸੀਆਂ, ਪੱਕ'ਗੇ ਜਾਮੁਣ ਕਾਲੇ,
ਕਾਲੀ ਕੋਇਲ ਕੂਕਦੀ ਬਾਗ਼ੇ, ਛੇੜੇ ਗੀਤ ਬ੍ਰਿਹਾ ਵਾਲੇ।
ਉੱਤੋਂ ਨੈਣਾਂ ਲਾਈਆਂ ਝੜੀਆਂ, ਡੁੱਲ੍ਹਦੇ ਸਬਰ ਪਿਆਲੇ,
ਜੀਅ ਚਾਹੇ ਮੈਂ ਹੋ ਜਾਂ ਬਰਦੀ, ਆ ਮਰਦੀ ਨੂੰ ਸੰਭਾਲੇ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲUSA

## "ਆਇਆ ਸਾਵਣ"

ਸਾਲ ਬਾਅਦ ਫਿਰ ਆਇਆ ਸਾਵਣ।
ਤਿਉਹਾਰ ਵੀ ਨਾਲ ਲਿਆਇਆ ਸਾਵਣ।
ਬੱਦਲ ਗਰਜਣ ਬਿਜਲੀ ਲਿਸ਼ਕੇ
ਅੰਬਰ ਉੱਤੇ ਛਾਇਆ ਸਾਵਣ।

ਕੁੜੀਆਂ ਤਾਈਂ ਚਾਅ ਹੈ ਚੜ੍ਹਿਆ
ਸਭ ਦੇ ਮਨ ਨੂੰ ਭਾਇਆ ਸਾਵਣ
ਪੀਂਘਾਂ ਝੂਟਦੀਆਂ ਮੁਟਿਆਰਾਂ
ਗਿੱਧਾ ਵੇਖ ਪਵਾਇਆ ਸਾਵਣ।

ਤੀਜ ਦੀਆਂ ਨੇ ਲੱਗੀਆਂ ਤੀਆਂ
ਮੇਲਾ ਖੂਬ ਲਗਾਇਆ ਸਾਵਣ।
ਵੀਰ ਸੰਧਾਰੇ ਲੈਕੇ ਆਉਂਦੇ
ਭੈਣਾਂ ਤਾਈਂ ਮਿਲਾਇਆ ਸਾਵਣ।

ਵੀਰ ਦੇ ਭੈਣਾਂ ਰੱਖੜੀ ਬੰਨ੍ਹਣ
ਵੇਖ-ਵੇਖ ਮੁਸਕਰਾਇਆ ਸਾਵਣ।
ਧਰਤੀ ਖੁਸ਼ੀ 'ਚ ਹੋਈ ਖੀਵੀ
ਮੋਹਲੇ ਧਾਰ ਮੀਂਹ ਪਾਇਆ ਸਾਵਣ।

ਕੰਤ ਜਿਨ੍ਹਾਂ ਦੇ ਵਿਚ ਪ੍ਰਦੇਸੀਂ
ਬਿਰਹਾ ਗੀਤ ਗਵਾਇਆ ਸਾਵਣ।
"ਗਿੱਲ ਮਲਕੀਤ" ਸਵਾਗਤ ਕਰਦਾ
ਸੋਹਣਾ ਰੂਪ ਵਿਖਾਇਆ ਸਾਵਣ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲUSA

## ਗੀਤ

ਸਾਉਣ ਆ ਗਿਆ ਨੀ ਭੈੜਾ ਸਾਉਣ ਆ ਗਿਆ।
ਤਪਦੀ ਨੂੰ ਹੋਰ ਨੀਂ ਤਪਾਉਣ ਆ ਗਿਆ।
ਮਾਹੀ ਮੈਥੋਂ ਦੂਰ ਅਤੇ ਮੈਂ ਘਰੇ ਕੱਲੀ।
ਜਿੰਦ ਏਦਾਂ ਮੇਰੀ ਹੋਈ ਜਿਉਂ ਭੱਠੀ ਵਿਚ ਛੱਲੀ।
ਚਾਅ ਅਤੇ ਸਧਰਾਂ ਰੁਲਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਗਿਆ।
ਨਿੱਕੀ ਨਿੱਕੀ ਰਿਮਝਿਮ ਤਨ ਮਨ ਨੂੰ ਹੈ ਸਾੜੇ।
ਬਾਗ਼ੀ ਖਿੜ੍ਹ ਪਏ ਨੇ ਫੁੱਲ ਰੰਗ ਲਾਲ ਸੂਹੇ ਗਾੜੇ।
ਅੱਗ ਉਤੇ ਹੋਰ ਤੇਲ ਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਰਾਤ ਸਾਰੀ ਕੱਢਾਂ ਗਿਣਗਿਣ ਤਾਰੇ।
ਜ਼ਿੰਦ ਮੇਰੀ ਹੀ ਜਾਏਂ ਦਿਨ ਜਿੱਦਾਂ ਮੈਂ ਗੁਜ਼ਾਰੇ।
ਸਰਗੋਸ਼ੀਆਂ ਦੇ ਮਿੱਠੇ ਗੀਤ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾਂ ਸਾਉਣ ਆ ਗਿਆ।
ਤੀਆਂ ਵਿਚ ਜਦ ਗਈ ਮੈਨੂੰ ਕਹਿਣ ਸਖੀਆਂ।
ਤੇਰੇ ਚਿਹਰੇ ਦੇ ਉਤੇ ਰੌਣਕਾਂ ਨਾ ਤੱਕੀਆਂ।
ਨਿੱਕੇ-ਨਿੱਕੇ ਮੀਂਹ ਦੇ ਵਿਚ ਕੀ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਲੈ ਕੇ ਮੀਂਹ ਦੀ ਬੌਛਾਰ ਪਾਣੀ ਪਾਣੀ ਕਰ ਦਿੱਤਾ।
ਮੇਰੇ ਮਨ ਵਾਲਾ ਖੂਹ ਨੱਕੋ-ਨੱਕ ਭਰ ਦਿੱਤਾ।
ਕੱਖਾਂ ਵਿਚਲੀ ਚਿੰਗਾਰੀ ਨੂੰ ਛੁਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਆਇਆ ਮਾਹੀ ਦਾ ਸੁਨੇਹਾ ਚਾਅ ਅੰਬਰਾਂ ਨੂੰ ਲੱਗੇ।
ਹਾਏ, ਸੂਹੇ ਸੂਹੇ ਫੁੱਲ ਮੇਰੇ ਜੂੜੇ ਵਿਚ ਫੱਬੇ।
ਮਨ ਬਾਲਮ ਦਾ ਹੋਰ ਵੀ ਲੁਭਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

-ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ ਪੰਜਾਬ
ਵਟਸਐਪ : 98156-25409



ਪੰਜਾਬ ਮੇਲUSA


REALTYONEGROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com